ਜਾਬਤਾ ਰਜਿਸਟਰੀਕਰਾਈ ਗਈ ।

੨੯੫੭ ਸਾਂਦਨ ੨੪ ਸਨਿਸੁਰਵਰ

ਟਸਤ੍ਰੀਸੁਧਾਰ

56953

ਚ ਵੇਦਾਦਿ ਸਤਜ ਸ਼ਾਸਤ੍ਰ ਅਨੁਸਾਰ ਗਰਿਸਤ ਆਸ਼੍ਰਮ ਦੇ
ਾਂਦੀ ਵਿਆਖਿਆ ਹੈ ਜਿਨ੍ਹਾਂ ਤੇ ਪੜ੍ਹਨ ਨਾਲ ਸਾਰੀਰਿਕ
ਸਾਮਾਜਿਕ ਤੇ ਆਤਮਿਕ ਉਨੱਤੀ ਅਰਥਾਤ ਧਰਮ
ਅਰਥ ਕਾਮ ਸੋਖ ਦੀ ਪਰਾਪਤੀ ਹੁੰਦੀ ਹੈ ।

1272

ਜਿਸ ਨੂੰ

ਇੱਕ ਭਾਟੀਆ ਚਿਚੜਾ ਵਸਕੀਤ ਜਾਮਕੀ
ਸੀਮੀਆਂ ਜਿਲਾ ਸਿਆਲਕੋਟ
ਮੇਮ ਵਾਂਙਨ
ਦੇਖਦਾ ਹਾਂ ਕੇ ਨੇ

ਵਾਸਤ ਸੁਧਾਰ ਕਨਿਆਂ ਭਾਰਥ ਵਰਖ ਦੇ ਰਚਿਆ ਹੈ
ਤੇ ਹੱਕ ਕਾਪੀ ਰਾਈਟ

ਭਾਈ ਦੈਆਸਿੰਘ ਕਿਤਾਬਾਂ ਵੇਚਨਵਾਲਾ ਲੋਹਾਰੀ
ਦਰਵਾਜੇ ਵਾਲੇ ਨੂੰ ਦੇਕੇ ਤੇ ਛਪਵਾਇਆ ਹੈ

ਸੰ ੦੧੯੫੬ ਸਨ ੧੮੯੯

ਪੰਜਾਬ ਏਕੋਨਾਮੀਕਲ ਪ੍ਰੇਸ ਨਈ ਅਨਾਰਕਲੀ ਲਾਹੌਰ ਮੇਂ
ਪ੍ਰਿੰਟਰ ਲਾਲਾ ਲਾਲਮਨ ਕੇ ਅਧਿਕਾਰ ਸੇ
ਛਪਵਾਈ ।

ਪੈਹਲੀ ਵਾਰ ੧੦੦੦ ਮੁੱਲ ॥)

ੴ ਸਤਿਗੁਰੂ ਪ੍ਰਸਾਦਿ।

ਭੂਮਿਕਾ

॥ ਅਸਲ ਮਤਲਬ ਪੁਸਤਕ ਰਚਨੇ ਕਾ ॥

ਇਕ ਦਿਨ ਸਵੇਰੇ ਅੱਠ ਬਜੇ ਦੇ ਵੇਲੇ ਮੈਂ ਅੱਛੇ ਹਮੇਮ ਵਾਂਛਨ ਨਦੀ ਦੇ ਕਨਾਰੇ ਹਵਾ ਖਾਨ ਨੂੰ ਗਿਆ। ਕੀਹ ਦੇਖਦਾ ਹਾਂ ਕੇ ਇਕ ਮੁੰਡਾ ਕੋਈ ਪੰਜੀਆਂ ਵਰਿਆਂ ਦਾ, ਇਕ ਬੁਡੀ ਪੰਜਾਹ ਵਰਿਆਂ ਦੀ ਤੇ ਇਕ ਕੁੜੀ ੧੮ ਅਠਾਰਾਂ ਵਰਿਆਂ ਦੀ ਆਪਸ ਵਿਚ ਪੈ ਗੱਲਾਂ ਕਰਦੇ ਹਨ। ਉਨਹਾਂ ਦੇ ਕਪੜੇ ਖ਼ਰਾਬ ਮੈਲੇ ਪਾਟੇ ਹੋਏ ਤੇ ਰੰਗ ਰੂਪ ਅੱਛਾ ਦੇਖ ਕਰ ਮੇਰਾ ਦਿਲ ਭੀ ਕਰ ਆਇਆ ਜੋ ਮੈਂ ਉਨ੍ਹਾਂ ਪਾਸੋਂ ਹਾਲ ਹਵਾਲ ਲਵਾਂ, ਅਪਨੇ ਦਿਲ ਵਿਚ ਏਹ ਸਲਾਹ ਕਰਕੇ ਮੈਂ ਅਗਾਂ ਉਨ੍ਹਾਂ ਦੀ ਤਰਫ ਗਿਆ। ਨੇੜੇ ਪਹੁੰਚ ਕੇ ਮੈਂ ਉਨ੍ਹਾਂ ਨੂੰ ਇਸ ਤਰਾਂ ਪੁਛਿਆ "ਕਿਉਂ ਜੀ! ਕਿਥੋਂ ਆਏ ਹੋ" ਮੁੰਡਾ ਤਾਂ ਸੁਨਦਿਆਂ ਹੀ ਉਸ ਬੁੱਢੀ ਵਲ ਦੇਖਨ ਲਗ ਪਿਆ ਤੇ ਲੜਕੀ ਨੇ ਪਿਠ ਫਿਰਾ ਲਈ ਔਰ ਬੁੱਢੀ ਨੇ ਮੇਰੀ ਤਰਫ ਧਿਆਨ ਕਰਕੇ ਕਹਿਆ ਮੱਲਾ ਕੀ ਪੁੱਛਨਾ ਹੈਂ। ਅਸੀਂ

ਆਏ ਹਾਂ ਉਜੜੇ ਪਿੰਡੋਂ ਤੇ ਜਾਂਗੇ ਔਤਰਿਆਂ ਦੇ ਪਿੰਡ। ਤੈਨੂੰ ਕੀਹ ਸਾਡੇ ਨਾਲ ਪੁਛਨ ਦੀ ਗਰਜ਼ ਹੈ। ਜਿਨਾਂ ਔਤਰਿਆਂ ਜੰਮਿਆਂ ਪਾਲਿਆ ਸਹੇੜਿਆ ਓਹ ਨਾ ਪੁੱਛਨ ਜੋਗੇ ਰਹੇ ਤਾਂ ਫੇਰ ਹੋਰ ਕਿਸੇ ਨੂੰ ਕੀਹ ਦੱਸਨਾ ਹੋਇਆ, ਤੇ ਹੋਰ ਸੁਣਦਾ ਭੀ ਕੌਨ ਹਈ। ਏਹ ਗਲ ਸੁਨਕੇ ਮੈਂ ਸਮਝਿਆ ਜੋ ਇਨਾਂ ਦਾ ਕਿੱਸਾ ਭੀ ਬੜੀ ਹੈਰਾਨਗੀ ਵਾਲਾ ਹੈ। ਤੇ ਸੁਨਨਾ ਭੀ ਜ਼ਰੂਰ ਹੈ, ਇਸ ਵਾਸਤੇ ਮੈਂ ਉਨ੍ਹਾਂ ਨੂੰ ਪੁਛਿਆ ਕੇ ਅੰਨ ਪਾਣੀ ਦੀ ਸੁਨਾਓ ਖਾਨਾ ਹੈ ਕੇ ਖਾ ਬੈਠੇ ਹੋ, ਜਿਸਦੇ ਜੁਆਬ ਵਿਚ ਉਸ ਬੁੱਢੀ ਨੇ ਕਹਿਆ ਕੇ ਸਾਨੂੰ ਰੋਟੀ ਪਰਸੋਂ ਮਿਲੀ ਸੀ। ਕੱਲ ਨਿਰੇ ਤੂਤ ਹੀ ਰਾਹ ਵਿਚੋਂ ਖਾਦੇ ਹੈਨ, ਹੁਨ ਏਥੋਂ ਕੁਛ ਪੁੱਟ ਸੁਟ ਕੇ ਪੇਟ ਭਰਾਂਗੇ, ਏਹ ਗਲ ਸੁਨਦਿਆਂ ਹੀ ਈਸ਼ਰ ਨੇ ਮੇਰੇ ਦਿਲ ਨੂੰ ਪਰੇਰਿਆ, ਕੇ ਇਨਾਂ ਨੂੰ ਖਾਨੇ ਵਾਸਤੇ ਕੁਛ ਦਿਓ, ਮੈਂ ਹੱਥ ਜੋੜ ਕੇ ਬੁੱਢੀ ਨੂੰ ਆਖਿਆ ਕੇ ਹੱਛਾ ਚਲੋ ਰੋਟੀ ਟੁੱਕਰ ਤਾਂ ਖਾ ਲੌ ਫੇਰ ਜੇਹੜੀਆਂ ਗੱਲਾਂ ਸੋ ਗੱਲਾਂ। ਏਹ ਅਰਜ਼ ਮੇਰੀ ਮਨਜੂਰ ਹੋ ਗਈ। ਮੇਰੇ ਨਾਲ ਓਹ ਬੁੱਢੀ ਓਹ ਮੁੰਡਾ ਤੇ ਓਹ ਕੁੜੀ ਤਿੰਨੇ ਹੀ ਚਲ ਪਏ ਸਟੇਸ਼ਨ ਪੁਰ ਆਕੇ ਰੋਟੀ ਖੁਲਾਈ, ਰੋਟੀ ਖਾਕੇ ਓਹ ਤਿੰਨੋਂ ਹੀ ਸੌਂ ਗਏ, ਜਦ ਉੱਠੇ ਤਾਂ ਬੁੱਢੀ ਨੇ ਕਹਿਆ ਮੱਲਾ ਹੁਨ ਸਾਨੂੰ ਜਾਨੇ ਦੀ ਆਗਿਆ ਦਿਓ, ਮੈਂ ਪੁੱਛਿਆ ਕਿੱਥੇ ਜਾਨ ਦੀ ਮਰਜੀ ਤੁਹਾਡੀ ਹੈ, ਬੁੱਢੀ ਆਖਿਆ ਜਿੱਥੇ ਜਿੱਥੇ ਦਾਨਾ ਖਾਨਾ ਮਿਲੇਗਾ ਜਾਵਾਂਗੇ, ਇਸ ਗੱਲਦੇ ਸੁਨਦਿਆਂ ਮੈਂ ਕਹਿਆ

ਤਾਂ ਤੁਸੀਂ ਇੱਕ ਦੋ ਦਿਨ ਠਹਿਰੋ ਫੇਰ ਚਲੇ ਜਾਵਨਾ,ਪਹਿਲਾਂ ਤਾਂ ਬੁੱਢੀ ਕਹਿਆ ਫੇਰ ਭੀ ਜਾਨਾਂ ਹੀ ਹੈਨਾ ਫੇਰ ਪਿਛੋਂ ਰਾਜ਼ੀ ਹੋਕੇ ਕੈਹਨ ਲਗੀ ਹੱਛਾ ਬੱਚਾ ਤੇਰੀ ਮਰਜ਼ੀ ਜਦ ਰਾਤ ਹੋਈ ਫੇਰ ਰੋਟੀ ਟੁੱਕਰ ਖਾ ਕੇ ਜਦ ਸੌਨ ਵਾਸਤੇ ਤਿਆਰੀ ਕਰਨ ਲਗੇ ਤਾਂ ਫੇਰ ਮੈਂ ਪੁਛਿਆ ਕੇ ਮਾਈ ਅਪਨਾ ਹਾਲ ਤਾਂ ਦਸੋ ਕੇ ਕਿਸ ਤਰਾਂ ਏਹ ਮੁਸੀਬਤ ਤੁਹਾਨੂੰ ਪਈ,ਇਤਨੀ ਸੁਨਕੇ ਬੁੱਢੀ ਨੂੰ ਗਸ਼ ਆਗਿਆ, ਤੇ ਬੇਹੋਸ਼ ਹੋਕੇ ਜ਼ਮੀਨ ਤੇ ਗਿਰ ਪਈ, ਕੋਈ ਅੱਧਾ ਘੰਟਾ ਉਸਦੀ ਏਹੀ ਹਾਲਤ ਰਹੀ,ਫੇਰ ਹੋਸ਼ ਵਿੱਚ ਆਈ ਤਾਂ ਮੈਨੂੰ ਕੈਹਨ ਲਗੀ ਮੱਲਾ ਮੇਰੀ ਕਹਾਨੀ ਸੁਨਕੇ ਕੀ ਕਰੇਂਗਾ, ਐਵੇਂ ਦਿਲ ਤੰਗ ਹੋਵੇਂਗਾ,ਇਸ ਗਲਨੂੰ ਢਕਿਆ ਹੀ ਰੈਂਹਿਨ ਦਿਓ, ਮੈਂ ਆਖਿਆ ਮਾਈ ਕੋਈ ਹਾਲ ਸੁਨਾਨਾ ਮਾੜੀ ਗੱਲ ਨਹੀਂ, ਖਬਰੇ ਕੁਛ ਤੈਨੂੰ ਹੀ ਫ਼ਾਇਦਾ ਹੋ ਜਾਵੇ, ਯਾਂ ਮੈਨੂੰ ਹੀ ਨਸੀਹਤ ਆਜਾਵੇ ਤਾਂ ਫੇਰ ਉਸ ਬੁੱਢੀ ਨੇ ਕਹਿਆ ਅੱਛਾ ਮੈਂ ਕਲ ਤੈਨੂੰ ਹਾਲ ਸੁਨਾਵਾਂਗੀ, ਜਦ ਉਸਨੇ ਸਾਰਾ ਹਾਲ ਮੈਨੂੰ ਸੁਨਾਇਆ ਮੈਨੂੰ ਐਸਾ ਮਾਲੂਮ ਹੋਇਆ ਕੇ ਮੈਂ ਅਪਨੀ ਦੇਹੀ ਵਿੱਚ ਨਹੀ, ਸਾਰੇ ਸੁਖ ਸੰਸਾਰੀ ਮੇਰੇ ਅੱਗੇ ਤੁੱਛ ਮਾਲੂਮ ਹੁੰਦੇ ਸੀ,ਦਿਲ ਵਿਚ ਏਹੀ ਖਿਆਲ ਆਇਆ ਕੇ ਅਪਨੇ ਭਾਈਆਂ ਤੇ ਭੈਨਾਂ ਨੂੰ ਏਹ ਕਹਾਨੀ ਜ਼ਰੂਰ ਛਪਵਾਕੇ ਵੰਡਨੀ ਚਾਹੀਏ, ਖਬਰੇ ਪਰਮੇਸ਼ੁਰ ਕੁਛ ਭਲਾ ਕਰੇ, ਇਸ ਵਾਸਤੇ ਮੈਂ ਇਸਨੂੰ ਅਪਨੀ ਪੰਜਾਬੀ ਪਿੰਡੋਚੀ ਬੋਲੀ ਵਿਚ ਤਿਆਰ ਕਰਕੇ ਛਪਵਾ

ਇਆ ਹੈ ਤੇ ਭਾਈ ਦੈਆਸਿੰਘ ਕੁਤਬ ਫਰੋਸ਼ ਨੂੰ ਹੱਕ ਕਾਪ ਦੇ ਕਰ ਉਮੇਦ ਕਰਨਾਂ ਹਾਂ ਜੋ ਸਭ ਭਾਈ ਤੇ ਭੈਨਾਂ ਜੋ ਗੁਰਮੁਖੀ ਪੜ੍ਹ ਸਕਨ ਇਸ ਨੂੰ ਜਰੂਰੀ ਪੜ੍ਹਨਾ। ਤੇ ਜਿਸ ਮਤਲਬ ਵਾਸਤੇ ਏਹ ਰਚਿਆ ਗਿਆ ਹੈ, ਉਸਦਾ ਉਪਾਉ ਕਰਨਾ, ਕਿਉਂ ਜੋ ਇਸ ਦੁਖ ਦੀ ਦਵਾਈਆਂ ਦਾ ਉਪਾਓ ਕਰਨਾ ਹਿੰਦੂ, ਆਰਿਆ, ਸਿੱਖ, ਸਿੰਘ ਜਾਤੀ ਦਾ ਧਰਮ ਹੈ।

ਬੂਟਾਮੱਲ ਸਟੇਸ਼ਨ ਮਾਸਟਰ,

ਨਾਰਥ ਵੇਸਟਰਨ ਰੇਲਵੇ।

ਸਭ ਭਾਈ ਭੈਨਾਂ ਭੁਲਚੁਕ ਬਖਸ਼ਨਾ।

ਜਰੂਰੀ ਅਰਜ਼

ਸਭ ਪੜ੍ਹਨ ਵਾਲਿਆਂ ਜੋਗ ਮਾਲੂਮ ਹੋਵੇ ਕੇ ਇਹ ਬੁਢੀ ਦੀ ਬੇਨਤੀ ਪਰ ਨਾਮ ਜਾਤ ਅਥਵਾ ਕੁਲ ਬਦਲ ਦਿੱਤੇ ਗਏ ਹੈਨ, ਕਿਉਂਕੇ ਖਾਨਦਾਨ ਦੀ ਬਦਨਾਮੀ ਹੁੰਦੀ ਹੈ॥

ੴ ਸਤਿਗੁਰੁ ਪ੍ਰਸਾਦਿ।

ਇਸਤਰੀਸੁਧਾਰ

ਬਿਆਨ ਬੁੱਢੀ ਦਾ

ਸੁਨ ਬੱਚਾ ਮੇਰਾ ਹਾਲ ਮੈਂ ਤੱਤੀ ਸੰਮਤ ੧੯੦੧ਵਿ੦ ਵਿਚ ਹੁਸ਼ਿਆਰਪੁਰ ਦੇ ਜ਼ਿਲੇ ਦੇ ੧ ਛੋਟੇ ਪਿੰਡ ਵਿੱਚ ਜੰਮੀ ਸਾਂ, ਮੇਰੇ ਮਾਂ ਪਿਓ ਜਾਤ ਦੇ ਖੱਤਰੀ ਸਨ ਤੇ ਅਛੇ ਰਿਜ਼ਕ ਵਾਲੇ ਆਦਮੀ ਸਨ, ਜਦ ਮੈਂ ੮ ਵਰਿਆਂ ਦੀ ਹੋਈ ਤਾਂ ਮੇਰੇ ਮਾਪਿਆਂ ਦਾ ਹੱਥ ਕੁਛ ਤੰਗ ਹੋ ਗਿਆ, ਉਨਾਂ ਨੇ ਏਹ ਸਲਾਹ ਕੀਤੀ ਕਿ ਹੁਨ ਅਸੀਂ ਇਸ ਪਿੰਡੋਂ ਟੁਰ ਜਾਈਏ, ਤੇ ਕਿਸੇ ਹੋਰ ਨੱਗਰ ਵਿਚ ਜਾ ਰਹੀਏ,ਕਿਉਂ ਜੋ ਏਥੇ ਸਾਡੀ ਇਜ਼ਤ ਅਬਰੂ ਬਨੀ ਹੋਈ ਸੀ, ਤੇ ਹੁਨ ਜਦ ਮੁੱਠ ਖੁੱਲ ਗਈ ਤਾਂ ਫੇਰ ਸਾਡਾ ਕਦਰ ਕਿਸੇ ਨੇ ਨਹੀ ਕਰਨਾ। ਤੇ ਨਾਂ ਅਸੀਂ ਕੋਈ ਮੇਹਨਤ ਮਜੂਰੀ ਏਥੇ ਕਰ ਸਕਾਂਗੇ। ਇਸ ਤਰਾਂ ਮਤਾ ਪਕਾ ਕੇ ਤਾਂ ਓਹ ਅਪਨੀ ਉਗਰਾਹੀ ਉਗਰਾਹਨ ਲਗੇ, ੧੯੧੦ ਹਾੜਦੀ ਸੁਗਰਾਂਦ ਵਾਲੇ ਦਿਣ ਤੀਰਥ ਦਾ ਬਹਾਨਾਂ ਕਰਕੇ ਪਿੰਡੋਂ ਨਿਕਲ ਪਏ ਤੇ ਰਾਹੁੰ ਸੈਹਰ ਡੇਰਾ ਜਾ ਕੀਤਾ, ਓਥੇ ੬ ਮਹੀਨੇ ਮੇਹਨਤ ਮਜੂਰੀ ਕੀਤੀ, ਪਰ

ਕੁਛ ਦਿਨ ਨਾ ਭਵੇਂ । ਓਥੋਂ ਵੀ ਇਕ ਦਿਨ ਕੂਚ ਕੀਤੋ ਨੇ ਤੇ ਜਲੰਧਰ ਸ਼ੈਹਿਰ ਆ ਬੈਠੇ ॥

ਹੁਸ਼ਿਆਰਪੁਰ ਦੇ ਅਲਾਕੇ ਦੇ ਆਦਮੀ ਜੇਹੜੇ ਮੇਰੇ ਪਿਤਾ ਨੂੰ ਜਾਨਦੇ ਪਛਾਨਦੇ ਸਨ,ਰੋਜ਼ ਰੋਜ਼ ਜੋ ਮਿਲਨ ਲਗੇ ਤਾਂ ਉਨਾਂ ਨੂੰ ਪਾਨੀ ਧਾਨੀ ਪੁਛਨ ਵਿਚ ਭੀ ਆਨਾ ਦੋ ਆਨੇ ਖਰਚ ਹੁੰਦੇ ਦੇਖ ਕਰ ਮੇਰੇ ਪਿਤਾ ਦਾ ਦਿਲ ਓਥੋਂ ਭੀ ਉਦਾਸ ਹੋ ਗਿਆ, ਮੁੱਦਾ ਗੱਲ ਦਾ ਇਸੇ ਤਰਾਂ ਦੋ ਚਾਰ ਜਗਾ ਹੋਰ ਫਿਰਕੇ ਤੇ ਕਿਧਰੇ ਪੱਕੇ ਪੈਰ ਨਾ ਲੱਗਦੇ ਦੇਖਕੇ ਪਿਤਾ ਜੀ ਮੇਰੀ ਮਾਤਾ ਨੂੰ ਤੇ ਮੈਨੂੰ ਸਰਾਂ ਵਿਚ ਸੁੱਤਾ ਛੱਡ ਕੇ ਟੁਰ ਗਏ, ਜਦ ਦਿਨ ਚੜਿਆ ਤੇ ਮਾਤਾ ਜੀ ਨੇ ਪਿਤਾ ਜੀ ਨੂੰ ਨਾ ਦੇਖਿਆ, ਤਾਂ ਵਿਚਾਰਨ ਲਗੀ ਕੇ ਅੱਗੇ ਕਦੀ ਐਡੀ ਸਵੇਰੇ ਝਾੜੇ ਦਿਸ਼ਾ ਨਹੀਂ ਜਾਂਦੇ, ਅੱਜ ਕਿੱਦਰ ਚਲੇ ਗਏ,ਫੇਰ ਆਪੇ ਹੀ ਕੈਹਨ ਲਗੀ ਕਿਧਰੇ ਸਾਡੇ ਖਾਨੇ ਦਾਨੇ ਵਾਸਤੇ ਗਏ ਹੋਨਗੇ ਜਦ ਤਰਕਾਲਾਂ ਵੇਲੇ ਤਕ ਨਾ ਆਏ ਤੇ ਨਾ ਹੀ ਕੁਛ ਖਾਧਾ ਪੱਕਾ । ਤਾਂ ਫੇਰ ਮਾਤਾ ਜੀ ਮੈਨੂੰ ਕਹਿਆ(ਰੁੱਕੋ)ਬੀਬੀ ਲਾਲਾ ਤੇਰਾ ਬਹੁਤ ਦੁਖੀ ਹੋਕੇ ਸਾਨੂੰ ਛੱਡ ਗਿਆ ਹੈ, ਹੁਣ ਮੁਇਆਂ ਤੇ ਮੁਇਆ ਨਹੀਂ ਜਾਂਦਾ, ਤੇ ਭੁਖਿਆਂ ਭੀ ਨਹੀਂ ਰਿਹਾ ਜਾਂਦਾ ਚੱਲ ਬੱਚੀ ਕਿਧਰੋਂ ਢਿਢ ਭਰੀਏ,ਮੈਂ ਤਾਂ ਅੰਞਾਨੀ ਸੀ,ਪਿਤਾ ਜੀ ਦੇ ਚਲੇ ਜਾਵਨ ਦਾ ਹਾਲ ਸੁਨਕੇ ਮੈਂ ਰੋਵਨ ਲਗੀ,ਮਾਤਾ ਜੀ ਭੀ ਮੇਰੇ ਵੱਲੋਂ ਦੇਖ ਕੇ ਬਹੁਤ ਰੋਈ,ਆਖਰ ਭੁੱਖਨੇ ਤੰਗ ਕੀਤਾ, ਤੇ ਸ਼ਹਿਰ ਵਲ ਉਠਕੇ ਟੁਰ ਪਈਆਂ, ਮੰਗਨ ਦੀ

ਅਟਕਲ ਨਾਸੀ ਤੇ ਗਲ ਖੁਲੇ ਮੂੰਹ ਕਦੀ ਕਿਸੇ ਨਾਲ ਕੀਤੀ ਨਹੀਂ ਸੀ,ਚਲਦਿਆਂ ਚਲਦਿਆਂ ਇਕ ਗਲੀ ਵਿੱਚ ਜਾ ਪਹੁੰਚੀਆਂ,ਓਥੋਂ ਓਚੇ ਕੋਈ ਜਨਾਨੀ ਮੰਨ ਪਕਾਕੇ ਤੇ ਵੰਡਦੀ ਪਈ ਸੀ, ਉਸਨੇ ਸਾਨੂੰ ਦੋ ਟੁਕੜੇ ਮੰਨਦੇ ਦਿੱਤੇ,ਜੋਹੜੇ ਅਸਾਂ ਓਥੇ ਖੜੇ ਖੜੇ ਹੀ ਖਾ ਲੀਤੇ, ਤੇ ਇਕ ਜੁਆਨ ਲੜਕੀ ਨਵੀਂ ਵਿਆਹੀ ਹੋਈ ਪਾਸ ਦੇ ਘਰ ਬੈਠੀ ਹੋਈ ਹੱਸ ਹੱਸ ਗੱਲਾਂ ਕਰ ਰਹੀ ਸੀ, ਉਸਨੂੰ ਮਾਤਾ ਜੀ ਨੇ ਆਖਿਆ ਬੀਬੀ ਸੁਹਾਗਨੇ ਕੋਈ ਪਾਨੀ ਘੁੱਟ ਪਿਲਾਵੇਂ ਤਾਂ ਪਰਮੇਸ਼ਰ ਤੈਂਨੂੰ ਉਸਦੇ ਬਦਲੇ ਸੋਹਨਾ ਪੁੱਤਰ ਦੇਵੇਗਾ, ਏਹ ਸੁਨਦਿਆਂ ਉਸ ਦਇਆਵਾਨ ਲੜਕੀ ਨੂੰ ਕੋਈ ਮਾਤਾ ਜੀ ਦੇ ਹਾਲ ਉਪਰ ਤਰਸ ਆਇਆ,ਤੇ ਕੈਹੋਸੂ ਬੇਬੇ ਜੀ ਆਉ ਬੈਠ ਜਾਓ, ਤੁਹਾਨੂੰ ਪਾਨੀ ਕਾਨੂੰ ਸਰਬਤ ਪਿਲਾਨੀ ਹਾਂ । ਮਾਤਾ ਜੀ ਨੇ ਕਹਿਆ ਬੱਚੀ ਪਾਨੀ ਦੀ ਹੀ ਆਸ਼ਾ ਹੈ, ਜੇਕਰ ਤੂੰ ਦਇਆਵਾਨ ਹੋਈ ਹੈਂ ਤਾਂ ਮੇਰੀ ਇਸ ਨਿਆਨੀ ਕੁੜੀ ਨੂੰ ਇਕ ਰੋਟੀ ਦੇਦੇ ਸਵੇਰ ਦੀ ਭੁੱਖੀ ਹੈ, ਏਹ ਗਲ ਸੁਨਕੇ ਉਸ ਬੀਬੀ ਦੀਆਂ ਅੱਥਰੂ ਭਰ ਆਈਆਂ ਤੇ ਕੈਹਨ ਲਗੀ ਬੇਬੇ ਜੀ ਸਦਕੇ ਕੀਤੀ ਮੈਂ ਇਸ ਤੇਰੀ ਧੀ ਥੋਂ ਰੋਟੀ ਪੱਕੀ ਹੋਈ ਤਾਂ ਇਸ ਵੇਲੇ ਕੋਈ ਨਹੀਂ ਕਿਉਂ ਜੋ ਸਾਡੀ ਸਾਰੇ ਟੱਬਰ ਦੀ ਰੋਟੀ ਮੇਰੀ ਫਫੇਸ ਦੇ ਘਰ ਹੈ, ਤੇ ਤੁਸੀਂ ਕਿਰਪਾ ਕਰਕੇ ਅੰਦਰ ਆਓ, ਆਟਾ ਗੁਨ ਕੇ ਰੋਟੀ ਪਕਾ ਲਵੋ, ਮੈਂ ਤੁਹਾਂ ਨੂੰ ਆਪ ਪਕਾ ਦੇਂਦੀ ਪਰ ਮੈਂ ਅੱਜ ਅੰਨ ਪਾਨੀ ਨਹੀਂ ਕਰਨਾਂ, ਇਸ ਵਾਸਤੇ ਤੁਸੀਂ ਆਪ

ਕਰਲੌ। ਮਾਤਾ ਜੀ ਨੈ ਮੇਰੇ ਵਾਸਤੇ ਮਨਜੂਰ ਕਰਕੇ ਅੰਦਰ ਨੂੰ ਕਦਮ ਰਖਿਆ,ਉਸ ਬੀਬੀ ਨੇ ਆਟਾ ਆਲੂ ਘਿਓ ਲੂਨ ਹਲਦੀ ਸਭ ਕੁਛ ਮਾਤਾਜੀ ਨੂੰ ਦੱਸਕੇ ਆਖਿਆ ਬੇਬੇਜੀ ਤੁਸੀਂ ਕਿਸੇ ਗਲ ਦੀ ਵਿਚਾਰ ਤੇ ਸ਼ਰਮ ਨਾ ਕਰਨੀ । ਖੁਲੇ ਦਿਲ ਨਾਲ ਸਭ ਕੁਛ ਅਪਨੀ ਮਰਜੀ ਦਾ ਬਣਾ ਲਵੋ, ਮੇਰੇ ਘਰ ਕੋਈ ਕਮੀ ਨਹੀਂ ਭਗਵਾਨ ਨੇ ਸਭਕੁਛ ਦਿੱਤਾ ਹੋਇਆ ਹੈ। ਮਾਤਾ ਜੀ ਤਾਂ ਰੋਟੀ ਬਨਾਨੇ ਲਗੀ, ਤੇ ਓਹ ਬੀਬੀ ਇਕ ਮੂਹੜੇ ਤੇ ਬੈਠਕੇ ਸਾਰਾ ਹਾਲ ਪੁੱਛਨ ਲਗੀ। ਮਾਤਾ ਜੀ ਨੇ ਸਾਰਾ ਹਾਲ ਬਿਆਨ ਕੀਤਾ ਉਸ ਬੀਬੀ ਦੀਆਂ ਫੇਰ ਅੱਥਰੂ ਵਗਨ ਲਗ ਪਈਆਂ, ਤੇ ਕੈਹਨ ਲਗੀ ਤੁਸੀਂ ਕਿਧਰੇ ਨਾ ਜਾਵੋ । ਮੇਰਾ ਸੁਆਮੀ ਰਾਤ ਜਿਸ ਵਕਤ ਆਵੇਗਾ ਮੈਂ ਉਸ ਅੱਗੇ ਤੁਹਾਡਾ ਜ਼ਿਕਰ ਕਰਾਂਗੀ, ਤੇ ਉਮੇਦ ਹੈ ਕੇ ਮੇਰੇ ਕੈਹਨ ਉਤੇ ਤੁਹਾਨੂੰ ਏਥੇ ਹੀ ਰਖ ਲੈਨਗੇ, ਤੁਸਾਂ ਰਸੋਈ ਕਰ ਦੇਨੀ ਕਰਨੀ। ਤੇ ਰੋਟੀ ਕਪੜਾ ਮੇਰੇ ਘਰ ਬਹੁਤ ਹੈ । ਏਹ ਸੁਨਕੇ ਮਾਤਾ ਜੀ ਨੇ ਕਹਿਆ ਬੀਬੀ ਰੁਕੋ ਜਦ ਜਬ ਤਕ ਤੇਰਾ ਲਾਲਾ ਨਹੀ ਆਂਵਦਾ ਏਥੇ ਤੇਰੀ ਭੈਨ ਪਾਸ ਹੀ ਰਹੀਏ, ਮੈਂ ਕੀ ਜਾਂਨਦੀ ਸਾਂ ਕੇ ਕਿਸ ਤਰਾਂ ਚੰਗਾ ਹੁੰਦਾ ਹੈ। ਮੈਂ ਅੱਗੋਂ ਆਖਿਆ ਅੱਛਾ ਅਮਾਂ ॥

ਰਾਤ ਜਿਸ ਵਕਤ ੧੦ ਵਜੇ ਤਾਂ ਉਸ ਦਾ ਸੁਆਮੀ ਘਰ ਆਇਆ ਉਸ ਬੀਬੀ ਨੇ ਰੋਜ ਦਿਹਾੜੀ ਵਾਂਙਨ ਉਠਕੇ ਦਰਵਾਜਾ ਖੋਲਿਆ ਤੇ ਅਪਨੇ ਸੁਆਮੀ ਨੂੰ ਹੱਥ ਜੋੜ ਕੇ

ਪਰਨਾਮ ਕੀਤਾ । ਜਦ ਅੰਦਰ ਆਕੇ ਓਹ ਬੈਠੇ ਤਾਂ ਉਸੀ ਬੀਬੀ ਤੇ ਉਸ ਦੇ ਸੁਆਮੀ ਵਿਚ ਏਹ ਗੱਲਾਂ ਹੋਨ ਲਗੀਆਂ ॥

(ਪਤਨੀ) ਸੁਆਮਿਨ ਅੱਜ ਡੇਰ ਨਾਲ ਆਏ ਹੋ, ਕੋਈ ਕਮ ਜਰੂਰੀ ਪੈ ਗਿਆ ਸੀ ।

(ਪਤੀ) ਪਿਆਰੀ ਮੈਂ ਦੁਕਾਨ ਤੋਂ ਤਾਂ ਸਤ ਬਜੇ ਹੀ ਆ ਗਿਆ ਸਾਂ, ਪਰ ਫੁਫੱੜ ਦੇ ਘਰ ਖਾਨੇ ਚਲਾ ਗਿਆ ਸਾ । ਉੱਥੇ ਗੱਲਾਂ ਸੁਨਦਿਆਂ੨ ਡੇਰ ਹੋਗਈ, ਫੁੱਫੀ ਜੀ ਆਖਨ ਲੱਗੀ ਇਥੇ ਹੀ ਸੌ ਰਹੋ, ਪਰ ਮੈਂ ਕਹਿਆ ਕੇ ਘਰ ਭੀ ਇਕੱਲਾ ਹੋਇਆ ਹੁਨ ਜਾਨਾਂ ਹਾਂ ॥

(ਪਤਨੀ) ਅੱਜ ਦਿਨ ਤਾਂ ਹੱਛਾ ਗੁਜ਼ਰ ਗਿਆ ਜੇ ਨਾ। (ਪਤੀ) ਪਿਆਰੀ ਦਿਨ ਹੱਛਾ ਕਿਉਂ ਨਾ ਲੰਘਦਾ। ਜਿਸ ਦਿਨ ਸਵੇਰੇ ਤੇਰੇ ਦਰਸ਼ਨ ਹੁੰਦੇ ਨੇ ਮੈਨੂੰ ਉਸੇ ਵੇਲੇ ਹੀ ਖੁਸ਼ੀ ਹੋ ਜਾਂਦੀ ਹੈ, ਜਿਸ ਦਿਨ ਤੇਰਾ ਦਰਸ਼ਨ ਨਾ ਹੋਵੇ ਉਸ ਦਿਨ ਅਵਸ਼ਜ ਤੰਗੀ ਰੈਹਿੰਦੀ ਹੈ ॥

(ਪਤਨੀ) ਸੁਆਮੀ ਜੀ ਏਹ ਸਭ ਆਪ ਕੀ ਕਿਰਪਾ ਹੈ ਜਦ ਤਕ ਮੇਰਾ ਬਰਤ ਤੁਹਾਡੇ ਪਰੇਮਦਾ ਤੋਲ ਪੂਰਾ ਰਖੇਗਾ ਤਦ ਤਕ ਮੈਨੂੰ ਕੋਈ ਚਿੰਤਾ ਕੋਈ ਦੁਖ ਕੋਈ ਦੁਸ਼ਮਨ ਦੁਖੀ ਨਹੀਂ ਕਰ ਸਕੇਗਾ। ਏਹ ਜੋ ਜਨਾਨੀਆਂ ਨਿਤ ਦਿਹਾੜੀ ਦੁਖ ਪਾਂਦੀਆਂ ਰੈਹਿੰਦੀਆਂ ਹੈਨ ਇਸਦਾ ਕਾਰਣ ਓਹ ਆਪ ਹੀ ਹੁੰਦੀਆਂ ਹਨ । ਕਿਉਂ ਜੋ ਅਪਨਿਆਂ ਪਤੀਆਂ ਨੂੰ ਛੋਡਕੇ

ਦੂਸਰਿਆਂ ਸਾਦੂਆਂ ਪੁਜਾਰਿਆਂ ਤੇ ਠਗਾਂ ਦੀਆਂ ਪੂਜਾ ਤੇ ਸੁੱਖਨਾ ਦੇਂਦੀਆਂ ਰਹਿੰਦੀਆਂ ਹਨ॥

ਅਜ ਸਾਡੀ ਇਸੇ ਗਲੀ ਵਿਚ ਬੇਬੇ ਬਸੰਤੀ ਨੇ ਅਪਨੇ ਮੁੰਡੇ ਦੇ ਫੋੜੇ ਅੱਛੇ ਹੋਵਨ ਵਾਸਤੇ ਦੇਵੀ ਦਾ ਮੰਨ ਬਨਾ ਕੇ ਵੰਡਿਆ ਸੂ। ਮੈਂਨੂੰ ਤਾਂ ਦੇਂਦੀ ਸੀ। ਮੈਂ ਇਸ ਗਲ ਕਰਕੇ ਨਹੀਂ ਲੀਤਾ ਕੇ ਕੱਲ ਨੂੰ ਏਹ ਈਨ ਮੇਰੇ ਘਰ ਭੀ ਪੈ ਜਾਵੇਗੀ॥

(ਪਤੀ) ਪਿਆਰੀ ਤੂੰ ਬੜਾ ਅੱਛਾ ਕੱਮ ਕੀਤਾ ਹੈ, ਮੈਂ ਭੀ ਆਪ ਤੈਂਨੂੰ ਅਜੇਏਆਂ ਗੱਲਾਂ ਤੋਂ ਮਨਾਂ ਕਰਨ ਵਾਲਾ ਸਾਂ, ਫੇਰ ਅੱਛਾ ਹੋਇਆ ਕੇ ਤੂੰ ਆਪਹੀ ਸਮਝ ਗਈ ਹੈ॥

(ਪਤਿਨੀ) ਸੁਆਮੀ ਜੀ ਜਦ ਮੈਂ ਅਜੇ ੧੩ ਵਰ੍ਹਿਆਂ ਦੀ ਸਾਂ, ਤਾਂ ਮੈਂਨੂੰ ਇਨ੍ਹਾਂ ਗੱਲਾਂ ਤੋਂ ਕਈ ਵਿਚਾਰਾਂ ਦਿਲ ਵਿਚ ਆਂਵਦੀਆਂ ਹੁੰਦੀਆਂ ਸਨ। ਮੇਰੀ ਮਾਈ ਸਦਾ ਨਿਰਾਹਾਰ ਇਕਾਦਸ਼ੀ, ਸੰਕਟ ਚੌਥ ਮੰਗਲਵਾਰ ਐਤਵਾਰ ਨਿਰਾਤੇ ਅਸ਼ਟਮੀ ਕੱਤੇਂ ਦੀਆਂ ਇਕਾਦਸ਼ੀਆਂ ਰੱਖਦੀ ਹੁੰਦੀ ਸੀ। ਤੇ ਮੈਂਨੂੰ ਭੀ ਰੱਖਨ ਵਾਸਤੇ ਆਖਦੀ ਹੀ ਰੈਹਿੰਦੀ ਸੀ। ਮੈਂ ਉਸ ਦੇ ਕੈਹਨ ਕਰਕੇ ਕਦੀ ਕਦੀ ਰੱਖ ਲੈਂਦੀ ਸਾਂ ਤੇ ਕਦੀ ਕਦੀ ਬਹਾਨੇ ਕਰਕੇ ਟਾਲ ਦੇਂਦੀ ਸਾਂ। ਮੇਰਾ ਪਿਤਾ ਜੀ ਭੀ ਮੇਰੀ ਮਾਂ ਤੋਂ ਡਰਦੇ ਰਖ ਛੱਡ ਦੇ ਸਨ, ਪਰ ਹਮੇਸਾਂ ਜਿਸ ਵੇਲੇ ਘਰ ਆਂਵਦੇ ਸਨ। ਏਹੀ ਕਹਿੰਦੇ ਰੈਹਿੰਦੇ ਸਨ ਕੇ ਤੇਰੇ ਵਰਤਾਂ ਨੇ ਘਰ ਵਿਚ ਕੁਛ ਨਹੀਂ ਛੱਡਨਾ, ਮੈਂ ਭੀ ਜਿਸ ਦਿਨ ਵਰਤ ਰੱਖਦੀ ਸਾਂ ਉਸ ਦਿਨ ਚੋਰੀ ਛਪੀ ਕੁਛ ਨਾ ਕੁਛ ਖਾਹੀ ਲੈਂਦੀ ਸਾਂ।

ਮੇਰਾ ਭਰਾ ਬਾਲਮੁਕੰਦ ਸਦਾ ਹੀ ਮਾਤਾ ਜੀ ਨਾਲ ਝਗੜਦਾ ਰੈਹਿੰਦਾ ਹੁੰਦਾ ਸੀ ਤੇ ਕਹਿੰਦਾ ਹੁੰਦਾ ਸੀ ਕੇ ਮਾਂ ਜਨਾਨੀ ਨੂੰ ਹੋਰ ਕੋਈ ਵਰਤ ਸਿਵਾ ਅਪਨੇ ਘਰਵਾਲੇ ਦੀ ਪੂਜਾ ਸੇਵਾ ਦੇ ਨਹੀਂ ਕਰਨਾ ਚਾਹੀਦਾ ॥

ਸੁਹਾਗਨਾਵਾਸਤੇ ਉਨ੍ਹਾਂ ਦੇ ਪਤੀ ਹੀ ਉਨ੍ਹਾਂਦਾ ਸੱਚਾ ਵਰਤ ਹੈ। ਏਹ ਸਭਵਰਤ ਰੰਡੀਆਂ ਮੁਸਟੰਡੀਆਂ ਦੇ ਵਾਸਤੇ ਹੈਨ । ਮਾਤਾਹੋਰੀ ਸਦਾਹੀ ਮੈਂਨੂੰ ਭਰਾ ਨੂੰ ਤੇ ਪਿਤਾਜੀ ਨੂੰ ਗਾਲਾਂ ਕੱਢ ਦੀ ਰਹਿੰਦੀ ਸੀ। ਉਸ ਦੇ ਐਸੇ ਸੁਭਾਉ ਨੂੰ ਦੇਖ ਸੁਨ ਕੇ ਕੋਈ ਬਾਲਮੁਕੰਦ ਨੂੰ ਸਾਕ ਨਾ ਸੀ ਦੇਂਦਾ। ਸੁਆਮਨ ਜਦ ਤਕ ਮਾਤਾ ਜੀ ਜਿਉਂਦੀ ਰਹੀ ਕੋਈ ਮਤਲਬ ਦੁਨਿਆਵੀ ਸਿੱਧ ਨਾਂ ਹੋਇਆ । ਜਿਸ ਵੈਲੇ ਮਾਤਾ ਜੀ ਦਾ ਦੇਹਾਂਤ ਹੋਗਿਆ ਫੇਰ ਬਾਲਮੁਕੰਦ ਭੀ ਵਿਹਾਇਆ ਗਿਆ। ਲਾਲਾ ਜੀ ਦਾ ਕੱਮ ਭੀ ਅੱਛਾ ਹੋਗਿਆਮੇਰਾ ਭੀ ਵਿਵਾਹ ਹੋਗਿਆ। ਸੋ ਮੈਂ ਤਾਂ ਜਿਸ ਦਿਨ ਤੋਂ ਵਿਵਾਹੀ ਹਾਂ ਅਪਨੀ ਭਰਜਾਈ ਦੀ ਤਰ੍ਹਾਂ ਏਹ ਦਿਲ ਵਿਚ ਠਾਨ ਲੀਤਾ ਹੈ, ਤੇ ਨਯੀਮ ਕਰ ਲੀਤਾ ਹੈ ਕੇ ਮੈਂ ਸਿਵਾਏ ਤੁਹਾਡੀ ਸੇਵਾ ਟੈਹਲ ਹੁਕਮ ਤੇ, ਮੱਨਨ ਦੇ ਹੋਰ ਕਦੀ ਕੁਛਨਹੀਂ ਕਰਾਂਗੀ ॥

(ਪਤੀ) ਪਿਆਰੀ ਜੀ ਚਿਰੰਜੀਵ ਰਹੋ ਮੈਂ ਬੜਾ ਹੀ ਪ੍ਰਸੰਨ ਹੋਇਆ ਹੂੰ। ਪਰਮੇਸ਼ਵਰ ਨੇ ਬੜੀ ਕ੍ਰਿਪਾ ਕੀਤੀ ਹੈ, ਜੋ ਤੇਰੇ ਮੇਰੇ ਸੰਜੋਗ ਕਰ ਦਿੱਤੇ ਹੈਨ । ਮੈਂ ਕੋਈ ਬੜੇ ਅੱਛੇ ਕਰਮ ਕੀਤੇ ਹੋਏ ਨੇ ਜੋ ਮੈਂਨੂੰ ਤੇਰੇ ਜੈਸੀ ਇਸਤਰੀ ਮਿਲੀ।

ਪਿਆਰੀ ਇਸ ਸੰਸਾਰ ਵਿਚ ਸੁਖੀ ਓਹੀ ਗਹਿਸਤੀ ਹੈ, ਜਿਸ ਨੂੰ ਇਸਤਰੀ ਆਗਿਆਕਾਰੀ ਮਿਲੇ, ਜਿਸਨੂੰ ਇਸਤਰੀ ਭੈੜੀ ਚੰਦਰੀ ਮਿਲਦੀ ਹੈ ਓਹ ਇਸ ਸੰਸਾਰ ਵਿਚ ਹੀ ਨਰਕ ਵਿਚ ਪਿਆ ਹੋਇਆਹੈ ਪਿਆਰੀਤੂੰ ਦੇਖਨੀ ਹੈ ਕੇ ਹੁਨ ਲਾਲਾ ਕਾਸ਼ੀ ਰਾਮ ਨੂੰ ਕੇਹੜੀ ਚੀਜ਼ ਦੀ ਪਰਵਾਹ ਹੈ। ਧਨ ਪੁੱਤ ਦੁਧ ਦਹੀਂ ਸਾਕ ਅੰਗ ਸਭ ਐਸ ਵੇਲੇ ਕਿਸੇ ਚੀਜ ਦੀ ਕਮੀ ਨਹੀਂ। ਪਰ ਜਦ ਕਦ ਮਿਲਦਾ ਹੈ। ਇਸ ਅਪਨੀ ਇਸਤਰੀ ਬਸੰਤੀ ਦੇ ਰੋਨੇ ਹੀਰੋਂਦਾ ਰੈਹਿੰਦਾ ਹੈ॥

(ਪਤਨੀ) ਸੁਆਮਨ ਬਸੰਤੀ ਅਪਨੇ ਘਰਵਾਲੇ ਦੀ ਆਗਿਆ ਨਹੀਂ ਮੱਨ ਦੀ॥

(ਪਤੀ) ਪਿਆਰੀ ਤੂੰ ਅਜੇ ਹੁਨ ਇਸ ਗੱਲੀ ਵਿਚ ਆਈ ਹੈ। ਜਦ ਤੂੰ ਹਾਲ ਹਵਾਲਾ ਸੁਨੇਗੀ ਆਪੇ ਹੀ ਜਾਨ ਜਾਵੇਂਗੀ ਕੇ ਕਿਸ ਕਿਸ ਤਰ੍ਹਾਂ ਦੀਆਂ ਗੁਆਂਢਨਾ ਹੈਨ॥

(ਪਤਨੀ) ਪਿਆਰੇ ਸੁਆਮੀ ਕਿਰਪਾ ਕਰਕੇ ਕੁਛਕ ਹਾਲ ਬਸੰਤੀ ਦਾ ਤਾਂ ਸੁਨਾ ਦਿਉ॥

—(ਹਾਲ ਬਸੰਤੀ ਦਾ)—

(ਪਤੀ) ਪਿਆਰੀ ਏਹ ਬਸੰਤੀ ਜਦ ਵਿਵਾਹੀ ਆਈਸੀ ਤਾਂ ਘਰ ਥੋਂ ਬਾਹਰ ਨਹੀਂ ਸੀ ਨਿਕਲਦੀ। ਤੇ ਸਾਰੇ ਵੇਹੜੇ ਵਿਚ ਇਸਦੀ ਸਿਫਤ ਕਰਦੇ ਸਨ। ਤਦ ਅਜੇ ਕਾਸ਼ੀਰਾਮ ਦਾ ਹੱਥ ਕੁਛ ਤੰਗ ਸੀ। ਕਾਸੀਰਾਮ ਪਾਸ ਬਾਵੇ ਗੁਅਰਧਨਦਾਸ ਨੇ ੧੦੦) ਰੁਪਯੇ ਜਮਾ ਕਰਾ ਛੱਡੇ ਸਨ ਉਨਾਂ ਨਾਲ ੧॥(੯)ਮ-

ਹੀਨਾਂ ਵਿਆਜ ਲੈਨਾ ਕੀਤਾ ਸਾਂ ਸੂ। ਉਨ੍ਹੀਂ ਦਿਨਾ ਛਾਨ ਬੂਰੇ ਦਾ ਕੱਮ ਅੱਛਾ ਟੁਰਿਆ ਹੋਇਆ ਸੀ ਕਾਸੀਰਾਮ ਨੇ ੧੦ ਮਹੀਨਿਆਂ ਵਿਚ ਰੁਪਯੇ ੪੦੦)ਖੱਟੇ। ਪਰ ਏਹ ਵਿਸ਼ਵਾਸ਼ ਉਸ ਦੇ ਦਿਲ ਵਿਚ ਪੂਰਾ ਹੋਗਿਆ ਕੇ ਬਾਵੇ ਦੇ ਰੁਪੈ ਕਰਮਾਂ ਵਾਲੇ ਹਨ। ਬਾਵੇਨੇ ਰੁਪੈ ਦੋ ਤਿਨ ਵਾਰੀ ਉਸਥੋਂ ਮੰਗੇ ਪਰ ਕਾਸੀਰਾਮ ਨੇ ਵਿਆਜ ੨॥) ਰੁਪੈ ਮਹੀਨਾ ਦੇਨਾ ਮਨਜੂਰ ਕੀਤਾ ਤੇ ਰੂਪੈ ਨਾ ਦਿੱਤੇ। ਉਸ ਦੇ ਦਿਲ ਵਿਚ ਏਹੀ ਭਰਮ ਸੀ ਕੇ ਜੇ ਰੁਪੈ ਦੇ ਦਿਤੇ ਤਾਂ ਫੇਰ ਹੱਥ ਤੰਗ ਹੋ ਜਾਵੇਗਾ। ਇਸੇ ਤਰਾਂ ੩ ਵਰ੍ਹੇ ਰੁਪੈ ਕਾਸੀਰਾਮ ਵਰਤ ਦਾ ਰਹਿਆ। ਇਕ ਦਿਨ ਬਾਵੇ ਦਾ ਇਰਾਦਾ ਗੰਗਾ ਜੀ ਕੁੰਭ ਦੇ ਮੇਲੇ ਤੇ ਇਸਨਾਨ ਕਰਨ ਦਾ ਹੋਗਿਆ। ਤੇ ਉਸ ਨੇ ਰੁਪੈ ਲੈਨ ਵਾਸਤੇ ਤਕਾਜਾ ਕੀਤਾ। ਆਖਿਰ ਦੋ ਚਾਰ ਭਲੇ ਮਾਨਸਾਂ ਨੇ ਵਿਚ ਆਕੇ ਰੁਪੈ ਵਾਪਸ ਬਿਆਜ ਸਮੇਤ ਦਵਾ ਦਿੱਤੇ। ਕੁਛਕ ਰੌਜ ਪਿੱਛੋ ਕਾਸੀਰਾਮ ਦੀ ਹੱਟ ਨੂੰ ਸੜ ਲੱਗੀ ਤੇ ਚੋਰ ਕੋਈ ੧੦੦੦) ਕੁ ਰੁਪੈ ਦੀ ਚੋਰੀ ਕਰਕੇ ਲੈ ਗਏ। ਫੇਰ ਕਾਸੀਰਾਮ ਆ ਰੋਵਨ ਲੱਗਾ ਤੇ ਨਾਲੇ ਉਨ੍ਹਾਂ ਭਲਿਆ ਮਾਨਸਾਂ ਦੇ ਬੱਚੇ ਕੱਚੇ ਪੁਨਨ ਲੱਗਾ। ਖੈਰ ਦੋ ਤਿਨ ਮਹੀਨੇ ਪਿੱਛੋਂ ਓਹ ਬਾਵਾ ਭੀ ਆਗਿਆ ਆਉਂਦਿਆਂ ਹੀ ਕਾਸੀਰਾਮ ਨੇ ਉਸ ਨੂੰ ਸਭ ਹਾਲ ਸੁਨਾਇਆ ਬਾਵਾ ਜੀ ਸੁਨ ਕੇ ਬੜੇ ਖੁਸ ਹੋਏ ਤੇ ਕਾਸੀਰਾਮ ਨੂੰ ੨੦੦) ਰੁਪੈ ਕੱਢਕੇ ਦੇ ਦਿਤੇ। ਤੇ ਕਹਿਆ ਲੈ ਕਾਸੀਰਾਮ ਹੁਨ ਸੰਤਾਂ ਦੇ ਦਿਲ ਵਿਚ ਦਇਆ ਹੋਈ ਹੈ। ਤੇਰੇ ਖਜਾਨੇ ਭਰਪੂਰ ਹੋ ਜਾ

ਵਨਗੇ। ਸੰਤ ਹੁਨ ਬਿਆਜ ਨਾਲ ਨਹੀਂ ਲੈਨਗੇ। ਸੰਤ ਖਾਲੀ ਭਾਵਨਾ ਦੇ ਹੀ ਭੁਖੇ ਹੈਨ। ਪਿਆਰੀ ਜਿਸ ਦਿਨ ਏਹ ਗੱਲ ਹੋਈ ਸੀ ਉਸੇ ਦਿਨ ਕਾਸੀਰਾਮ ਨੇ ਉਨ੍ਹਾਂ ੨੦੦) ਰੁਪੈਆਂ ਦੇ ਛੋਲੇ ਖਰੀਦ ਛੱਡੇ। ਕੋਈ ੨ ਮਹੀਨੇ ਪਾਕੇ ਛੋਲਿਆਂ ਦੇ ਭਾ ਵਿਚ ਇਤਨਾ ਫਰਕ ਹੋਗਿਆਂ ਜੋ ਰੁਪੈ ਦੇ ੨ ਹੋ ਗਏ। ਕਾਸੀਰਾਮ ਨੇ ਭੀ ੨੦੦) ਨਾਲ ੨੦੦) ਖਟ ਲੀਤਾ। ਇਸ ਗਲ ਦਾ ਜਿਕਰ ਕਾਸੀਰਾਮ ਨੇ ਬਸੰਤੀ ਨਾਲ ਕੀਤਾ, ਜਨਾਨੀਆਂ ਅੱਗੇ ਅਕਲ ਦੀਆਂ ਪੂਰੀਆਂ ਹੁੰਦੀਆਂ ਨੇ ਝਟ ਖਾਂਵਦ ਨੂੰ ਕੈਹ ਦਿਤਾ ਕੇ ਏਹੋ ਜੇਹ ਸੰਤਾਂ ਨੂੰ ਰੋਜ ਨਿਮਸਕਾਰ ਕਰਨੀ ਚਾਹੀਦੀ ਹੈ। ਤੇ ਜੇਕਰ ਵਿਆਜ ਕੁਛ ਨਹੀਂ ਲੈਦਾਂ ਤਾਂ ਉਸ ਨੂੰ ਰੋਟੀ ਰੋਜ ਖਵਾ ਛਡੀਏ ਕਰੀਏ। ਨਾਲੇ ਸਿਰਤੇ ਭਾਰ ਨਾ ਰਹੈਗਾ ਤੇ ਨਾਲੇ ਸੰਤਾਂ ਦੇ ਚਰਨਾ ਨਾਲ ਚੌਕਾ ਘਰ ਪਵਿਤ੍ਰ ਹੋਵੇਗਾ। ਕਾਸੀਰਾਮ ਵਿਸਵਾਸ਼ੀ ਭਰਮੀ ਆਦਮੀ ਤੇ ਹੈ ਹੀ ਸੀ, ਝਟ ਇਸੇ ਗਲ ਦਾ ਮਨਸੂਬਾ ਪੱਕਾ ਕਰ ਲੀਤਾ। ਸਵੇਰੇ ਜਿਸ ਵੇਲੇ ਜਾਕੇ ਹੱਟ ਖੋਲੀਉ ਸੂ, ਸੰਤ ਹੋਰਾ ਨੂੰ ਸਦਵਾ ਭੇਜਿਆ ਤੇ ਹੱਥ ਜੋੜ ਕੇ ਆਖਿਉ ਸੂ ਮਹਾਰਾਜ ਮੈਂ ਤੁਹਾਡੀ ਕਿਰਪਾ ਦਾ ਜਿਕਰ ਘਰ ਕੀਤਾ ਸੀ, ਸੋ ਤੁਹਾਡੀ ਟੈਹਲਨ ਸੁਨ ਕੇ ਗਦ ਗਦ ਖੁਸ਼ ਹੋਈ ਤੇ ਕਹਿਨ ਲੱਗੀ ਜੇ ਮਹਾਰਾਜ ਮਨਜੂਰ ਕਰਨ ਤਾਂ ਰਸੋਈ ਜੇਹੀ ਕੂ ਘਰ ਰੋਜ ਪਕਦੀ ਹੈ, ਦੋ ਵੇਲੇ ਖਾ ਲਿਆ ਕਰਨ। ਬਾਵ ਜੀ ਜੋ ਇਕ ਮੰਦਿਰ ਮਾੜੇ ਜੇਹੇ ਤੇ ਰੈਹਿੰਦੇ ਸਨ ਤੇ ਮਸਾਂ

੧) ਦੋ ਰੁਪੈ ਮਹੀਨਾਂ ਖਾ ਪੀ ਕੇ ਭੈੜੇ ਹਾਲ ਨਾਲ ਜਮਾਂ ਕਰਦੇ ਹੁੰਦੇ ਸਨ, ਤੇ ਜਿਨ੍ਹਾਂ ਨੇ ਰੁਪੈ ੨੦੦) ਦੇਨ ਲਗਿਆ ਏਹ ਮਨ ਵਿਚ ਠਾਨ ਲੀਤਾ ਸੀ ਕੇ ਕੁਛ ਦਿਨ ਪਾਕੇ ਅਸੀਂ ਆਪ ਭੋਜਨ ਵਾਸਤੇ ਕਾਸੀਰਾਮ ਨੂੰ ਕੈਹ ਦੇਵਾਂਗੇ। ਹੁਨ ਅਪਨੀ ਮਨ ਦੀ ਮਰਜੀ ਨੂੰ ਬਰੀਰ ਯਤਨ ਦੇ ਪੂਰਾ ਹੁੰਦਾ ਦੇਖ ਕੇ ਥੋੜੀ ਦੇਰ ਵਾਸਤੇ ਸਿਰ ਨੂੰ ਝੁਕਾ ਇਸ ਤਰਾਂ ਬੋਲਨ ਲਗੇ । ਭਾਈ ਭਗਤ ਕਾਸੀਰਾਮ ਜੀ ਅਸੀਂ ਸਾਧੂ ਲੋਕ ਹਾਂ ਅੰਨ ਪਾਨ ਤੋਂ ਨਾ ਕਰਨਾ ਸਾਡਾ ਧਰਮ ਨਹੀਂ। ਪਰ ਏਹ ਦੇਖੇ ਨਾ ਗ੍ਰਹਿ-ਸਤ ਦਾ ਕਮ ਹੋਇਆ, ਤੁਹਾਡੇ ਘਰੀਂ ਕਈ ਤਰ੍ਹਾਂ ਦੇ ਖੱਟੇ ਮਿੱਠੇ ਭੋਜਨ ਬਨਨੇ ਹੋਏ ਕਦੀ ਸਵੇਰੇ ਕਦੀ ਅਵੇਰੇ। ਅਸੀਂ ਹੋਏ ਫਕੜ ਇਕ ਦਿਨ ਵੇਲੇਸਿਰ ਭੋਜਨ ਨਾਂ ਮਿਲਿਆਤਾਂ ਸਾਡਾ ਅੰਤਸਕਰਨ ਤਪ ਜਾਨਾ ਹੋਇਆ ਫੇਰ ਕੋਈ ਚੰਗੀ ਮੰਦੀ ਮੂੰਹੋਂ ਨਿਕਲ ਗਈ ਤਾਂ ਤੁਸਾਂ ਗਿਰਸਤੀਆਂ ਦ ਟੈ-ਹਲ ਭਾਵਨਾ ਦੇ ਬਦਲੇ ਸਗੋਂ ਉਲਟਾ ਨੁਕਸਾਨ ਹੋਜਾਨਾ ਹੋਇਆ। ਕਾਸੀਰਾਮ ਨੇ ਹੱਥ ਜੋੜ ਕੇ ਆਖਿਆ ਮਹਾ-ਰਾਜ ਤੁਸੀਂ ਇਕ ਵੇਲਾ ਸਾਨੂੰ ਦੱਸ ਛੱਡੋ ਫੇਰ ਉਸ ਵੇਲੇ ਤੋਂ ਕਦੀ ਡੇਰਨਾ ਹੋਵੇਗੀ, ਬਾਂਵੇ ਹੋਰਾਂ ਆਖਿਆ ਭਾਈ ਕਾਸੀ ਰਾਮ ਤੈਂਨੂੰ ਵੇਲੇ ਵਕਤ ਸਭ ਮਾਲੂਮ ਹੈਨ ਅਸੀਂ ਪਰਸਾਦ ੧੨ ਬਜੇ ਛਕ ਲੈਨੇ ਹੋਨੇ ਹਾਂ, ਤੇ ਤੈਂਨੂੰ ਏਹ ਭੀ ਦਸ ਛਡੀਏ ਜੋ ਅਸੀਂ ਵੈਸ਼ਨਵ ਭੋਜਨ ਪਾਂਵਦੇ ਹਾਂ। ਗੰਡਾ ਗਾਜਰ ਗੋਂਗਲੂ ਮਸਰ ਥੋਮ ਤੇ ਸਿਰਕਾ ਏਹ ਅਸੀਂ ਨਹੀਂ ਗ੍ਰਹਣ

ਕਰਦੇ ਯਾ ਨਹੀਂ ਖਾਂਵਦੇ,ਕਾਸੀਰਾਮ ਨੇ ਆਖੀਆਂ ਮਹਾਰਾਜ ਸੱਤ ਬਚਨ, ਤੇ ਇਕ ਹੋਰ ਅਰਜ ਹੈ ਆਪ ਪਰਸਾਦ ਘਰ ਜਾਕੇ ਆਪ ਪਾ ਆਇਆ ਕਰੋਗੇ ਨਾ। ਬਾਵਾ ਜੀ ਨੇ ਆਖਿਆ ਕੇ ਘਰ ਜਾਨਾ ਸਾਧੂਆਂ ਨੂੰ ਉਚਿੱਤ ਨਹੀਂ। ਪਰ ਖੈਰ ਮੈਂ ਜਾਨਨਾ ਹਾਂ ਕੇ ਅਜੇ ਤੇਰੇ ਘਰ ਕੋਈ ਬਾਲ ਭੀ ਨਹੀਂ ਜੋਹੜੀ ਰੋਟੀ ਮੰਦਿਰ ਪਹੁੰਚਾ ਦੇਵੇ। ਘਰ ਮਾਈਆਂ ਨੂੰ ਕੈਹ ਦੇਨਾ ਕੇ ਜਦ ਮੈਂ ਆਜਾਵਾ ਕਰਾਂ ਤਦ ਪਰਸ਼ਾਦ ਬਨਾਵਨ ਕਰਨ ਕਿੰਉ ਜੋ ਮੇਰੀ ਏਹ ਆਦਤ ਹੈ ਕੇ ਮੈਂ ਤੱਤਾ ਤੱਤਾ ਭੋਜਨ ਛੱਕਨਾ ਹੁੰਨਾ। ਕਾਸੀਰਾਮ ਨੇ ਕਿਹਾ ਸਤ ਬਚਨ ਮਹਾਰਾਜ ਸਵੇਰੇ ਹੁਨ ਬਨਾਨੇ ਦਾ ਯਤਨ ਨਾ ਕਰਨਾ ॥

ਪਿਆਰੀ ਬਾਵਾ ਗੁਵਰਧਨਦਾਸ ਕਾਸ਼ੀਰਾਮ ਦੇ ਘਰ ਰੋਜ ਪਰਸਾਦ ਪਾਵਨ ਲੱਗਾ, ਆਖਰ ਹੁੰਦਿਆਂ ਹੁੰਦਿਆਂ ਕੁਛ ਜਨਾਨੀਆਂ ਵਿਚ ਵਿਚਾਰ ਹੋਵਨ ਲਗ ਪਈ, ਇਕ ਦਿਨ ਮੈਂ ਅਪਨੇ ਇਸੇ ਕੋਠੇਉੱਤੇ ਸੁਤਾ ਹੋਇਆਸਾਂ ਤੇ ਜੀਵਾਲੱਦੇਦੀ ਮਾਂ ਨੇ ਕਿਸ਼ਨ ਦੇਈ ਨੂੰ ਅਵਾਜ ਦੇਕੇ ਆਖਿਆ ਆਖਾਂ ਗੱਲ ਸੁਨ। ਮੈਂਭੀ ਹੌਲੀ ਹੌਲੀ ਸ੍ਵਾਸ ਇਸਤਰਾਂ ਲੈਨ ਲਗਪਿਆ ਕੇ ਓਹ ਦੋਵੇਂ ਮਸਝ ਗਈਆਂ ਕੇ ਸੁੱਤਾ ਹੋਇਆਹੈ। ਪਿਆਰੀ ਓਹ ਦੋਵੇਂ ਇਸ ਤਰਾਂ ਗੱਲਾ ਕਰਨ ਲਗ ਪਈਆਂ ॥

(ਜੀਵਾਂ) ਬੇਬੇ ਕਿਸ਼ਨਦੇਈਏ ਹੁਨ ਏਹ ਦੁਨੀਆਂ ਵਸੇਗੀ ਕੇ ਗਰਕ ਹੋ ਜਾਵੇਗੀ ॥

(ਕਿਸ਼ਨਦੇਈ) ਕਿੰਉਂ ਜੀਵਾਂ ਏਹ ਕਿੰਉਂਆਖਿਆ ਹੀ ॥

. (ਜੀਵਾਂ) ਬੇਬੇ ਏਹ ਬਸੰਤੀ ਦਾ ਹਾਲ ਨਹੀਂਉ ਸੁਨਿਆਂ॥

(ਕਿਸ਼ਨਦੇਈ) ਪਰਸੋਂ ਮੇਰੇ ਅੱਗੇ ਨਿਹਾਲੀ ਨੇ ਏਹ ਗੱਲ ਕੀਤੀ ਸੀ ਕੇ ਬਸੰਤੀ ਹੁਨ ਕਦੀ ਬਾਹਰ ਨਹੀਂ ਆਉਂ ਦੀ। ਪਰ ਕੁਛ ਮਟਕ ਦੀ ਗੱਲ ਸੀ। ਜੀਵਾ ਬਸੰਤੀ ਮੇਰੀ ਜੱਸ ਦੀ ਮਾਮਿਉਂ ਭਤਰੀ ਲਗਦੀ ਹੈ, ਏਸ ਵਾਸਤੇ ਉਸਨੇ ਮੈਂਨੂੰ ਸੁਨਾਈ ਸੀ ਪਰ ਮੈਂ ਅੱਗੋਂ ਗਲ ਨੂੰ ਰੌਲਿਆ ਨਾ। ਕਿਉਂ ਕੇ ਮੈਂਨੂੰ ਉਸ ਵੇਲੇ ਭਰਜਾਈ ਦੀ ਬੀਮਾਰੀ ਦੀਚਿੰਤਾ ਸੀ, ਸੋ ਅੱਜ ਹੁਨ ਕਰਮਚੰਦ ਦੇ ਲਾਲੇ ਨੇ ਆਖਿਆ ਹੈ ਕੇ ਓਹਰਾਜੀ ਨੇ ਤੇ ਉਸ ਦੇ ਘਰ ਪੁਤਰ ਹੋਇਆ ਹੈ। ਮੈਂ ਪਰਸੋਂ ਦੀ ਅੱਜ ਤੱਟੀ ਖਾਦੀ ਹੈ। ਭਲਾ ਤੂੰ ਦੱਸ ਖਾਂ ਕੀਹ ਗੱਲ ਹਈ॥

(ਜੀਵਾਂ) ਬੇਬੇ ਕੀ ਦਸਾਂ ਦਿਨ ਦਿਹਾੜੀ ਨਵੇਂ ਨਵੇਂ ਮਪਦਰ ਸੁਨੀਦੇਨੇ ਤੂੰ ਬਾਵੇ ਗਵਰਦਨਦਾਸ ਨੂੰ ਤਾਂ ਜਾਨਨੀ ਹੈਨਾ। ਜੇਹੜਾ ਬਸੰਤੀ ਦੇ ਘਰ ਰੋਟੀ ਖਾਂਦਾ ਹੁੰਦਾ ਹੈ। ਓਨੂੰ ਸੁਨਿਆ ਹੈ, ਬਸੰਤੀ ਦੇ ਵਸ ਹੋ ਗਿਆ ਹੈ॥

(ਕਿਸ਼ਨਦੇਈ) ਹੱਥ ਮਲਕੇ ਹਊ! ਹਾਏ! ਤੈਂਨੂੰ ਕਿਸ ਆਖਿਆ ਹੈ। ਓਹ ਤਾਂ ਕਦੀ ਕਿਸੇ ਨੂੰ ਮਾਈ ਦੇ ਸ਼ਿਵਾ ਬੁਲਾ ਦਾ ਹੀ ਨਹੀਂ। ਜੀਵਾਂ ਮੈਂ ਆਪ ਦੋ ਤ੍ਰੈ ਵਾਰੀ ਉਨ੍ਹਾਂ ਦੇ ਘਰ ਗਈ ਹਾਂ ਤੇ ਬਾਵੇ ਨੂੰ ਪਰਸਾਦ ਖਾਂਦੇ ਡਿੱਠਾ ਹੈ। ਪਰ ਉਸ ਤਾਂ ਕਦੀ ਉਪਰ ਧਿਆਨ ਹੀ ਨਹੀਂ ਕੀਤਾ ਭੈਨ ਖਬਰ ਨਹੀਂ ਬੁੱਧ ਭ੍ਰਿਸ਼ਟ ਹੁੰਦਿਆਂ ਕੋਈ ਚਿਰ ਲਗਦਾ ਹੈ ਕਰਮਚੰਦ ਦਾ ਲਾਲਾ ਆਖ ਦਾ ਹੁੰਦਾ ਹੈ ਕੇ ਧਰਮ ਸ਼ਾਸਤ੍ਰ

ਵਿਚ ਹੁਕਮ ਹੈ ਕੇ ਮਾਂ, ਪੁਤਰ,ਭੈਨ, ਭਰਾ, ਦੇਵਰ, ਭਰ-ਜਾਈ, ਸਾਲੀ, ਭਨਵਈਆ ਜੁਆਨੀ ਵਿਚ ਦੋ ਕੱਠੇ ਨਾ ਬੈਠਨ, ਭੈਨਾ ਜੋ ਤੂੰ ਕਹਿਨੀ ਹੈ ਸੱਚ ਹੋਵੇਗਾ । ਪਰ ਓਹ ਤਾਂ ਰੋਟੀ ਖਾਂਦਿਆ ਹੀ ਟੁਰ ਜਾਂਦਾ ਹੈ ॥

(ਜੀਵਾਂ) ਦਿਨੇ ਤਾਂ ਬੇਬੇ ਟੁਰ ਜਾਂਦਾ ਹੈ, ਰਾਤ ਨੂੰ ਓਹ ਬਸੰਤੀ ਦੇ ਘਰਵਾਲੇ ਨਾਲ ਆਉਂਦਾ ਹੈ ਤੇ ਬਸੰਤੀ ਦਾ ਘਰ ਵਾਲਾ ਸਾਰੇ ਦਿਨ ਦਾ ਥਕਿੱਆ ਹੋਇਆ ਹੁੰਦਾ ਹੈ ਓਹ ਤਾਂ ਰੋਟੀ ਖਾਕੇ ਮੰਜੀ ਤੇ ਲੇਟ ਦੇ ਹੀ ਸੋ ਜਾਂਦਾ ਹੈ, ਪਿਛੋਂ ਬਾਵਾ ਤੇ ਬਸੰਤੀ ਜੋ ਚਾਹਿੰਦੇ ਨੇ ਕਰਦੇਨੇ ॥

(ਕਿਸ਼ਨਦੇਈ) ਤੈਂਨੂੰ ਏਹ ਗਲ ਕਿਸ ਦਸੀ ਹੈ, ਤੇ ਇਸ ਦਾ ਸਬੂਤ ਹੋਨਾ ਭੀ ਤੋ ਚਾਹੀਏ ॥

(ਜੀਵਾਂ) ਬੇਬੇ ਤੂੰ ਇਸ ਕਰਮਦੇਈ ਦਇਆਂ ਦੀ ਧੀ ਨੂੰ ਜਾਨ ਦੀ ਹੈ, ਕੇ ਉਨ੍ਹਾਂ ਦੇ ਘਰ ਉਪਰ ਕੋਠੇ ਦੀ ਕੰਦ ਵਿਚ ਝਰਨੇਲਗੋਪਏਹਨ। ਉਨ੍ਹਾਂਝਰਨਿਆਂ ਵਿਚੋਂ ਬਸੰਤੀ ਕਾ ਸਾਰਾ ਕੋਠਾ ਨਜਰ ਆਂਵਦਾ ਹੈ, ਸੋ ਉਸ ਕਰਮਦੇਈ ਨੇ ਮੇਰੇ ਅੱਗੇ ਗਲ਼ ਕੀਤੀ ਸੀ ਤੇ ਕਹਿਆ ਸਾ ਸੂ ਕੇ ਅਸੀਂ ਰੋਜ ਦੇਖਨੀਆਂ ਕੇ ਬਸੰਤੀ ਉੜਜ ਗਈ ਹੈ ॥

(ਕਿਸ਼ਨਦੈਈ) ਜੀਵਾਂ ਦੁਨੀਆਂ ਵਿਚ ਹੁਨ ਇਹੋ ਜਈਆਂ ਗੱਲਾਂ ਹੋਨ ਲੱਗ ਪਈਆਂ ਹਨ, ਭੈੜੀਆਂ ਰੰਨਾਂ ਤੇ ਹੈ ਸਨ ਪਰ ਮਰਦ ਵੀ ਉਜੜ ਗਏ ਨੇ, ਭਲਾ ਰੁੜ ਗਏ ਬਾਵੇ ਨੂੰ ਕੀ ਪਈ ਸਾਈ ਜੋ ਐਨਾ ਚਿਰ ਠਾਕਰਾਂ ਦੀ ਸੇਵਾ ਪੂਜਾ

ਕਰਦਾ ਰਹਿਆ ਤੇ ਹੁਨ ਏਸ ਉਮਰ ਵਿੱਚ ਆਕੇ ਸਭ ਕੁਛ ਵੰਜਾ ਦਿੱਤਾ ਸੂ, ਤੇ ਉਸ ਖਸਮਖਾਨੀ ਬਸੰਤੀ ਦਾ ਕੀਹ ਹਾਲ ਹੋਵੇਗਾ। ਜੇਹੜੀ ਚੰਨ ਜੇਹੇ ਗੱਬਰੂ ਨੂੰ ਛੱਡ ਕੇ ਤੇ ਭੈੜੇ ਜੇਹੇ ਬਾਵੇ ਨਾਲ ਪਰੀਤ ਗੰਢ ਬੈਠੀ ਹੈ, ਤੇ ਓਸ ਰੁੜਗਏ ਖਸਮ ਨੂੰ ਕੀ ਵੱਗ ਗਈ ਹੈ, ਜੇਹੜਾ ਇਸ ਉਮਰ ਵਿਚ ਇਹੋ ਜੇਹੇ ਮੁਸ਼ਟੰਡੇ ਨੂੰ ਘਰ ਆਵਨ ਦੇਂਦਾ ਹੈ, ਭੈਨਾ ਖੇਹ ਪਾਓ ਤਿਨਾਂ ਦੇ ਹੀ ਸਿਰ ॥

(ਜੀਵਾਂ) ਬੇਬੇ ਮਰਦਾਂ ਨੂੰ ਖਬਰ ਹੋਵੇ ਤਾਂ ਇਸ ਬਾਵੇ ਨੂੰ ਗਲੀ ਵਿਚ ਨਾ ਵੜਨ ਦੇਵਨ ॥

(ਕਿਸ਼ਨਦੈਈ) ਜੀਵਾਂ ਮਰਦ ਤਾਂ ਤਦ ਮੰਨਣਗੇ ਜਦ ਅੱਖੀਂ ਦੇਖਨਗੇ, ਐਵੇਂ ਕੋਈ ਕਿਸੇ ਨੂੰ ਦੋਸ਼ ਲਾ ਸਕਦਾਈ ॥

(ਜੀਵਾਂ) ਬੇਬੇ ਫੇਰ ਸਾਡੀਆਂ ਕੁੜੀਆਂ ਨੂੰਹਾਂ ਨੇ ਉਸ ਘਰ ਭੀ ਆਵਨਾ ਜਾਨਾਂ ਹੋਇਆ, ਜੇਕਰ ਓਹ ਏਹ ਗੱਲਾਂ ਸੁਨਨਗੀਆਂ ਯਾ ਅਸਾਡੇ ਮਨਾਂ ਕੀਤੀਆਂ ਆਪਸ ਵਿਚ ਗੱਲਾਂ ਕਰਕੇ ਭੇਦ ਪਾਵਨਗੀਆਂ ਤਾਂ ਫੇਰ ਕਲ ਨੂੰ ਉਨਾਂ ਦੇ ਦਿਲ ਭੀ ਭੈੜੇ ਹੋਵਨਗੇ, ਸੋ ਬੇਬੇ ਤੂੰ ਸਿਆਨੀ ਹੈਂ, ਸੋਚ ਕੇ ਕੁਛ ਬੰਦੋਬਸਤਕਰੋ ਤਾਂ ਗਲੀ ਵਿੱਚ ਬਾਵਾ ਨਾ ਆਇਆਕਰੇ ॥

(ਕਿਸ਼ਨਦੇਈ) ਹੱਛਾ ਜੀਵਾਂ ਤੂੰ ਕਰਮਦੇਈ ਨੂੰ ਆਖੀਂ ਤਾਂ ਇਕ ਦਿਨ ਮੈਂਨੂੰ ਏਹ ਦਿਖਾ ਦੇਵੇ ਫੇਰ ਮੈਂ ਰਾਮਚੰਦ ਦੇ ਲਾਲੇ ਅਗੇ ਗਲ ਕਰਾਂਗੀ, ਓਹ ਸਿਆਨੇ ਨੇ ਕੁਛ ਉਪਾ ਕਰਨਗੇ ॥

ਇਤਨੀ ਗਲ ਕਰਕੇ ਕਿਸ਼ਨਦੇਈ ਅਪਨੇ ਘਰ ਗਈ ਤੇ ਜੀਵਾਂ ਅਪਨੇ ਘਰ ਸੌਂ ਰਹੀ, ਪਿਆਰੀ ਮੈਂ ਬੜੀ ਵਿਚਾਰ ਕਰਨ ਲਗ ਗਿਆ,ਤੇ ਦਿਲ ਵਿੱਚ ਏਹ ਠਾਨ ਲੀਤੀ ਕੇ ਈਸ਼ਰ ਜੇ ਗਰਿਸਤ ਦੇਵੇ ਤਾਂ ਜਨਾਨੀ ਅੱਛੀ ਦੇਵੇ। ਨਹੀਂ ਤਾਂ ਬਿਨਾਂ ਇਸਤ੍ਰੀ ਹੀ ਰਹਿਨਾ ਅਛਾ ਹੈ ॥

(ਪਤਨੀ) ਪਿਆਰੇ ਸੁਆਮੀ ਜੀ ਫੇਰ ਬਸੰਤੀ ਨੂੰ ਕਿਸ਼ਨ ਦੇਈ ਨੇ ਦੇਖਿਆ ਕੇ ਨਾ। ਤੇ ਬਾਵੇ ਦਾ ਕੀਹ ਹਾਲ ਹੋਇਆ ਮੈਂ ਤੇ ਕਦੀ ਕੋਈ ਬਾਵਾ ਗਲੀਵਿਚ ਆਉਂਦਾ ਨਹੀਂ ਦੇਖਿਆ ॥

(ਪਤੀ) ਪਿਆਰੀ ਫੇਰ ਹੋਰ ਗਲ ਤੇ ਖਬਰ ਨਹੀਂ ਕਿਸ ਤਰਾਂ ਹੋਈ, ਪਰ ਇੱਕ ਦਿਨ ਗੋਬਿੰਦਰਾਮ ਨਿਹਾਲਾ ਰਾਮਚੰਦ ਕਨਈਆ ਤੇ ਦੁਰਗਾਦਾਸ ਮੇਰੀ ਦੁਕਾਨ ਉੱਤੇ ਆਏ, ਤੇ ਕੈਹਨ ਲਗੇ ਸੇਠ ਜੀ ਇੱਕ ਗੱਲ ਹੈ, ਜੇ ਤੁਸੀਂ ਸਲਾਹ ਦਿਓ ਤਾਂ ਅਸੀਂ ਕੁਛ ਬੰਦੋਬਸਤ ਕਰੀਏ,ਸੋ ਮੈਂ ਪੁਛਿਆ ਕੇ ਓਹ ਕੀ ਗਲ ਹੈ, ਉਨਾਂ ਕਹਿਆ ਜੋ ਬਸੰਤੀ ਕਾਂਸ਼ੀਰਾਮ ਦੀ ਬੇਟੀ ਨੇ ਚੋਰੀ ਚੋਰੀ ਬਾਵੇ ਗਵਰਧਨਦਾਸ ਨਾਲ ਪਰੀਤ ਲਗਾ ਲੀਤੀ ਹੈ, ਤੇ ਗਲੀ ਵਿਚ ਸਾਡੀਆਂ ਨੂੰਹਾਂ ਧੀਆਂ ਬਹਿਨਾ ਫਿਰਨਾ ਹੋਇਆ। ਹੁਨ ਅਸੀਂ ਕੋਈ ਉਪਾਉ ਐਸਾ ਕਰਨਾ ਚਾਹੁੰਦੇ ਹਾਂ ਜਿਦੇ ਨਾਲ ਗਲ ਭੀ ਮਸ਼ਹੂਰ ਨਾ ਹੋਵੇ ਤਾਂ ਗੋਵਰਧਨਦਾਸ ਗਲੀ ਵਿਚ ਭੀ ਨਾ ਆਇਆ ਜਾਇਆ ਕਰੇ। ਪਿਆਰੀ ਮੈਂ ਏਹ ਗਲ ਸੁਨਕੇ ਦਿਲ ਵਿੱਚ ਸੋਚਿਆ

ਕੇ ਗਲ ਕੁਛ ਸੱਚੀ ਹੈ, ਪਰ ਮੈਂ ਉਨਾਂ ਨੂੰ ਆਖਿਆ ਕੇ ੪ ਦਿਨ ਠਹਿਰੋ ਜੇਕਰ ਫੇਰ ਬਾਵਾ ਗਲੀ ਵਿਚ ਆਉਂਦਾ ਰਹਿਆ ਤਾਂ ਫੇਰ ਬੰਦੋਬਸਤ ਕੀਤਾ ਜਾਵੇਗਾ ॥

(ਪਤਨੀ)ਫਿਰ ਪਤੀ ਜੀ ਤੁਸਾਂ ਕੀ ਕੀਤਾ ਮੇਰੇ ਦਿਲ ਵਿਚ ਇਸ ਗਲਦੇ ਸੁਨਨੇ ਦੀ ਬੜੀ ਖਾਹਸ਼ ਹੈ। ਤੁਹਾਨੂੰ ਜੇ ਨੀਂਦਰ ਆਈ ਹੋਵੇ ਤਾਂ ਮੇਰੇ ਵਾਸਤੇ ਅਰਾਮ ਕੌੜਾ ਨਾ ਕਰਨਾ ॥

(ਪਤੀ) ਪਿਆਰੀ ਤੂੰ ਮੇਰੀ ਸ਼ਤਵੰਤੀ ਨਾਰੀ ਆਗਿਆਕਾਰੀ ਤੇਰੇ ਮਨ ਦੀ ਖਾਹਸ਼ ਦੀ ਤ੍ਰਿਪਤੀ ਬਗੈਰ ਮੈਨੂੰ ਕਦ ਨੀਂਦ ਆਂਵਦੀ ਹੈ ॥

(ਪਤਨੀ) ਕਿਰਪਾ ਕਿਰਪਾ ਕਿਰਪਾ ਕਰੋ ਸੁਆਮਨ ਧੰਨਭਾਗ ਹੈਂ, ਮੇਰੇ ਜੋ ਐਸੇ ਪਤੀ ਪਾਏ,ਈਸ਼ਰ ਤੇਰਾ ਧੰਨਵਾਦ ਕਿਸ ਤਰਾਂ ਮੈਂ ਕਰੂੰ, ਲੂੰ ਲੂੰ ਮੇਰੀ ਦੇਹੀ ਦਾ ਜੇ ਪਲ ਪਲ ਵਿੱਚ ਲਖ ਲਖ ਵਾਰ ਕਰੇ ਤਾਂ ਭੀ ਥੋਹੜਾ ਹੈ, ਹੱਛਾ ਸੁਆਮਿਨ ਫੇਰ ਕਿਸ ਤਰਾਂ ਕੀਤੋ ਜੇ ॥

(ਪਤੀ) ਪਿਆਰੀ ਮੈਂ ਇਕ ਖਤ ਅਪਨੀ ਹੱਥਾਂ ਇਸ ਤਰਾਂ ਲਿਖਕੇ ਖਤ ਡਾਕ ਵਿਚ ਬਾਵੇ ਦਾ ਨਾ ਪਾ ਦਿੱਤਾ।

॥ ਖਤ ॥

ਬਾਵਾ ਗਵਰਧਨਦਾਸ ਜੀ ਨਮਸਤੇ,ਤੁਹਾਡੀ ਬਦਚਲਨੀ ਤੋਂ ਖੂਹ ਵਾਲੀ ਗਲੀ ਦੇ ਸਭ ਆਦਮੀ ਤੰਗ ਆਕੇ ਤਾਂ ਤੁਹਾਡਾ ਬੰਦੋਬਸਤ ਹੱਥੀਂ ਕਰਨਾ ਚਾਹੁੰਦੇ ਨੇ, ਬੇਹਤਰ ਹੈ ਜੋ ਤੁਸੀਂ ਸਮਝ ਜਾਵੋ। ਤੇ ਆਜ ਤੋਂ ਪਿਛੇ ਕਦੀ ਗਲੀ ਵੱਲ ਨਾ

ਜਾਨਾਂ। ਜੇਕਰ ਫੇਰ ਗਲੀ ਵਿੱਚ ਜਾਵੋਗੇ ਤਾਂ ਪਛਤਾਵੋਗੇ, ਪਿਆਰੀ ਜਿਸ ਵੇਲੇ ਏਹ ਪੱਤਰ ਉਸਨੂੰ ਮਿਲਿਆ ਤਾਂ ਓਸੇ ਵੇਲੇ ਬਾਵਾ ਕਾਂਸ਼ੀਰਾਮ ਪਾਸ ਗਿਆ, ਤੇ ਕੈਹਨ ਲਗਾ, ਕਾਂਸ਼ੀਰਾਮ ਹੁਨ ਰੋਟੀ ਸਾਡੀ ਮੰਦਿਰ ਦੇ ਜਾਇਆ ਕਰੈ। ਕਿਉਂ ਜੋ ਹੁਨ ਅਸੀਂ ਪਰਯੋਗ ਤੇ ਬੈਠਨਾ ਹੈ, ਸੋ ਪਿਆਰੀ ਕਾਂਸ਼ੀਰਾਮ ਨੇ ਰਾਤ ਨੂੰ ਘਰ ਆਕੇ ਤੇ ਬਸੰਤੀ ਨੂੰ ਕਹਿਆ ਜੋ ਬਾਵਾ ਇਸ ਤਰਾਂ ਆਖ ਗਿਆ ਹੈ, ਹੁਨ ਰੋਟੀ ਕਿਸਤਰਾਂ ਪਹੁੰਚਾਵਾਂਗੇ, ਬਸੰਤੀ ਨੇ ਕਹਿਆ ਮੈਂ ਦੇ ਆਇਆ ਕਰਾਂਗੀ ਸੋ ਪਿਆਰੀ ਹੁਨ ਬਸੰਤੀ ਆਪ ਰੋਟੀ ਦੇਨ ਜਾਂਦੀ ਹੈ ਦੋ ਤਿੰਨ ਵੇਰੀ ਓਥੇ ਮੰਦਰ ਵਿਚ ਲੋਕਾਂ ਡਿੱਠਾ ਭੀ ਹੈ ਪਰ ਬੇਸ਼ਰਮ ਜੋ ਹੋ ਗਈ, ਹੁਨ ਕਿਸੇ ਦਾ ਡਰ ਖਤਰਾ ਨਹੀਂ। ਮੈਂ ਸੁਨਿਆ ਹੈ ਕੇ ਏਹ ਦੋਵੇਂ ਮੁੰਡੇ ਤੇ ਕੁੜੀ ਓਸੇ ਬਾਵੇ ਦੇ ਹੀ ਹੈਨ ॥

(ਪਤਨੀ) ਸੁਆਮਿਨ ਬੜਾ ਅੰਧੇਰ ਹੈ; ਕਾਸ਼ੀਰਾਮ ਐਸੀ ਇਸਤਰੀ ਨੂੰ ਘਰ ਵਿਚ ਕਿਉਂ ਰੈਹਨ ਦੇਂਦਾ ਹੈ ਓਸ ਨੂੰ ਇਸ ਗਲ ਦਾ ਪਤਾ ਨਹੀਂ ਹੋਵਨਾ ॥

(ਪਤੀ) ਪਿਆਰੀ ਤੂੰ ਬਿਲਕੁਲ ਸਿੱਧੀ ਹੈਂ, ਕਾਸ਼ੀਰਾਮ ਨੂੰ ਸਾਰਾ ਹਾਲ ਮਾਲੂਮ ਹੈ, ਪਰ ਕੁੱਕੜ ਖੇਹ ਉਡਾਵੇ ਤੇ ਅਪਨੇ ਸਿਰ ਹੀ ਪਾਵੇ। ਮੈਂ ਸੁਨਿਆਂ ਹੈ ਕਿ ਇਕ ਦਿਨ ਕਾਸ਼ੀਰਾਮ ਨੇ ਬਸੰਤੀ ਨੂੰ ਕਹਿਆ ਸੀ ਕੇ ਤੂੰ ਰੋਟੀ ਨਿੱਕੀ ਪਹਾੜਨ ਦੇ ਹੱਥ ਭੇਜ ਦਿੱਤਾ ਕਰ ਤੇ ਆਪ ਹੁਨ ਮੰਦਿਰ ਨਾ

ਜਾਇਆ ਕਰ ਜੋ ਲੋਗ ਵਿਚਾਰ ਕਰਦੇ ਹਨ, ਤਾਂ ਬਸੰਤੀ ਨੇ ਅਗੋਂ ਜੁਆਬ ਦਿੱਤਾ ਸੀ ਲੋਗ ਖੇਹਖਾਨ ਪਏ, ਮੈਂ ਤਾਂ ਕਦੀ ਨਹੀਂ ਮੁੜਾਂਗੀ, ਏਹ ਜੋਹੜਾ ਪਰਵਾਰ ਹੈ ਸਭ ਬਾਵੇ ਦੀ ਕਿਰਪਾ ਨਾਲ ਹੋਇਆ ਹੈ, ਅਰੀ ਜਾਨਦਾ ਹੈਂ ਕੇ ਨਾ। ਜਦ ਰੁਪਜੇ ਮੋੜ ਦਿੱਤੇ ਸਾਨੀ ਤਾਂ ਕੀਹ ਹਾਲ ਹੋਇਆ ਸੀ। ਲੋਕਾਂ ਔਤਰਿਆਂ ਦਾ ਕੀ ਵਿਗੜਦਾ ਸੀ ਕੋਈ ਵਿਚਾਰ ਕਰੇ ਕਰੇ ਪਿਆ, ਬਹੁਤਾ ਏਹੋਈ ਆਖਨਗੇ ਨਾ ਬਾਵੇ ਦੀ ਰੰਨ ਮੈਂ ਬਾਵੇ ਦੀ ਰੰਨ ਹੀ ਸਹੀ। ਪਿਆਰੀ ਕਾਸ਼ੀਰਾਮ ਏਹ ਗਲ ਸੁਨਕੇ ਉਸਨੂੰ ਮਾਰਨ ਲੱਗ ਪਿਆ ਪਰ ਬਸੰਤੀ ਕਾਸ਼ੀਰਾਮ ਕੋਲੋ ਜੋਰ ਵਿੱਚ ਭਾਢੀ ਸੀ, ਝੱਟ ਸੋਟਾ ਖੋਹ ਕੇ ਦੋ ਤਿੰਨ ਕਾਸ਼ੀਰਾਮ ਜੋਗ ਜੜ ਦਿੱਤੇ ਤੇ ਆਪ ਰੁਸ ਕੇ ਮੰਦਿਰ ਚਲੀ ਗਈ, ਫੇਰ ਕਾਸ਼ੀਰਾਮ ਦੀ ਖਾਨਿਉਂ ਗਈ ਹਨੇਰੇ ਹੋਏ ਆਪ ਗਿਆ ਹਥ ਜੋੜ ਮਿਨਤਾ ਕਰਕੇ ਉਸ ਨੂੰ ਫੇਰ ਘਰ ਲਿਆਇਆ ਹੁਨ ਨਸੰਗ ਹੋਕੇ ਓਹ ਬਾਵੇ ਦੇ ਮੰਦਿਰ ਆਉਂਦੀ ਜਾਂਦੀ ਹੈ, ਕਈ ਕਾਸ਼ੀਰਾਮ ਨੂੰ ਆ ਆ ਕੇ ਆਖਦੇ ਤੇ ਕੋਈ ਬੈਤ ਕੋਈ ਕਿੱਸੇ ਆਨ ਆਨ ਕੇ ਹੱਟੀ ਦੇ ਸਾਮਨੇ ਪੜ੍ਹਦੇ ਨੇ। ਪਰ ਹੁਨ ਕੀ ਕਰ ਸੱਕਦਾ ਹੈ ॥

(ਪਤਨੀ) ਸੁਆਮਿਨ ਮੇਰੇ ਤੇ ਲੂੰ ਕੰਡੇ ਹੋ ਗਏ ਨੇ, ਈਸ਼ਰ ਭੀ ਐਸੇ ਦੁਸ਼ਟਾਂ ਨੂੰ ਡੰਡ ਨਹੀਂ ਦੇਦਾਂ, ਐਸਿਆਂ ਨੂੰ ਤਾਂ ਕੋਹੜ ਹੋਨਾਂ ਚਾਹੀਦਾ ਹੈ ॥

(ਪਤੀ) ਪਿਆਰੀ ਤੂੰ ਬੜੀ ਭੋਲੀ ਹੈਂ, ਕੋਈ ਈਸ਼ਰ

ਆਦਮੀ ਤਾਂ ਨਹੀਂ ਕੇ ਝੱਟ ਦੇਖੇ ਤਾਂ ਉਸੇ ਵੇਲੇ ਗੁੱਸੇ ਹੋਕੇ ਕੁਛ ਦਾ ਕੁਛ ਕਰ ਦੇਵੇ। ਪਿਆਰੀ ਈਸ਼ਰ ਨਿਆਏਂਕਾਰੀ ਹੈ। ਜਿਸ ਵੇਲੇ ਓਹ ਜੀਵ ਅਪਨੇ ਚੰਗੇ ਕਰਮਾਂ ਦੇ ਫਲ ਭੋਗ ਲੈਨਗੇ ਫੇਰ ਜਦ ਇਨਾਂ ਦੇ ਮੰਦੇ ਕਰਮਾਂ ਦੀ ਵਾਰੀ ਆਵੇਗੀ ਫੇਰ ਦੁੱਖ ਪਾਉਨਗੇ, ਸੋ ਜੀਵ ਅਪਨੇ ਹੀ ਹੱਥੀਂ ਅਪਨਾ ਨਾਸ਼ ਕਰ ਲੈਂਦਾ ਹੈ॥

(ਪਤਨੀ) ਪਿਆਰੇ ਹੁਨ ਮੇਰੀ ਸਮਝ ਵਿਚ ਆਇਆ ਹੈ ਕੇ ਪਰਮੇਸ਼ਰ ਸਰਬ ਵਿਆਪੀ ਸਰਬਮਯ ਕਰਮਾਂ ਦੇ ਫਲ ਕਿਰਆ ਕਿਰਆ ਸੇਤੀ ਅਥਵਾ ਜਿਉਂ ਜਿਉਂ ਕੀਤੇ ਹੋਏ ਹੁੰਦੇ ਨੇ ਭੋਗਾਂਦਾ ਹੈ॥

(ਪਤੀ) ਹਾਂ ਪਿਆਰੀ ਏਹ ਆਦਮੀ ਅਥਵਾ ਜਨਾਨੀਆਂ ਜੋ ਸ਼ਾਸ਼ਤਰ ਨਹੀਂ ਸੁਨ ਦੀਆਂ ਤੇ ਏਹ ਦੇਖਕੇ ਕੇ ਫੁਲਾਨਾ ਅਥਵਾ ਫੁਲਾਨੀ ਮੰਦ ਕਰਮ ਭੀ ਕਰ ਦੇ ਹਨ ਤੇ ਸੁਖੀ ਭੀ ਹਨ ਆਪ ਭੀ ਅਭੈਯ ਹੋ ਕਰ ਮੰਦੇ ਕੰਮ ਕਰਨ ਲਗ ਪੈਂਦੇ ਅਥਵਾ ਪੈਂਦੀਆਂ ਨੇ। ਸੋ ਪਿਆਰੀ ਅਵਿੱਦਜਾ ਦੇ ਕਾਰਨ ਸਭ ਮੰਦ ਕਰਮ ਹੋ ਰਹੇ ਨੇ। ਜਦ ਤਾਕਨ ਇਸ ਭਾਰਤ ਵਰਸ਼ ਵਿਚ ਲੋਗ ਆਪਨੀ ਸੰਤਾਨ ਨੂੰ ਵਿੱਦਜਾ ਰੂਪੀ ਗਹਿਨੇ ਨਾ ਪਾਵਨ ਤਦ ਤਕ ਏਹ ਅਪੱਧਰ ਦੂਰ ਨਾ ਹੋਵਨਗੇ।

(ਪਤਨੀ) ਤੋ ਸੁਆਮੀ ਜੀ ਕਿਰਪਾ ਕਰ ਕੇ ਮੈਨੂੰ ਧਰਮਸ਼ਾਸਤ੍ਰ ਤੇ ਸੁਨਾਇਆ ਕਰੋ ਤਾਂ ਮੈਂਨੂੰ ਕੁਛ ਗਿਆਨ ਹੋਵੇ ਤੇ ਅਪਨਾ ਸੁਧਾਰ ਕਰਾਂ॥

(ਪਤੀ) ਪਿਆਰੀ ਤੂੰ ਅਜੇ ਉਮਰ ਵਿੱਚ ਛੋਟੀ ਹੈਂ ਮੈਂ ਆਸ਼ਾ ਕਰਨਾ ਕੇ ਤੂੰ ਪੜਹਨਾ ਪਸੰਦ ਕਰੇਂਗੀ ਸੋ ਮੈਂ ਪੁਸਤਕ ਤੈਂਨੂੰ ਲਿਆ ਦੇਵਾਂਗਾ ਫੇਰ ਹੌਲੀ ਹੌਲੀ ਲਿਖਦੀ ਜਾਵੀਂ ॥

(ਪਤਨੀ) ਬਹੁਤ ਅੱਛਾ ਸੁਆਮੀ ਜੀ ਭਲਕੇ ਹੀ ਇਸ ਕੰਮ ਨੂੰ ਕਰਨ ਲੱਗ ਪਵਾਂਗੀ, ਯਾਦਨਾਲ ਪੁਸਤਕ ਲਿਆ ਦੇਨਾਂ ਤੇ ਅੱਖਰ ਦੱਸ ਦੇਨਾ, ਮੈਂ ਸਾਰਾ ਦਿਨ ਇਹੋ ਕੰਮ ਕਰਦੀ ਰਹਾ ਕਰਾਂਗੀ ॥

(ਪਤੀ) ਪਿਆਰੀ ਏਹ ਬੁੱਢੀ ਤੇ ਕੁੜੀ ਕੌਣ ਹਨ । ਕਿੱਥੋਂ ਆਈਆਂ ਹਨ । ਤੇ ਕਿੱਥੇ ਜਾਨਾ ਨੇ ॥

(ਪਤਨੀ) ਸਾਰਾ ਹਾਲ ਉਨਾਂ ਦਾ ਬਿਆਨ ਕਰ ਕੇ ਤੇ ਹੱਥ ਜੋੜ ਕੇ ਮਹਾਰਾਜ ਮੈਂ ਇਨਾਂ ਨੂੰ ਆਖਿਆ ਸੀ ਕੇ ਜਦ ਤੁਸੀਂ ਆਵੋਗੇ ਤੁਹਾਡੇ ਅੱਗੇ ਮੈਂ ਬੇਨਤੀ ਕਰਾਂਗੀ ਤਾਂ ਏਹ ਰੋਟੀ ਪਕਾਵਨ ਵਾਸਤੇ ਰੱਖ ਲਵਾਂਗੇ ਸੋ ਹੁਨ ਮੈਂਨੂੰ ਪੜਹਨ ਦਾ ਭੀ ਖਿਆਲ ਬਹੁਤ ਹੋਗਿਆ ਹੈ ਤੇ ਨਾਲੇ ਏਹ ਭੀ ਅਤੀ ਦੁਖੀ ਨੇ ਸੋ ਜੇਕਰ ਆਪ ਕਿਰਪਾ ਕਰੋ ਤਾਂ ਇਨਾਂ ਨੂੰ ਰਖ ਲਈਏ ॥

(ਪਤੀ) ਪਿਆਰੀ ਜੀ ਪਹਿਲਾਂ ਪਰੀਖਿਆ ਕਰ ਲੋ ਫੇਰ ਬੇਸ਼ੱਕ ਰਖ ਲੈਨਾ । ਕਿਉਂ ਜੋ ਰੋਟੀ ਦੀ ਤਕਲੀਫ ਭੀ ਬਹੁਤ ਹੁੰਦੀ ਹੈ ਨਾਲੇ ਕਪੜੇ ਭੀ ਖਰਾਬ ਹੋ ਜਾਂਦੇ ਹਨ ਤੇ ਪੜਨਾ ਭੀ ਮੁਸ਼ਕਲ ਹੁੰਦਾ ਹੈ ॥

(ਪਤਨੀ) ਸੁਆਮਿਨ ਮੈਂ ਪਰੀਖਿਆ ਕਿਸ ਤਰਾਂ ਕਰ

ਸੱਕਦੀ ਹਾਂ ਆਪ ਦੇਖ ਲੌ ਤਾਂ ਫੇਰ ਜਿਸ ਤਰਾਂ ਹੁਕਮ ਕਰੋਗੇ ਕਰੂੰਗੀ ॥

(ਪਤੀ) ਪਿਆਰੀ ਹੁਨ ਨਿੰਦਰਾ ਆਈ ਹੈ ਸਵੇਰੇ ਦੇਖ ਲਵਾਂਗੇ ਜਦ ਸਵੇਰ ਹੋਈ ਦਿਨ ਨਿਕਲਿਆ ਤੇ ਉਸਦਾ ਸੁਆਮੀ ਸੰਦਿਆ ਉਪਾਸਨਾ ਕਰਕੇ ਵੇਹਲਾ ਹੋਇਆ ਤਾਂ ਫੇਰ ਉਸਨੇ ਮੇਰੀ ਮਾਂ ਨੂੰ ਬੁਲਾਇਆ ॥

(ਸੇਠ) ਮਾਈ ਜੀ ਸੁਨਾਓ ਕੁਛ ਲਿਖਨਾ ਪੜਹਨਾ ਭੀ ਜਾਨਦੇ ਹੋ । ਯਾ ਕੋਈ ਕਥਾ ਬਾਰਤਾ ਅਪਨੀ ਹੋਸ਼ ਵਿਚ ਸੁਨੀ ਜੇ ਏਹ ਲੜਕੀ ਕਿਤਨੇ ਵਰਿਆਂ ਦੀ ਜੇ ॥

(ਮਾਂ) ਬੱਚਾ ਅਸੀਂ ਪਿੰਡਾਂ ਦੇ ਰਹਿਨਵਾਲੇ ਲਿਖਨ ਪੜ੍ਹਹਨ ਕੀ ਜਾਨੀਏ ਨਾ ਪਿਉ ਨਾ ਭੁਰਾ ਤੇ ਨਾ ਹੀ ਘਰਵਾਲਾ ਪੜਿਆ ਹੋਇਆ ਹੋਇਆ ਫੇਰ ਕੌਨ ਪੜਹਾਏ ਤੇ ਕੌਨ ਪੜਹੇ ਏਹ ਕਾਕੀ ਕੋਈ ੧੧ ਵਰਿਹਾਂ ਦੀ ਹੈ॥

(ਸੇਠ) ਹੋਰ ਕੋਈ ਕਸਬ ਕਸੀਦਾ ਜਾਨਦੇ ਹੋ।

(ਮਾ) ਹਾਂ ਜੀ ਕਸੀਦਾ ਤੇ ਚਰਖਾ ਏਹ ਤਾਂ ਜਾਨਦੀ ਹਾਂ।

(ਸੇਠ) ਅੱਛਾ ਜੇ ਤੁਹਾਨੂੰ ਅਸੀਂ ਅਪਨੇ ਘਰ ਰਖ ਲਈਏ ਤਾਂ ਖੁਸ਼ੀ ਨਾਲ ਰਹੋਗੀਆਂ ॥

(ਮਾ) ਪੁੱਤਰ ਇਸ ਮੁਸੀਬਤ ਵਿਚ ਜੋ ਅੰਨ ਖਾਵਨ ਨੂੰ ਦੇਵੇਂ ਤਾ ਮੇਰੇ ਭਾਨੇ ਤਾਂ ਰਾਜਾਬਿੱਕ੍ਰਮਾਜੀਤ ਹੀ ਓਹੀ ਹੈ।

(ਸੇਠ) ਅੰਨ ਪਾਨੀ ਤੇ ਕਪੜਾ ਲਤਾ ਭਗਵਾਨ ਦੀ ਕ੍ਰਿਪਾ ਨਾਲ ਬਹੁਤ ਹੈ, ਮੈਂ ਖਾਲੀ ਇਤਨਾ ਪੁੱਛਨਾ ਹਾਂ ਕੇ

ਅੱਜ ਅਸਾਂ ਤੁਹਾਨੂੰ ਘਰ ਰਖਿਆ ਭੁਲਕੇ ਸਾਡੇ ਘਰ ਦਾ ਹਾਲ ਹੋਰਨਾਂ ਨੂੰ ਨਾਲੇ ਹੋਰਨਾਂ ਦਾ ਸਾਨੂੰ ਝੂਠਾ ਸੱਚਾ ਦੱਸਣ ਲਗ ਪਈਓ ਫੇਰ ਮਾਈ ਜੀ ਜਨਾਨੀਆਂ ਦੀ ਦੁਬਤਾ ਕੌਣ ਨਬੇੜੇ। ਜੇ ਤਾਂ ਭਲੀ ਤਰ੍ਹਾਂ ਨਾਲ ਰਹੋ ਤਾਂ ਮਾਈ ਤੁਸੀਂ ਸਾਡੀ ਮਾਈ। ਏਹ ਕਾਕੀ ਸਾਡੀ ਭੈਨ, ਜੋ ਚਾਹੋ ਖਾਉ ਜੋ ਚਾਹੋ ਪਕਾਓ ॥

(ਮਾ) ਪੁੱਤਰ ਪਰਮੇਸ਼ਰ ਤੈਨੂੰ ਰਾਜ ਬਹਾ ਦੇ ਸੱਤ ਪੁੱਤਰਾ ਕਰੇ ਤੇ ਸਦਾ ਹੀ ਤੁਹਾਡੀ ਜੋੜੀ ਸਲਾਮਤ ਰਖੇ। ਮੈਂ ਬੇਸ਼ੱਕ ਜਦ ਕੋਈ ਮੰਦਾ ਕਰਮ ਕਰਾਂ ਤੁਸੀ ਮੇਰਾ ਨੱਕ ਕੱਨ ਕੱਟ ਕੇ ਘਰੋਂ ਬਾਹਰ ਕਢ ਦੇਨਾ। ਪਰ ਮੇਰੀ ਏਹ ਅਰਜ ਹੈ ਜੇਕਰ ਰੁੱਕੋ ਦਾ ਲਾਲਾ ਆ ਜਾਵੇ ਤਾਂ ਮੈਂਨੂੰ ਆਗਿਆ ਜਾਵਨ ਦੀ ਦੇਨੀ ॥

(ਸੇਠ) ਮਾਈ ਜੀ ਫੇਰ ਬੇਸ਼ੱਕ ਜਿਸ ਤਰਾਂ ਓਹ ਕੈਹਨ ਉਸ ਤਰਾਂ ਕਰਨਾ। ਖਬਰੇ ਉਨਾਂਦੇ ਰੁਜਗਾਰ ਕਾਰਦਾ ਭੀ ਬੰਦੋਬਸਤ ਕੀਤਾ ਜਾਵੇ ॥

(ਮਾ) ਹੱਛਾ ਪੁੱਤਰ ਫੇਰ ਅਸਾਂ ਹੋਰ ਜਗਾ ਜਾਕੇ ਕੀਹ ਲੈਨਾਏ ॥

(ਸੇਠ) ਪਿਆਰੀ ਜੀ ਸੁਨਦੇ ਹੋ ਏਹ ਮਾਈ ਜੀ ਐਸੀ ਹੀ ਜਾਨਨਾ ਜੈਸੀ ਸੱਕੀ ਸੱਸ ਤੇ ਏਹ ਕਾਕੀ ਰੁਕੋ ਅਪਨੀ ਛੋਟੀ ਨਨਾਨ, ਤੇ ਰੁੱਕੋ ਨੂੰ ਅੱਖਰ ਬੋਧ ਕਰਾਂਦੇ ਜਾਵਨਾ।

(ਪਤਨੀ) ਹਥ ਜੋੜ ਕੇ ਸੁਆਮਿਨ ਜਿਸ ਤਰਾਂ ਹੁਕਮ ਕਰੋ

ਤਿਸੇ ਤਰਾਂ ਹੀ ਕਰਾਂਗੀ, ਇਨਾਂ ਨੂੰ ਸਭ ਕੁਛ ਅਪਨੀ ਮਰਜੀ ਦਾ ਖਾਨ ਪਾਨ ਦਸ ਛਡੋ। ਕਿਉਂ ਜੋ ਹੁਨ ਖਾਨ ਪਾਨ ਦਾ ਕੰਮ ਸਭ ਏਹ ਆਪ ਕਰਨਗੀਆਂ॥

ਸੇਠ ਜੀ ਨੇ ਮਾਤਾ ਜੀ ਨੂੰ ਸਭ ਕੁਛ ਸਮਝਾ ਦਿੱਤਾ ਤੇ ਫੇਰ ਮੈਂ ਤੇ ਮਾਤਾ ਜੀ ਓਥੇ ਹੀ ਰੈਹਨ ਲਗੀਆਂ, ਓਹ ਸੇਠ ਤੇ ਸੇਠਨੀ ਇਸ ਤਰਾਂ ਪਿਆਰ ਕਰਦੇ ਸਨ ਕੇ ਸੱਕੇ ਸਾਕ ਭੀ ਐਸਾ ਨਹੀਂ ਕਰਦੇ। ਸਾਨੂੰ ਲਾਲਾ ਜੀ ਕਦੀ ਕਦੀ ਯਾਦ ਆ ਜਾਂਦੇ ਸਨ ਪਰ ਸੁਖ ਵਿਚ ਦੁਖ ਕੁਛ ਨਹੀਂ ਸੀ ਮਾਲੂਮ ਦੇਂਦਾ। ਇਸ ਤਰਾਂ ਰੈਹਿੰਦਿਆਂ ਰੈਹਿੰਦਿਆਂ ਚਾਰ ਬਰਸ ਹੋ ਗਏ। ਤੇ ਮੈਨੂੰ ਭੀ ਥੋੜਾ ਥੋੜਾ ਸਿਖਦਿਆਂ ਅਖਰ ਪੜਹਨੇ ਅੱਛੀ ਤਰਾਂ ਆਗਏ, ਮੈਂਨੂੰ ਸੇਠ ਹੋਰੀ ਮਨੂਸਿੰਮ੍ਰਤੀ ਪੜਹਾਇਆ ਕਰਦੇ ਸਨ, ਤੇ ਸੇਠਨੀ ਜੀ ਯਾਗਵਲਕ ਸਿੰਮਰਤੀ ਪੜਹਦੇ ਸਨ, ਇਕ ਦਿਨ ਰਾਤ ਨੂੰ ਮਾਤਾ ਜੀ ਨੂੰ ਤਪ ਹੋ ਗਿਆ, ਤੇ ਮੈਂ ਉਨਾਂ ਨੂੰ ਘੁੱਟਦੀ ਪਈ ਸਾਂ। ਮਾਤਾ ਜੀ ਨੇ ਆਖਿਆ ਰੁੱਕੋ ਬੀਬੀ ਏਹਨਾਂ ਪਰਾਂਨਾ ਦਾ ਕੋਈ ਭਰੋਸਾ ਨਹੀਂ ਤੇ ਲਾਲੇ ਤੇਰੇ ਦਾ ਭੀ ਕੋਈ ਪਤਾ ਨਹੀਂ, ਮੇਰਾ ਜੀ ਕਰਦਾ ਹੈ ਤਾਂ ਤੇਰੇ ਨਾਨਕੇ ਚਲਕੇ ਤੇਰੇ ਫੇਰੇ ਕਿਧਰੇ ਕਰ ਆਵਾਂ ਤੇ ਫੇਰ ਮੇਰੀ ਚਿੰਤਾ ਦੂਰ ਹੋ ਜਾਵੇ, ਤੇਰੀ ਕੀਹ ਮਰਜੀ ਹੈ। ਪਹਲਾਂ ਤਾਂ ਮੈਂ ਚੁਪ ਕਰ ਰਹੀ ਫੇਰ ਮੈਂ ਦਿਲ ਵਿਚ ਖਿਆਲ ਕੀਤਾ ਜੇ ਹੁਨ ਮੈਂ ਕੁਛ ਆਖਿਆ ਤਾਂ ਖਬਰੇ ਮਾਂ ਕੁਛ ਹੋਰ ਖਿਆਲ ਕਰੇਗੀ। ਮੈਂ ਆਖਿਆ ਮਾਤਾ ਜੀ

ਤੁਸੀਂ ਰਾਜੀ ਹੋਵੋਗੇ ਤਾਂ ਫੇਰ ਜੋ ਤੁਹਾਡੀ ਮਰਜੀ ਹੋਵੇਗੀ ਸੋ ਕਹ ਲੈਨਾ। ਜਦ ਮਾਤਾ ਜੀ ਸੌਂਗਈਮੈਂ ਓਥੋਂ ਉਠਕੇ ਤੇ ਸੇਠਨੀ ਪਾਸ ਆ ਗਈ, ਕਿਉਂ ਜੋ ਸੇਠ ਹੋਰੀ ਉਸ ਰਾਤ ਕਿਧਰੇ ਬਾਹਰ ਰੈਹ ਪਏ ਸਨ, ਤੇ ਮੈਂ ਸੇਠਨੀ ਹੋਰਾਂ ਪਾਸ ਸੌਨਾ ਸੀ, ਸੇਠਨੀ ਜੀ ਮੈਨੂੰ ਅੰਦਰ ਵੜਦਿਆਂ ਹੀ ਪੁੱਛਨ ਲਗੀ

(ਸੇਠਨੀ) ਰੁੱਕੋ ਮਾਈ ਸੌ ਗਈ ਹੈ। ਅਜੇ ਤੇ ਸੱਤ ਭੀ ਨਹੀਂ ਵਜੇ, ਅੱਜ ਕੀ ਹੈ ਸੂ।

(ਰੁੱਕੋ) ਹਾਂ ਜੀ ਹੁਨ ਅੱਖੀਂ ਲਗੀਆਂ ਸੂ, ਅੱਜ ਤੇ ਜਿਸ ਵੇਲੇ ਦੀ ਤੁਹਾਨੂੰ ਰੋਟੀ ਖਵਾ ਕੇ ਗਈਏ ਮੰਜੇ ਤੇ ਪਈ ਹੋਈ ਹੈ। ਸਗੋਂ ਕੁਛ ਖਾਂਦਾ ਭੀ ਨਹੀਂ ਸੂ, ਤੇ ਪਿੰਡਾ ਭੀ ਕੁਛ ਗਰਮ ਗਰਮ ਸੂ, ਗੱਲਾਂ ਵੀ ਐਸ ਤਰਾਂ ਕਰਦੀ ਹੈ, ਜਿਉਂ ਕੋਈ ਉਦਾਸ ਜਿਹਾ ਹੋ ਜਾਂਦਾ ਹੈ—

(ਸੇਠਨੀ) ਹੈਂ ਤਪ ਹੋਗਿਆ ਸੂ, ਮੈਂ ਜਾਨਨੀ ਹਾਂ ਕੇ ਅਜ ਮਾਈ ਨੇ ਪਹਿਲਾਂ ਗਾਜਰਾਂ ਫੇਰ ਮੂਲੀਆਂ ਫੇਰ ਦਹੀ ਤੇ ਚਾਵਲ ਮਿੱਠੇ ਚਾਰੇ ਕੁਪਥ ਹੀ ਚੀਜਾਂ ਖਾਦੀਆਂ ਹਨ, ਮੈਂ ਤਾਂ ਖਿਆਲ ਕਰਦੀ ਹੀ ਸਾਂ ਕੇ ਅੱਜ ਜਰੂਰ ਮਾਈ ਨੇ ਰਾਜੀ ਨਹੀਂ ਰੈਹਨਾ, ਪਰ ਹੁਨ ਜਾਗਦੀਏ ਕੇ ਸੁੱਤੀ ਹੋਈ ਹੈ।

(ਰੁੱਕੋ) ਬੇਬੇ ਜੀ ਪਹਲਾਂ ਤੇ ਕੰਬਦੀ ਰਹੀ ਸੀ ਫੇਰ ਮੈਂ ਉਤੇ ਦੋ ਲੇਫ ਪਾਏ ਤੇ ਅੱਗ ਸਿਕਾਈ ਨਾਲੇ ਮੁਨੱਕੇ ਦੇ

ਦਾਨੇ ਦਿੱਤੇ ਤਾਂ ਹੁਨ ਪਾਲਾ ਭੀ ਲੈਹ ਗਿਆ ਸੂ, ਤੇ ਨੀਂਦਰ ਭੀ ਆ ਗਈ ਸੂ ॥

(ਸੇਠਨੀ) ਤੇ ਕੀਹ ਗੱਲਾਂ ਕਰਦੀ ਸੀ,ਕੈਂਹਦੀ ਹੋਏਗੀ ਕੇ ਕੋਈ ਅਪਨਾ ਹੁੰਦਾ ਤੇ ਦਵਾਈ ਲਿਆ ਦੇਂਦਾ ॥

(ਰੁੱਕੋ) ਹਰੇ ਹਰੇ ਹਰੇ ਬੇਬੇ ਜੀ ਮਾਤਾ ਜੀ ਤਾਂ ਅਜ ਤਾਕ ਨ ਕਦੀ ਏਹੋ ਜੇਹੀ ਗਲ ਭੀ ਨਹੀਂ ਕੀਤੀ, ਸਗੋਂ ਜਿਸ ਵੇਲੇ ਕਦੀ ਵੇਹਲੀ ਹੁੰਦੀਏ ਤੇ ਏਹ ਕੈਹਿੰਦੀ ਹੁੰਦੀਏ ਹੈ ਭਗਵਾਨ ਇਸ ਮੇਰੇ ਸੇਠ ਤੇ ਸੇਠਨੀ ਨੂੰ ਐਨਾ ਦੇਈਂ ਕੇ ਕਦੇ ਨਾ ਨਖੁੰਟੇ ਸੂ, ਤੇ ਐਨੇ ਪੁਤਰ ਦੇਈਂ ਸੂ ਕੇ ਗਿਨ ਦਿਆਂ ਥਕੇ। ਬੇਬੇ ਜੀ ਏਹ ਮੈਂ ਭੀ ਜਾਨਨੀ ਹਾਂ ਕੇ ਜੋ ਸੁਖ ਮਾਤਾ ਜੀ ਨੂੰ ਏਥੇ ਹੈ, ਕਿਧਰੇ ਵੀ ਨਹੀਂ ਹੋਇਆ ਤੇ ਨਾ ਹੋਵੇਗਾ ॥

(ਸੇਠਨੀ) ਅੱਛਾ ਫੇਰ ਹੋਰ ਕੀਹ ਗਲਾਂ ਕਰਦੀ ਸਾਈ।

(ਰੁੱਕੋ) ਜੀ ਓਹ ਕੈਹਨ ਲਗੀ ਕੇ ਹੁਨ ਸਰੀਰਦਾ ਕੋਈ ਭਰੋਸਾ ਭੀ ਨਹੀਂ ਤੇ ਲਾਲੇ ਹੋਰੀ ਭੀ ਨਾਂ ਆਏ ਤੇ ਇਸਕਰਕੇ ਮੇਰੀ ਸਲਾਹ ਹੈ ਜੋ ਤੇਰੇ ਨਾਨਕੇ ਚਲਕੇ ਤੇ ਤੇਰੇ ਫੇਰੇ ਕਰ ਆਵਾਂ ਫੇਰ ਮੈਨੂੰ ਕੋਈ ਚਿੰਤਾ ਨਾਂ ਰਹੈ।

(ਸੇਠਨੀ) ਰੁੱਕੋ ਤੇਰੇ ਨਾਨਕੇ ਕਿਥੇ ਨੇ ਤੇ ਤੂੰ ਕਿਥੇ ਮੰਗੀ ਹੋਈ ਹੈਂ।

(ਰੁੱਕੋ) ਜੀ ਨਾਨਕੇ ਮੇਰੇ ਤਾਂ ਹੁਸ਼ਿਆਰਪੁਰ ਨੇ ਤੇ ਮੈਂ ਅਜੇ ਕਿਧਰੇ ਮੰਗੀ ਹੋਈ ਨਹੀਂ।

(ਸੇਠਨੀ) ਤਾਂ ਫੇਰ ਤੂੰ ਕੀਹ ਆਖਿਆ।

(ਰੁੱਕੋ) ਜੀ ਮੈਂ ਆਖਿਆ ਤੁਸੀਂ ਰਾਜੀ ਹੋ ਲਵੋ ਤਾਂ ਫੇਰ ਜਿਸਤਰਾਂ ਮਰਜੀ ਹੋਵੇਗੀ ਸੋ ਕਰਨਾ

(ਸੇਠਨੀ) ਰੁੱਕੋ ਤੇਰਾ ਵਿਵਾਹ ਤੇ ਦਿਲ ਕਰਦਾ ਹੈ ਕੇ ਨਹੀਂ ਕਰਦਾਂ ਤਾਂ ਹੁਨ ਜਰੂਰ ਹੋਵੇਗਾ।

(ਰੁੱਕੋ) ਜੀ ਦਿਲ ਤਾਂ ਕਰਦਾ ਹੈ ਪਰ ਮਨੂੰਸਿਮਰਤੀ ਵਿਚ ਲਿਖਦਾ ਹੈ ਜੋ ਕੁੜੀ ੧੬ ਤੇ ਮੁੰਡਾ ੨੫ ਵਰੇਤੇ ਉਪਰੰਤ ਵਿਵਾਹ ਕਰਨਾ। ਸੋ ਇਸ ਵਾਸਤੇ ਇਕ ਵਰੇ ਦੇ ਪਿਛੇ ਵਿਵਾਹ ਹੋਵੇ ਤੇ ਅੱਛਾ ਹੈ।

(ਸੇਠਨੀ) ਅਜਕਲ ਰੁੱਕੋ ਧਰਮ ਸ਼ਾਸਤਰਨੂੰਕੌਨ ਪੁਛਦਾ ਹੀ। ਦੇਖਨੀ ਹੈਂ ਕੇ ਨਾ। ਏਹ ਸਾਡੀਆਂ ਭੈਨਾਂ ਨਾਲ ਕੇਡੇ ਕੂ ਜੁਲਮ ਹੋ ਰਹੈ ਨੀ ਐਸ ਆਪਨੀ ਗਲੀ ਵਿਚ ਡਿਠਾ ਹੀ ਕੋ ਨਾ ਰਾਧਾਂ ਰੰਗਾਰਾਮ ਦੀ ਧੀ ਅਜੇ ੧੧ ਯਾਰਾਂ ਵਰਿਆਂ ਦੀ ਹੋਈ ਹੈ ਤੇ ਉਸਦਾ ਗਬਰੂ ਅਗੇ ਦੁਹਾਜੂ ਹੈ ਕੋਈ ੨੩ ਵਰਿਆਂ ਦਾ ਹੈ ਹੋਰ ਦੇਖ ਨਿਹਾਲੀ ਜੁਆਲੀਦੀ ਧੀ ਅਜੇ ਹੁਨ ਓਸਨੂੰ ੧੦ ਵਾਂ ਵਰਾ ਚੜ੍ਹਿਆ ਹੈ ਤੇ ਦੋਵਰੇ ਵਿਹਾਇਆਂ ਹੋਗੇ ਸੂ। ਉਸਦੇ ਘਰ ਵਾਲੇ ਦੀ ਉਮਰ ੨੮ ਵਰ੍ਹਿਆਂ ਤੋ ਵਧੀਕ ਹੈ। ਤੇ ਖੇਮ ਕੌਰ ਬੇਬੇ ਜਸਵੰਤ ਕੌਰ ਦੀ ਧੀ ਅਜੇ ਮੁਕਲਾਵੇ ਭੀ ਨਹੀਂ ਟੋਰਦੇ, ਕਿਉਂ ਜੋ ਮੁੰਡਾ ਅਜੇ ਹੁਨ ੧੩ ਵਰਿਆਂ ਦਾ ਹੋਇਆ ਹੈ। ਤੇ ਖੇਮਕੌਰ ਨੂੰ ਹੁਨ ਐਸ ਹਾੜ ਥੋਂ ੧੫ਵਾਂ ਵਰਾ ਪਿਆ ਜਾਂਦਾ ਹੀ। ਮੈਂ ਤੈਨੂੰ ਹੋਰ ਕੀ ਦੱਸਾਂ। ਸਾਡੀਆਂ

ਭੈਨਾਂ ਨਾਲ ਮਾਪੇ ਜਾਨ ਬੁਝ ਕੇ ਓਹ ਕੰਮ ਕਰਦੇ ਨੇ ਜੇਹੜੇ ਦੁਸ਼ਮਨ ਭੀ ਨਾਂ ਕਰਨ। ਰੁੱਕੋ ਜਦ ਏਹ ਕੁੜੀਆਂ ਜੁਆਨ ਹੋਵਨ ਗੀਆਂ ਤੇ ਘਰ ਵਾਲੇ ਬੁਢੇ ਹੋ ਜਾਵਨਗੇ, ਫੇਰ ਓਨਾਂ ਉਜੜਨਾ ਹੋਇਆ ਕੇ ਨਾਂ। ਮੇਰੇ ਆਖੇ ਲਗਨ ਤੁਾਂ ਵਿਵਾਹ ਤੋ ਪਹਲਾਂ ਕਿਸੇ ਸਹੇਲੀ ਦੀ ਮਾਰਫਤ ਯਾਂ ਭਰਜਾਈ, ਜੁਆਂਡਨ ਦੀ ਰਾਹੀਂ ਮਾਂਪਿਉ ਨੂੰ ਕੈਹ ਦਿੱਤਾ ਕਰਨ ਕੇ ਵਰ ਇਸ ਤਰਾਂ ਦਾ ਹੋਵੇ ਪਿੱਛੋਂ ਦੀ ਮੁਲਕ ਦੀ ਬਦਨਾਮੀ ਨਾਲੋ ਪਹਲਾਂ ਦੀ ਬੇਸ਼ਰਮੀ ਹੱਛੀ ਹੁੰਦੀ ਹੈ।

(ਰੁਕੋ) ਸੇਠਨੀਜੀ ਮੇਰੀ ਤਾਂ ਏਹੀ ਮਰਜੀ ਹੈਕੇ ਤੁਸਾਂ ਮੇਰੀ ਮਾਤਾ ਨੂੰ ਪੇਕੇ ਜਾਕੇ ਮੇਰੇ ਵਿਵਾਹ ਦੇ ਅਰੰਭ ਕਰਨ ਤੋ ਰੋਕ ਦੇਨਾ ਤੇ ਸੇਠ ਹੋਰਾਂ ਨੂੰ ਕੈਹ ਦੇਨਾ ਕੇ ਕਿਧਰੇ ਏਥੇਹੀ ਮੇਰਾਵਿਵਾਹ ਵਰੇ ਦੂੰ ਤਕ ਕਰ ਦੇਨਗੇ ਕਿਉਂ ਜੋ ਪਿੰਡਾਂ ਵਿਚ ਆਦਮੀਆਂ ਤੇ ਜਨਾਨੀਆਂ ਨੂੰ ਅਪਨੇ ਧਰਮ ਕਰਮਦੀ ਕੋਈ ਸੁਧਨਹੀਂ ਹੁੰਦੀਤੇ ਨਾਂਹੀ ਕੋਈ ਪੜ੍ਹਨ ਪੜ੍ਹਾਨ ਜਾਨਦਾ ਹੈ, ਉਨਾਂ ਵਿਚ ਜੇ ਜਾਕੇ ਕੋਈ ਪੜ੍ਹੀ ਹੋਈ ਬੈਠੇ ਤਾਂ ਓਸਨੂੰ ਓਹ ਗਲਾਂ ਤੇ ਬੋਲੀਆਂ ਮਾਰ ਮਾਰ ਕੇ ਬਦਨਾਮ ਕਰ ਦੇਦੀਆਂ ਨੇ, ਫੇਰ ਜਾਂ ਉਸਨੂੰ ਘਰੋਂ ਨਿਕਲਨਾ ਪੈਂਦਾਹੈ ਤੇ ਜਾਂ ਕੁਛ ਖਾਕੇ ਪਰਾਨ ਦੇਨੇ ਪੈਦੇ ਸੂ।

(ਸੇਠਨੀ) ਰੁੱਕੋ ਤੂੰ ਸਚ ਆਖਿਆ ਹੈ। ਮੈਨੂੰ ਇਕ ਗਲ ਪੇਕਿਆਂ ਦੀ ਯਾਦ ਆਈ ਹੈ ਸਾਡੇ ਪਿੰਡ ਇੱਕ ਮੇਮ ਪੜ੍ਹਾਂ ਦੀ ਹੁੰਦੀ ਸੀ, ਉਸ ਪਾਸ ਖੇਮੀ ਰਲੀ ਜਮਨਾ, ਵੀਰੋ,

ਧੰਤੀ ਬੁਧਾਂ ਸੁਖੀ ਕੰਮੋਂ ਭਾਗਨ ਸੁਲੱਖਨੀ ਤੇ ਅਤਰੀ ਪੜ੍ਹ ਦੀਆਂ ਹੁੰਦੀਆਂ ਸਨ, ਕੋਈ ਛੇਰ ਛਿਰ ਪੜ੍ਹਦੀਆਂ ਰਹੀਆਂ ਤੇ ਖਤ ਪੱਤਰ ਪੋਥੀ ਪੁਸਤਕ ਹਛੀ ਤਰਾਂ ਪੜ੍ਹਨ ਲਗ ਪਈਆਂ ਜਦ ਉਨਾਂ ਦੇ ਵਿਵਾਹ ਹੋਏ ਤਾਂ ਖੇਮੀਂ ਰਲੀ ਵੀਰੋ ਜਮਨਾ ਧੰਤੀ ਸੁੱਖੀ ਭਾਗਨ ਤੇ ਸੁਲੱਖਨੀਨੂੰ ਝਾਂ ਕਿਸਮਤ ਹਛੀ ਨਾਲ ਵਰ ਪੜ੍ਹੇ ਹੋਏ ਮਿਲ ਗਏ ਤੇ ਬੁੱਧਾਂ ਕੰਮੋਂ ਤੇ ਅਤਰੀਨੂੰ ਅਨ-ਪੜ੍ਹ ਮਿਲੇ, ਜਿਨਾਂ ਦੇ ਘਰ ਵਾਲੇ ਪੜ੍ਹੇ ਹੋਏ ਸਨ ਉਨਾਂ ਤੇ ਅਪਨੀਆਂ ਇਸਤਰੀਆਂ ਨੂੰ ਝਟ ਧਰਮ ਪੁਸਤਕ ਲਿਆ ਦਿੱਤੇ, ਜੋ ਓਹ ਪੜ੍ਹ ਕਰ ਅਜ ਐਸੀਆਂ ਧਰਮਾਤਮਾਂ ਤੇ ਪਤਿ ਬ੍ਰਤਾ ਬਨ ਗਈਆਂ ਨੇ ਕੇ ਸਾਡੇ ਜੋਈਆਂ ਉਨਾਂ ਦੇ ਕੋਲ ਬੈਠ ਨਹੀਂ ਸਕਦੀਆਂ, ਏਹ ਗਿਆਨ ਤੇ ਏਹ ਉਪਦੇਸ਼ ਦੇਂਦੀਆਂ ਨੇ ਜੋ ਮਰਦਾਂ ਨੇ ਕੀਹ ਦੇਨੇ ਨੇਂ ਪਰ ਬੁਧਾਂ ਕੰਮੋਂ ਤੇ ਅਤਰੀ ਅਜੇਹਾਂ ਛੋੜਿਆਂ ਨਾਲ ਵਿਵਾਹੀਆਂ ਗਈਆਂ ਸਨ ਜੋ ਦੋ ਵਰ੍ਹੇ ਭੀ ਨਾਂ ਵਸ ਸਕੀਆਂ ॥

(ਰੁਕੋ) ਬੇਬੇਜੀ ਬੁੱਧੋ ਕੰਮੋਂ ਤੇ ਅਤਰੀ ਕਿਉਂ ਨਾ ਵਸੀਆਂ ॥

(ਸੋਠਨੀ) ਰੁੱਕੋ ਏਹ ਮੇਮਾਂ ਜਿਥੇ ਜਿਥੇ ਪੜ੍ਹੀਂ ਦੀਆਂ ਨੇ ਕੋਈ ਸਾਡੀਆਂ ਭੈਨਾਂ ਨੂੰ ਵਿਦਿਆਵਾਂਨਕਰਨ ਵਾਸਤੇ ਨਹੀਂ ਪੜ੍ਹੀਂ ਦੀਆਂ, ਏਹ ਤਾਂ ਖਾਲੀ ਅਪਨੇ ਧਰਮ ਦੇ ਛੋਟੇ ਛੋਟੇ ਪੁਸਤਕ ਪੜ੍ਹੀਂ ਕੇ ਤੇ ਸਾਡੀਆਂ ਭੈਨਾਂ ਦੇ ਦਿਲ ਪਰੇਰ ਲੈਂ-ਦੀਆਂ ਨੇ, ਤੇ ਉਨਾਂ ਨੂੰ ਆਪ ਹਛੀ ਹਛੀ ਪੁਸ਼ਾਕਾਂ ਪੈਹਨ ਕੇ ਤੇ ਦਿਖਾਦੀਆਂ ਨੇ ਤੇ ਆਖਦੀਆਂ ਨੇ ਜੋ ਈਸਾਈ ਹੋ ਜਾਵੇ ਉਸ

ਨੂੰ ਈਸ਼ਰ ਬੜਾ ਸੁਖ ਦੇਂਦਾ ਹੈ ਜਿਹਾਕੂ ਅਪਨੀ ਹਾਲਤ ਦਸ ਕੇ ਆਖਦੀਆਂ ਹੈਨ ਕੇ ਦੋ ਤਿੰਨ ਗੱਲਾਂ ਸਾਡੇ ਈਸਾ ਖੁਦਾ ਨੇ ਸਾਨੂੰ ਮੁੰਡੋ ਹੀ ਬਖਸ਼ ਦਿਤੀਆਂ ਨੇ। (੧) ਕੇ ਕਿਸੇ ਪਾਸੋਂ ਘੁੰਡ ਨਾ ਕੱਡਨਾ (੨) ਵਿਵਾਹ ਦੇਖ ਕੇ ਕਰਨਾ (੩) ਖਾਵੰਦ ਉਤੇ ਪੂਰਾ ਪੂਰਾ ਦਬਾਉ ਰੱਖਨਾ, ਸਾਡੀਆਂ ਭੋਲੀਆਂ ਭੈਨਾਂ ਉਨਾਂ ਦੇ ਧੋਖੇ ਵਿਚ ਆਕੇ ਅਪਨੀ ਧਰਮ ਵਿਦਿਆ ਹੀਨ ਹੋਨੇ ਦੇ ਸਬਬ ਇਨਾਂ ਗਲਾਂ ਨੂੰ ਸਚ ਮੰਨ ਕੇ ਤੇ ਉਨਾਂ ਨੂੰ ਬਹੁਤ ਸੁਖੀ ਦੇਖ ਕੇ ਏਹੋ ਦਿਲ ਵਿਚ ਠਾਂਨ ਲੈਂਦੀਆਂ ਨੇ ਕੇ ਹਛਾ,ਹੁਣ ਈਸਾਈ ਹੋਜਾਈਏ। ਫੇਰ ਇਸੇ ਤਰ੍ਹਾਂ ਕੋਈ ਨਾਂ ਕੋਈ ਹੀਲਾ ਯਾਂ ਵੇਲਾ ਢੂੰਡ ਕੇ ਤੇ ਅਪਨਾ ਧਰਮ ਤਿਆਗ ਕੇ ਅਪਨਾਂ ਤੇ ਅਪਨੇ ਜਨਣ ਵਾਲਿਆਂ ਦਾ ਮੁਕਾਲਾ ਕਰਦੇਂ ਦੀਆਂ ਨੇ। ਸੋ (ਰੁਕੋ) ਬੁਧੋ, ਕੱਮੋਂ ਤੇ ਅਤਰੀ ਤਿਨੇ ਜਦ ਵਿਵਾਹੀਆਂ ਗਈਆਂ ਆਪੇ ਵਿਚ ਚਿਠੀਆਂ ਆਵਨ ਜਾਵਨ ਲਗੀਆਂ। ਕਿਉਂ ਜੋ ਸਹੇਲੀਆਂ ਸਨ ਤੇ ਇਕੋ ਜਗਾ ਪੜ੍ਹਦੀਆਂ ਰਹੀਆਂ ਸਨ। ਏਹ ਤਿੰਨੇ ਕੁਛ ਚਿਰ ਤਕ ਤਾਂ ਲਿਖਦੀ ਰਹੀਆਂ ਪਰ ਫੇਰ ਜਦ ਦੂਸਰੀਆਂ ਜਨਾਨੀਆਂ ਜਦ ਕਦ ਸੁਨਨ ਕੇ ਚਿਠੀਆਂ ਵੰਡਨ ਵਾਲਾ ਆਨ ਕੇ ਤੇ ਆਵਾਜ ਦੇ ਕੇ ਕੈਂਹਦਾ ਹੈ। ਬੁਧੋ ਕੋਈ ਹੈ, ਕੰਮੋਂ ਕੋਈ ਹੈ, ਅਤਰੀ ਕੋਈ ਹੈ, ਤਾਂ ਓਹ ਆਪਸ ਵਿਚ ਚਰਚਾ ਯਾਂ ਗਲਾਂ ਕਰਨ ਲਗ ਪਈਆਂ। ਭੈਨ ਏਹ ਕੀ ਹੋਵਨ ਲਗਪਿਆ, ਮੁੰਡਿਆਂ ਦੇ ਨਾਂ ਕੋਈ ਚਿਠੀ ਨਹੀਂ, ਤੇ ਰੰਨਾਂ ਦੇ ਨਾਂ ਰੋਜ

ਦਿਹਾੜੀ ਆਉਂਦੀਆਂ ਹਨ, ਇਸ ਵਿਚ ਕੋਈ ਜਰੂਰ ਭੇਦ ਹੈ। ਹੁੰਦੀਆਂ ਹੁੰਦਿਆਂ ਵੇਹੜੇ ਵਾਲਿਆਂ ਨੇ ਉਨਾਂ ਦੇ ਘਰ ਵਾਲਿਆਂ ਨੂੰ ਆਨ ਚਮਕਾਇਆ। ਕੇ ਅਪਨੀ ਜਨਾਨੀਆਂ ਦਾ ਕੋਈ ਬੰਦੋਬਸਤ ਕਰੋ, ਏਹ ਵਸਦੀਆਂ ਨਹੀਂ ਜਾਪਦੀਆਂ ਸੋ ਰੁਕੋ ਕੁਛ ਤੇ ਘਰ ਵਾਲਿਆਂ ਨੂੰ ਅਗੇ ਹੀ ਸ਼ਕ ਪੈ ਹੋਏ ਸਨ ਫੇਰ ਸਰੋਂ ਦੂਨੇ ਹੋਗਏ ॥

(ਰੁਕੋ) ਬੇਬੇ ਜੀ ਘਰਵਾਲਿਆਂ ਨੂੰ ਸ਼ਕ ਕਾਹਦੇ ਪੈਗਏ ਸਨ। ਕੋਈ ਓਹ ਭੈੜੀਆਂ ਸਨ ॥

(ਸੇਠਨੀ) ਰੁਕੋ ਓਹ ਮੇਮ ਕੋਲ ਪੜ੍ਹਦੀਆਂ ਰਹੀਆਂ ਸਨ ਤੇ ਹਰਵੇਲੇ ਸੁਨਦੀਆਂ ਸਨ, ਕੇ ਚੰਗਾ ਖਾਨਾ ਚੰਗਾ ਪਹਨਨਾ ਚੰਗੀ ਜਗਾ ਵਿਚ ਰੈਹਨਾ ਉਮਰ ਵਧੀਕ ਕਰਦਾ ਹੈ ਤੇ ਨਾਲੇ ਪਥਰ ਪੂਜਨੇ ਦਰਖਤ ਪੂਜਨੇ ਅਨਪੜ੍ਹਿਆਂ ਨਾਲ ਮੇਲ ਜੋਲ ਕਰਨਾ ਠੀਕ ਨਹੀਂ। ਸੋ ਇਸ ਵਾਸਤੇ ਜੋ ਬਾਲ ਅਵਸਥਾ ਦਾ ਗਿਆਨ ਦਿਲ ਵਿਚ ਘਰ ਕਰ ਜਾਂਦਾ ਹੈ, ਉਨਾਂ ਨੂੰ ਹਰ ਵੇਲੇ ਅਪਨੇ ਘਰਦਿਆਂ ਕੋਲੋਂ ਕਰੀਚ ਆਂਵਦੀ ਰਹਿੰਦੀ ਸੀ, ਤੇ ਜਿਸ ਵੇਲੇ ਤਰਕਾਲਾਂ ਪਉਂਦੀਆਂ ਸਨ ਅਪਨੀ ਮੇਮ ਦੀ ਸਿਖਾਈ ਹੋਈ ਨਮਾਜ਼ ਪੜ੍ਹ ਕੇ ਤੇ ਉਸੇ ਤਰ੍ਹਾਂ ਦੁਆ ਮੰਗਦੀਆਂ ਸਨ। ਸਸਾਂ ਤੇ ਨਨਾਨਾਂ ਉਨਾਂਦੀਆਂ ਇਨਾਂ ਗਲਾਂ ਨੂੰ ਬੁਰਾ ਸਮਝਦੀਆਂ ਸਨ, ਤੇ ਏਹ ਭੀ ਕੋਈ ਇਨਾਂ ਘਰਾਂ ਵਿਚ ਵਸਨਾਂ ਨਹੀਂ ਸਨ ਚਾਹੁੰਦੀਆਂ ॥

(ਰੁਕੋ) ਬੇਬੇ ਜੀ ਫੇਰ ਇਨਾਂ ਮੇਮਾਂ ਕੋਲੋ ਪੜ੍ਹਨਾਂ ਹਛਾ ਨਾਨਾ ਹੋਇਆ ॥

(ਸੇਠਾਨੀ) ਰੁਕੋ ਇਨਾਂ ਮੇਮਾਂ ਕੋਲੋਂ ਪੜ੍ਹਾਨ ਨਾਲੋਂ ਅਪਨੀ ਹਥੀਂ ਸੰਤਾਨ ਨੂੰ ਜਿਉਂਦੀਆਂ ਹੀ ਜਮੀਨ ਵਿਚ ਦਬ ਛਡਨਾਂ ਹਛਾ ਹੈ, ਹਾਂ ਜੇਕਰ ਓਹ ਸਾਡੀ ਧਰਮ ਵਿਦਿਆ ਦੱਸਨ ਤੇ ਯਾਂ ਮਾਂ, ਪਿਉ, ਭਰਾ, ਸੁਆਮੀ ਪਰੇਰਨਾ ਕਰਨ ਵੇਲੇ ਹੋਵਨ ਤਾਂ ਕੋਈ ਡਰ ਨਹੀਂ ॥

(ਰੁਕੋ) ਬੇਬੇ ਜੀ ਖੇਮੀ, ਰਲੀ, ਜਮਨਾ, ਵੀਰੋ, ਧੰਨੀ, ਸੁਖੀ,ਭਾਗਨ, ਸੁਲਖਨੀ ਉੱਸੇ ਮੇਮ ਕੋਲੋਂ ਪੜ੍ਹਦੀਆਂ ਰਹੀਆਂ ਸਨ, ਓਹ ਤਾਂ ਨਾਂਸੀ ਬਿਗੜੀਆਂ ॥

(ਸੇਠਾਨੀ) ਰੁਕੋ ਮੈਂਤਾਂ ਤੈਨੂੰ ਅਗੇ ਦਸ ਚੁਕੀ ਹਾਂ ਕੇ ਉਨਾਂ ਨੂੰ ਘਰ ਵਾਲੇ ਪੜ੍ਹੇ ਹੋਏ ਮਿਲਗਏ । ਝਟ ਉਨਾਂ ਨੇ ਧਰਮ ਪੁਸਤਕ ਪੜ੍ਹਾ ਕੇ ਤੇ ਅਪਨੇ ਵਲ ਲਗਾ ਲਿਆ. ਤੇ ਰੁਕੋ ਸਾਡੇ ਧਰਮ ਛਾਸਤਰ ਵਿਚ ਏਹ ਸਭੋ ਗਲਾਂ ਲਿਖੀਆਂ ਹੋਈਆਂ ਨੇ, ਕੇ ਅਛਾ ਖਾਉ ਅਛਾ ਪੈਹਨੋ ਅਛੀ ਜਗਾਹ ਰਹੋ, ਮੂੰਹ ਕਿਸੇ ਪਾਸੋਂਨਾਂ ਢਕੋ। ਪਰਜਦ ਜਨਾਨੀਆਂ ਨੂੰ ਵਿਦਿਆ ਹੀ ਨਾ ਹੋਵੇ ਤਾਂ ਓਹਕੀ ਕਰਨ, ਘਰ ਜਨਾਨੀਆਂ ਅਪਨਾ ਰੋਜ ਸਵੇਰੇ ਉਠ ਕੇ ਸਫਾ ਰਖ ਸਕ ਦੀਆਂ ਹੈਨ । ਕਪੜੇ ਅਪਣੇ ਠੀਕ ਸਫਾ ਰੋਜ ਰਖਨਾ ਕੋਈ ਔਖੀ ਗਲ ਨਹੀਂ, ਤੇ ਖੁਰਾਕ ਸਫਾ ਖਾਨੀ ਕੇਹੜੀ ਮੁਸ਼ਕਲ ਹੈ, ਅਸਾਂ ਲੋਕਾਂ ਹਿੰਦੁਆਂ ਵਿਚ ਤੇ ਅਗੇ ਹੀ ਏਹ ਗਲਾਂ ਲਿਖੀਆਂ

ਹੋਈਆਂ ਨੇ ਕਰਨਾ ਨਾਂ ਕਰਨਾ ਅਗੋਂ ਅਸਾਡੇ ਵਸ ਹੈ ॥

(ਰੁਕੋ) ਬੇਬੇ ਜੀ ਘੁੰਡ ਕਢਨਾ ਵੀ ਸ਼ਾਸਤਰ ਵਿਚ ਨਹੀਂ ਲਿਖਿਆ ਹੋਇਆ ॥

(ਸੇਠਨੀ) ਰੁਕੋ ਇਸ ਭਾਰਥਵਰਸ਼ ਵਿਚ ਐਸੇ ਐਸੇ ਵਿਦਿਆਵਾਨ ਪੁਰਸ਼ ਤੇ ਇਸਤਰੀਆਂ ਹੋਗਈਆਂ ਨੇਂ ਜੋ ਲਿਖਨੇ ਪੜ੍ਹਨੇ ਚਲਨੇਂ ਤੋ ਹਰ ਇਕ ਦੇ ਗੁਨ ਔਗਨ ਤਥਾ ਵਾਦੀਆਂ ਦਸ ਸਕਦੇ ਸਨ। ਫੇਰ ਇਸ ਜਗਾਹ ਘੁੰਡ ਦੀ ਕੀਹ ਲੋੜ ਸੀ, ਅਜਕਲ ਘਰਦਿਆਂ ਕੋਲੋਂ ਮੂਰਖ ਜਨਾਨੀਆਂ ਘੁੰਡ ਕਢਦੀਆਂਨੇ ਤੇ ਗਲੀਵਿਚ ਸੌਦਾ ਵੇਚਨ ਵਾਲਿਆਂ ਨਾਲ ਤੇ ਖੂਹਾਂ, ਦਰਿਆਵਾਂ ਤੇ ਨੰਗੀਆਂ ਹਸ ਹਸ ਕੇ ਮਖੌਲ ਕਰਦੀਆਂ ਤੇ ਨ੍ਹਾਉਂਦੀਆਂ ਨੇ, ਫੇਰ ਦਸਖਾਂ ਏਹ ਘੁੰਡ ਘੁੰਡ ਹੋਇਆ ਕੇ ਉਸ਼ਟੰਡ । ਰੁਕੋ ਏਹ ਘੁੰਡ ਤੇ ਛੋਟੀ ਅਵਸਥਾ ਵਿਚ ਵਿਵਾਹ ਦੇਨਾ ਮੁਸਲਮਾਨਾਂ ਦੇ ਵਕਤ ਤੋਂ ਚਲਿਆਹੈ ॥

(ਰੁਕੋ) ਬੇਬੇ ਜੀ ਓਹ ਕਿਸਤਰਾਂ ਤੇ ਮੁਸਲਮਾਨੀਆਂ ਤੇ ਘੁੰਡ ਨਹੀਂ ਕਢਦੀਆਂ ॥

(ਸੇਠਨੀ) ਰੁਕੋ ਜਦ ਮੁਸਲਮਾਨਾਂ ਦਾ ਰਾਜ ਇਸ ਭਾਰਥਖੰਡ ਵਿਚ ਹੋਗਿਆ ਸੀ, ਤਦ ਫੇਰ ਏਹ ਆਰੀਯਾ ਸੰਤਾਨ ਦੀਆਂ ਲੜਕੀਆਂ ਜੋਰ ਨਾਲ ਲੈਨ ਲਗ ਪੈ ਸਨ ॥ ਫੇਰ ਏਹ ਹਾਲ ਦੇਖ ਕੇ ਤੇ ਸਿਆਨਿਆਂ ਪੰਡਿਤਾਂ ਨੇ ਓਹ ਮੰਤਰ ਜੋਹੜਾ ਤੂੰ ਪੜ੍ਹਿਆ ਹੈ ਕੇ ਸ਼ੀਘਰਬੋਧ ਵਿਚ ਲਿਖਦਾ

ਹੈ ਕੇ ਕੰਨਿਆਂ ਦੀ ਅਠਵੇਂ ਵਰ੍ਹੇ ਗੌਰੀ, ਨਾਵੇਂ ਵਰ੍ਹੇ ਰੋਹਨੀ ਦਸਵੇਂ ਵਰੇ ਕਨਿਆ ਤੇ ਉਸਦੇ ਪਿਛੋਂ ਰਜਸ੍ਵਲਾ ਦੀ ਸੰਖਯਾ ਹੋ ਜਾਂਦੀ ਹੈ। ਜਿਸਦੇ ਸਬਬ ਰਜਸ੍ਵਲਾ ਹੋਵਨ ਦੇ ਪਿਛੋਂ ਉਹਦਾ ਵਿਵਾਹ ਕਰਨ ਨਾਲ ਮਾਂ, ਪਿਉ ਤੇ ਵਡਾ ਭ੍ਰਾਈ ਨਰਕ ਨੂੰ ਜਾਂਦੇ ਹਨ। ਬਨਾਇਆ ਤੇ ਧਰਮ ਸ਼ਾਸਤਰ ਵਿਚ ਰਖ ਕੇ ਲੋਕਾਂ ਨੂੰ ਸੁਨਾਇਆ ਕੇ ਧਰਮ ਹਿੰਦੂਆਂ ਦਾ ਏਹੀ ਹੈ ਕੇ ਕੰਨਿਆਂ ਦਾ ਵਿਵਾਹ ਦਸ ਬਰਸ ਤੋਂ ਪਿਛੇ ਕਰਨਾ ਪਾਪ ਹੈ। ਫੇਰ ਲੋਕ ਇਸੇ ਤਰ੍ਹਾਂ ਕਰਨ ਲਗ ਪੈ । ਇਸਤਰਾਂ ਕਰਨ ਨਾਲ ਹਿੰਦੂ ਜਾਤੀ ਦੀਆਂ ਕੰਨਿਆਂ ਬਹੁਤ ਜਬਰ-ਦਸਤੀ ਨਾਲ ਖੋਹ ਲੈਨੀਆ ਬੰਦ ਹੋਗਈਆਂ। ਕਿਉਂ ਜੋ ਮੁਸਲਮਾਨਾਂ ਦੇ ਧਰਮ ਪੁਸਤਕ ਵਿਚ ਵਿਵਾਹੀ ਹੋਈ ਨੂੰ ਫੇਰ ਵਿਵਾਹ ਲੈਨਾ ਮਨਾਂ ਹੈ। ਜਦ ਇਸਤਰਾਂ ਕਰਨ ਨਾਲ ਕੁਛ ਖੁਲ੍ਹਾਰ ਹੋਗਈ, ਫੇਰ ਮੁਸਲਮਾਨਾਂ ਨੇ ਇਸ ਤਰ੍ਹਾਂ ਕਰਨਾਂ ਪਕੜਲੀਤਾ ਕੇ ਜਿਸਦੀ ਸ਼ਕਲ ਸੂਰਤ ਹਛੀ ਦੇਖਨ ਉਸਦੀ ਔਰਤ ਜਬਰ ਦਸਤੀ ਉਸ ਕੋਲੋਂ ਛੁੜਵਾ ਲੈਨ ਤਾਂ ਫੇਰ ਆਪ ਕਰ ਲੈਨ, ਸੋ ਇਸ ਵਾਸਤੇ ਰੁਕੋ ਜਨਾਨੀਆਂ ਨੇ ਅਪਨੇ ਮੁੰਹ ਢਕ ਕੇ ਚਲਨਾ ਫਿਰਨਾ ਪਕੜਇਆ; ਸੋ ਉਸ ਵੇਲੇ ਤੋਂ ਇਸ ਘੁੰਡ ਦੀ ਰਸਮ ਚਲੀ ਹੈ। ਹੁਨ ਤਾਂ ਮਹਾਰਾਨੀ ਵਿਕਟੋਰੀਆ ਦੇ ਰਾਜ ਵਿਚ ਕੋਈ ਕਿਸੇ ਤੇ ਜਬਰ ਦਸਤੀ ਨਹੀਂ ਕਰ ਸਕਦਾ ਇਸ ਵਾਸਤੇ ਹੁਨ ਧਰਮ ਸ਼ਾਸਤ੍ਰ ਦੇ ਹੁਕਮ ਜੀ ਮੰਨਨੇ ਚੰਗੇ ਹਨ ॥

(ਰੁਕੋ) ਬੇਬੇ ਜੀ ਫੇਰ ਬੁਧੋ ਕੰਮੋ ਤੇ ਅਤਰੀ ਦਾ ਕੀਹ ਹਾਲ ਹੋਇਆ ॥

(ਸੇਠਨੀ) ਬਸ ਫੇਰ ਘਰਦਿਆਂਨੇ ਉਨਾਂ ਦੀਆਂ ਚਿਠੀਆਂ ਆਪ ਲੈਕੇ ਜਦ ਪੜ੍ਹਾਇਆਂ ਤੇ ਉਨਾਂ ਵਿਚੋਂ ਸਭਨਾਂ ਦੇ ਮਤਲਬ ਏਹੋ ਜੇਹੇ ਸਨ ॥

—(ਚਿਠੀ ਅਤਰੀ ਦੀ ਬੁਧੋ ਦੇ ਨਾਮ)—

ਪਿਆਰੀ ਭੈਨ ਬੁਧੋ ਸਲਾਮ! ਤੇਰਾ ਖਤ ਪਹੁੰਚਾ ਹਾਲ ਪੜ੍ਹ ਕਰ ਦਿਲ ਬੜਾ ਖੁਸ਼ੀ ਹੋਇਆ ਹੈ, ਪਿਆਰੀ ਮੈਂ ਹਰ ਰੋਜ਼ ਯਸੂਮਸੀਹ ਖੁਦਾਵੰਦ ਕੇ ਆਗੇ ਹਾਥ ਜੋੜ ਕਰ ਅਰਜ ਕਰਤੀ ਹੂੰ ਕੇ ਮੁਝੇ ਇਸ ਗੰਦੀ ਜਿੰਦਗੀ ਸੇ ਬਚਾ ਔਰ ਅਪਨੇ ਪਾਸ ਆਸਮਾਨ ਪਰ ਬੁਲਾ, ਯਹਾਂ ਕੋਈ ਗਿਰਜਾ ਨਹੀਂ ਨਾ ਕੋਈ ਪੜ੍ਹਾਨੇ ਵਾਲੀ ਹੈ, ਮੈਂ ਤੋ ਬੜੀ ਤੰਗ ਹੂੰ। ਖੁਦਾਵੰਦ ਮਸੀਹ ਜਲਦੀ ਜਲਦੀ ਇਨਾਂ ਬੇਦੀਨਾਂ ਥੋਂ ਮੈਂਨੂੰ ਛੁੜਾਵੇ। ਕੰਮੋਂ ਤੋਂ ਸੁਨਾ ਹੈ ਕੇ ਪਿਛਲੇ ਐਤਵਾਰ ਕੋ ਬਪਤਿਸਮਾਂ ਲੇਲਿਆ ਹੈ ਔਰ ਅਜਾਬ ਸੇ ਛੁਟ ਗਈ ਹੈ ॥

ਅਗਰ ਤੁਮ ਪੁਖਤਾ ਯਕੀਨ ਸੇ ਦੂਸਰੇ ਐਤਵਾਰ ਕੋ ਨਾਰੋਵਾਲ ਆਜਵੋ ਤੋ ਮੈਂ ਭੀ ਇਸ ਬੇਦੀਨ ਘਰ ਸੇ ਨਿਕਲ ਕਰਤੁਮਾਰੇ ਸਾਥ ਹੀ ਬਪਤਿ ਸਮਾਂ ਲੇਲੂੰ। ਯੇਹ ਖਤ ਪੜ੍ਹਕਰ ਫਾੜ ਦੇਨਾ ਔਰ ਜੁਆਬ ਭੀ ਜਲਦੀ ਲਿਖਨਾ ॥ ਸੋਰੁ ਕੋ ਏਹ ਖਤ ਪੜ੍ਹ ਕੇ ਤੇ ਉਸਦੇ ਸੌਰਿਆਂ ਨੇ ਕਿਸੇ ਅਵਾਨੇ ਮੁੰਡੇ ਦੇ ਹਥ ਬੁਧੋ ਨੂੰ ਭੇਜ ਦਿਤਾ। ਤੇ ਇਸ ਬਾਤ ਦਾ ਖਿ-

ਆਲ ਕੀਤਾ ਕੇ ਹੁਨ ਜੁਆਬ ਦੇਖ ਲਈਏ। ਦੂਸਰੇ ਦਿਨ ਬੁਧੋ ਨੇ ਜੁਆਬ ਲਿਖਾ ਕੇ ਇਸ ਮੁੰਡੇ ਨੂੰ ਦਿਤਾ ਕੇ ਡਾਕ ਵਿਚ ਪਾਆਵੇ ਉਸ ਮੁੰਡੇ ਕੋਲੋਂ ਉਸਦੇ ਘਰ ਵਾਲੇ ਨੇ ਖਤ ਖੋਹ ਕੇ ਤੇ ਆਪਨੇ ਚਾਚੇ ਤਾਇਆਂ ਨੂੰ ਜਾ ਦਿੱਤਾ। ਓਹ ਇਸਤਰ੍ਹਾਂ ਸੀ :—

ਪਿਆਰੀ ਭੈਨ ਅਤਰੀ ਜੀ ਸਲਾਮ! ਖਤ ਆਪ ਕਾ ਪਹੁੰਚਾ ਹਾਲ ਮਾਲੂਮ ਹੋਇਆ। ਮੈਂ ਖੁਦਾਵੰਦ ਯਿਸੂਮਸੀਹ ਕਾ ਸ਼ੁਕਰੀਆ ਅਦਾ ਕਰਤੀ ਹੂੰ ਜੋ ਤੇਰਾ ਦਿਲ ਸਾਫ ਪਾਕ ਰੋਸ਼ਨੀ ਸੇ ਸਫਾ ਔਰ ਚਮਕੀਲਾ ਹੋਗਿਆ ਹੈ। ਮੈਂ ਜ਼ਰੂਰ ਛਨਿਛਰ ਵਾਰ ਨਾਰੋਵਾਲ ਪਹੁੰਚ ਜਾਉਂਗੀ ਤੂੰ ਜਰੂਰ ਅਪਨੀ ਤਿਆਰੀ ਕਰਕੇ ਚਲੇਆਨਾ। ਏਹ ਖਤ ਭੀ ਉਨਾਂ ਪੜ੍ਹ ਕੇ ਅਗੇ ਟੋਰ ਦਿਤਾ। ਸੋ ਰੁਕੋ ਓਹ ਅਤਰੀ ਤੇ ਬੁਧਾਂ ਦੋਵੇਂ ਘਰੋਂ ਨਿਕਲ ਗਈਆਂ ਤੇ ਕਰਾਨਨਾਂ ਹੋਗਈਆਂ। ਇਸ ਵਾਸਤੇ ਲੋਕ ਹੁਨ ਏਹ ਖਿਆਲ ਕਰ ਬੈਠੇ ਨੇ ਜੋ ਪੜ੍ਹਨ ਨਾਲ ਜਨਾਨੀਆਂ ਖਤ ਚਿਠੀ ਲਿਖ ਕੇ ਵਿਗੜ ਜਾਂਦੀਆਂ ਨੇ। ਪਰ ਏਹ ਨਹੀਂ ਜਾਨਦੇ ਜੋ ਜੇਹੀ ਪੜ੍ਹਾਈ ਹੋਵੇਗੀ ਤਿਹਾਈ ਓਹਦਾਗਿਆਨ ਹੋਵੇਗਾ, ਸੰਤਾਂ ਨੂੰ ਕੀ ਦੋਸ਼ ਦੇਈਏ, ਏਹ ਮਾਪਿਆਂ ਦੀ ਸਾਰੀ ਭੁਲ ਹੈ॥

(ਰੁਕੋ) ਬੇਬੇ ਜੀ ਮੈਂ ਨੂੰ ਤਾਂ ਹੁਨ ਚਿੰਤਾ ਹੋਗਈ ਹੈ। ਮਤਾਂ ਮਾਤਾ ਜੀ ਮੈਨੂੰ ਏਥੋਂ ਲੈਜਾਵਨ ਤੇ ਕਿਧਰੇ ਕਿਸੇ ਅਨ-ਪੜ੍ਹੇ ਰੋਗੀ ਕੰਗਾਲੇ ਨਾਲ ਵਿਵਾਹ ਦੇਵਨਮੈਂ ਤਾਂ ਫੇਰ ਮੁਈਕਿਉਂ

(ਸੇਠਨੀ) ਨਹੀਂ ਰੁਕੋ ਤੂੰ ਚਿੰਤਾ ਨਾਂ ਕਰ ਮੈਂ ਤੇਰੀ ਮਾਂ ਨੂੰ ਸਮਝਾ ਲਵਾਂਗੀ ਤੇ ਉਮੇਦ ਹੈ ਈਸ਼ਰ ਤੇਰੇ ਵਾਸਤੇ ਤੇਰੇ ਜੋਹਾ ਵਰ ਮਿਲਾ ਦੇਵੇਗਾ। ਠੈਹਰ ਸੁਨਤਾਂ ਸਹੀ ਕੀ ਬਜਿਆ ਹੈ॥

(ਰੁਕੋ) ਬੇਬੇਜੀ ਬਜੇ ਦਸ ਹੋਵਨਗੇ ॥

(ਸੇਠਨੀ) ਜਾ ਘੜੀ ਪਰ ਦੇਖ ਕੀ ਵਜਿਆ ਹੈ ॥

(ਰੁਕੋ) ਜੀ ੧੨ ਬਜਗੈ ਹਨ ॥

(ਸੇਠਨੀ) ਅਛਾ ਫੇਰ ਹੁਨ ਆਕੇ ਸੌ ਰਹੋ, ਪਰ ਠੈਹਰ ਅਜੇ ਦਰਵਾਜਾ ਬੰਦ ਨਾਂ ਕਰੀਂ ਮੈਨੂੰ ਮਾਈ ਜੀ ਦੀ ਸੁਰਤ ਲੈ ਲੈਨਦੇ, ਏਹ ਕੈਹ ਕੇ ਝਟ ਪਟ ਬਾਹਰ ਨਿਕਲ ਆਈ ਤੇ ਓਸ ਅੰਦਰ ਜਿਥੋਂ ਮਾਈ ਸੁਤੀ ਹੋਈ ਸੀ ਦੋਵੇਂ ਚਲੀਆਂ ਗਈਆਂ ਤੇ ਅਵਾਜ ਦੇ ਕੇ ਜਗਾਇਆ, ਨਾਲੇ ਪੁਛਿਆ, ਮਾਈ ਜੀ ਕੀਹ ਹਾਲ ਹੈ, ਹੁਨ ਤਪ ਲਥਾ ਹੈ॥

(ਮਾਈ) ਹਾਂ ਬੱਚੀ ਹੁਨ ਕੁਛ ਅਰਾਮ ਹੈ, ਭਗਵਾਨ ਨੇ ਕਿਰਪਾ ਕੀਤੀ ਹੈ, ਮੁੜਕਾ ਭੀ ਅਛੀਤਰਾਂ ਨਾਲ ਆਗਿਆ ਹੈ ਹੁਨ ਅਚਵੀ ਭੀ ਨਹੀਂ ਹੁੰਦੀ ॥

(ਸੇਠਨੀ) ਕੁਛ ਇਛਿਆ ਖਾਣੇ ਦੀ ਹੋਵੇ ਤਾਂ ਮੈਂ ਬਨਾ ਦੇਵਾਂ॥

(ਮਾਤਾ) ਬੱਚੀ ਰਬ ਤੈਨੂੰ ਭਾਗ ਲਾਵੇ ਸਦਾ ਸੁਹਾਗਨ ਰੱਖੇ, ਮੈਂ ਤੇਰਾ ਭਾਰ ਕਿਸ ਜਨਮ ਉਤਾਰਾਂਗੀ। ਮੈਨੂੰ ਕੋਈ ਇਛਿਆ ਨਹੀਂ, ਜਾਉ ਸੌਂ ਰਹੋ ਰਾਤ ਬਹੁਤ ਗਈ ਹੈ, ਪੈਹਰੇ ਵਾਲੇ ਦੂਜੀ ਵੇਰੀ ਹੋ ਗਏ ਨੇ ॥

ਜਾਂ ਸਵੇਰ ਹੋਈ ਤਾਂ ਸੇਠਨੀ ਜੀ ਨੇ ਜਾਂਕੇ ਮਾਤਾ ਜੀ ਦੀ ਖਬਰ ਲੀਤੀ ਤੇ ਉਨਾਂ ਨੂੰ ਰਾਜੀ ਬਾਜੀ ਦੇਖ ਕੇ ਤੇ ਪੁਛਨ ਲਗੀ ॥

(ਸੇਠਨੀ) ਮਾਈ ਜੀ ਅਸਾਡੇ ਵਿਚ ਕੀਹ ਭੈੜ ਡਿਠਾ ਜੇ ਜੋ ਪੇਕੇ ਜਾਵਨ ਦਾ ਖਿਆਲ ਕਰਦੇ ਹੋ, ਹੁਨ ਤਾਂ ਤੁਸੀਂ ਮੈਨੂੰ ਦੋ ਘੜੀਆਂ ਨਜਰ ਨਹੀਂ ਆਉਂਦੇ ਤਾਂ ਦਿਲ ਉਦਾਸ ਹੋ ਜਾਂਦਾ ਹੈ ॥

(ਮਾਤਾ) ਹਰੇ ਹਰੇ ਹਰੇ ਬੱਚੀ ਭਗਵਾਨ ਤੈਨੂੰ ਸਦਾ ਆਨੰਦ ਰਖੇ ਤੇ ਜੋੜੀ ਸਲਾਮਤ ਰਹੇ ਜੇ ਮੈਂ ਅਨਾਥਨੀ ਉਪਰ ਜਿਤਨੀ ਦਇਆ ਕਰਨੀਏਂ ਤੇ ਜਿਸ ਤਰਾਂ ਮੈਂਨੂੰ ਰਖਿਆ ਹੋਇਆਈ ਇਸ ਤਰ੍ਹਾਂ ਤੇ ਮੈਂਨੂੰ ਮਾਂ ਪਿਉ ਭੀ ਨਹੀਂ ਸੀ ਰਖਿਆ, ਕੌਨ ਕੈਹਿੰਦਾ ਹੈ ਮੈਂ ਪੇਕੇ ਚਲੀ ਹਾਂ ॥

(ਸੇਠਨੀ) ਰੁਕੋ ਉਰੇ ਆਖਾਂ ਲੈ ਸੁਨ ਮਾਈ ਆਖ ਦੀਏ ਕੇ ਕੌਨ ਆਖਦਾਏ, ਮੈਂ ਪੇਕੇ ਚਲੀ ਹਾਂ ॥

(ਰੁਕੋ) ਮਾਤਾ ਜੀ ਮੈਨੂ ਜੂ ਆਖਿਆ ਸਾਜੇ ਕੇ ਹੁਨ ਸਵਾਸਾਂ ਦਾ ਕੁਛ ਭਰੋਸਾ ਨਹੀਂ ਤੇ ਲਾਲੇ ਹੋਰੀ ਭੀ ਅਜੇ ਨਹੀਂ ਆਏ, ਮੇਰਾ ਜੀ ਕਰਦਾਏ ਜੋ ਪੇਕੇ ਚਲ ਕੇ ਤੇ ਤੇਰੇ ਫੇਰੇ ਕਰ ਛਡਾਂ ਤਾਂ ਫੇਰ ਚਿੰਤਾ ਦੂਰ ਹੋ ਜਾਵੇਗੀ।

(ਮਾਤਾ) ਹਾਂ ਹਾਂ ਮੈਨੂੰ ਯਾਦ ਆਗਿਆਏ ਏਹ ਗਲ ਤਾਂ ਬੱਚੀ ਮੈਂ ਆਖੀ ਸੀ ਪਰ ਮੇਰਾ ਮਤਲਬ ਏਹ ਨਹੀਂ ਜੋ ਮੈਂ ਕਿਸੇ ਗਲੇ ਦੁਖੀ ਹਾਂ ਤੇ ਮੈਂ ਜਾਕੇ ਫੇਰ ਨਹੀਂ ਆਵਨਾ।

ਏਹ ਤਾਂ ਬਚੀ ਇਸ ਵਾਸਤੇ ਆਖੀ ਸੀ ਜੋ ਰੁਕੋ ਜੁਆਨ ਹੋ ਪਈ ਹੈ ਤੇ ਏਥੇ ਸਾਡਾ ਕੋਈ ਜਾਤਦਾ ਵਾਕਫ਼ ਭੀ ਨਾਹੋਇਆ ਤੇ ਅਕਸਰ ਰੁਕੋ ਨੇ ਬੇਗਾਨੇ ਘਰ ਹੀ ਜਾਨਾਂ ਹੋਇਆ। ਤੇ ਏਹ ਨਾਂ ਨਾਂ ਪਈ ਆਖੇ ਕੇ ਮੇਰਾ ਪਿਉ ਮਾਮਾ ਕੋਈ ਨਹੀਂ ਰਹਿਆ ਸੋ ਬੀਬੀ ਜੀ ਮੈਂ ਅਪਨੇ ਆਪ ਨੂੰ ਰਾਜੀ ਨਾ ਦੇਖ ਕੇ ਜਰੂਰ ਏਹ ਚੇਤਿਆ ਸੀ ॥

(ਸੇਠਨੀ) ਮਾਈ ਜੀ ਤੁਸੀਂ ਰੁਕੋ ਨੂੰ ਕਿਸੇ ਪਿੰਡ ਵਿਚ ਕਿਸੇ ਅਨਪੜ੍ਹ ਨਾਲ ਵਿਹਾਨਾ ਚਾਹੁੰਦੇ ਹੋ ਦੇਖੋ ਤਾਂ ਸਾ ਈ ਰੁਕੋ ਕਿਸ ਵਰਦੇ ਲਾਇਕਏ। ਤੇ ਨਾਲੇ ਪੜਹੀ ਹੋਈ ਧੀ ਅਨਪੜਹ ਨੂੰ ਦੇਨੀ ਏਹ ਤਾਂ ਗਊ ਖੋਤੇ ਨੂੰ ਇਕੱਠਾ ਕਰਨਾ ਹੈ। ਕੀਹ ਹੋਇਆ ਤੁਹਾਡਾ ਏਥੇ ਕੋਈ ਵਾਕਬ ਨਹੀਂ ਸਾਡੇ ਤੇ ਹੈਨ ਕੇ ਨਾ। ਤੇ ਜਦ ਮਾਈ ਤੈਨੂੰ ਸੇਠ ਹੋਰੀ ਆਪ ਕੈਹ ਚੁਕੇ ਨੇ ਕੇ ਰੁਕੋ ਸਾਡੀ ਭੈਨ ਹੈ ਤਾਂ ਫੇਰ ਓਹ ਰੁਕੋ ਨੂੰ ਅਜੇਹੇ ਘਰ ਵਿਵਾਹਨਾ ਪਸੰਦ ਕਰਨਗੇ, ਤੇ ਰੁਕੋ ਦੇ ਮਾਮਿਆਂ ਜੋ ਦੇਨਾ ਹੈ ਬੇਸ਼ਕ ਏਥੇ ਆਕੇ ਦੇ ਜਾਵਨ। ਜੋ ਕੁਛ ਰੁਕੋ ਜੋਗਾ ਸਾਡੇ ਪਾਸੋਂ ਹੋ ਸਕੇਗਾ ਅਸੀਂ ਆਪ ਦੇਵਾਂਗੇ, ਮਾਈ ਕੋਈ ੧੦ ਯਾ ੧੨ ਦਿਨ ਹੋਏ ਨੇ ਸੇਠ ਹੋਰਾਂ ਆਖਿਆ ਸੀ ਕੇ ਸਾਡੀ ਸਲਾਹ ਹੈ ਕੇ ਰੁਕੋ ਦਾ ਵਿਵਾਹ ਇਸ ਵਿਸਾਖ ਵਿਚ ਕਰ ਛਡੀਏ, ਤੇ ਮੁਕਲਾਵਾ ੨ ਵਰਿਆਂ ਤਕ ਟੋਰ ਦਿਆਂਗੇ, ਕਿਉਂ ਜੋ ਰੁਕੋ ੧੫ ਵਰਿਆਂ ਦੀ ਹੋ ਗਈ ਹੈ, ਤੇ ਸੋਲਾਂ ਬਰਸਾਂ ਦੀ ਦਾ ਵਿਵਾਹ ਕਰ ਦੇਨਾ ਅੱਛਾ ਹੁੰਦਾ ਹੈ, ਤਾਂ ਮੈਂ ਫੇਰ ਪੁਛਿਆ

ਸੀ ਕੇ ਵਰ ਭੀ ਕੋਈ ਢੂੰਡਨਾ ਪਵੇਗਾ, ਫੇਰ ਆਖਨ ਲਗੇ, ਵਚ ਸਾਡੀ ਨਜਰ ਵਿਚ ਹੈ, ਪਰ ਮੁੰਡਾ ਆਖਦਾ ਹੈ ਕੇ ਵਿਵਾਹ ਮੈ ਉਸ ਲੜਕੀ ਨਾਲ ਕਰਾਂਗਾ ਜਿਸਨੂੰ ਮੈਂ ਹਛੀਤਰਾਂ ਦੇਖ ਲਵਾਂਗਾ। ਸੋ ਮਾਈ ਜਦ ਸੇਠ ਹੋਰੀ ਆਵਨ ਤਾਂ ਯਾਂ ਤੂੰ ਯਾਂ ਮੈਂ ਇਸ ਗਲ ਨੂੰ ਛੇੜਾਂਗੇ, ਫੇਰ ਮੁੰਡਾ ਦੇਖਕੇ ਤੇ ਕੁਛ ਬੰਦੋ ਬਸਤ ਕਰ ਦਿਆਂਗੇ। ਅਜੇ ਵਿਸਾਖ ਤਾਈਂ ਹੈ ਭੀ ਕੁਨੇਤਰ ਨਾ ॥

(ਮਾਤਾ) ਬੀਬੀ ਗਲ ਤੇ ਤੂੰ ਠੀਕ ਆਖੀ ਹੈ,ਬੱਚੀ ਮੈਂ ਏਹ ਭੀ ਜਾਂਨਦੀ ਹਾਂ ਕੇ ਮੇਰੇ ਪੇਕਿਆਂ ਕੋਈ ਮੇਰੇ ਨਾਲ ਭਲਾ ਨਹੀਂ ਕਰਨਾ, ਕਿਉਂ ਜੋ ਮੈਂ ਜਦ ਵਿਵਾਹੀ ਸਾਂ ਤਾਂ ਮੁੱਦੇ ਦਾ ਮੁੱਦਾ ਤੇ ੨੦੦) ਰੁਪਜਾ ਨਾਲ ਲੀਤੇ ਸਾਨੇ,ਸੋ ਹੁਨ ਭੀ ਜੇ ਮੈਂ ਓਥੇ ਜਾਵਾਂਗੀ ਭਾਵੇਂ ਮੈਂ ਪੁੰਨ ਸਾਕ ਹੀ ਦੇਨਾ ਹੈ ਪਰ ਉਨਾਂ ਜਰੂਰ ਇਉਂ ਤਿਉਂ ਕਰ ਕੇ ਕੁਛ ਨਾਂ ਕੁਛ ਅਪਨਾ ਨਫਾਹ ਕਰ ਹੀ ਲੈਨਾ ਹੈ॥

(ਸੇਠਨੀ) ਤੁਸੀਂ ਸੱਚ ਆਖਦੀ ਹੋ,ਮਾਈ ਜੀ ਸਾਡੇ ਪਿੰਡ ਵਿਚ ਇਕ ਆਦਮੀ ਨੇ ਆਪਨੀ ਧੀ ਦਾ ੨੭੦੦) ਰੁਪਜਾ ਲੀਤਾ ਹੈ, ਪਰ ਦੇਖਨ ਵਿਚ ਤਾਂ ਉਸਦਾ ਭੈੜਾ ਹਾਲ ਹੀ ਮਾਲੂਮ ਹੁੰਦਾ ਹੈ। ਮੈਂ ਸੁਨਿਆਂ ਹੈ ਕੇ ਹੁਨ ਉਸ ਨੂੰ ਕੋਹੜ ਭੀ ਹੋ ਗਿਆ ਹੈ॥

(ਮਾਤਾ) ਹਾਂ ਬੱਚੀ ਏਹ ਤਾਂ ਗਲ ਮਸ਼ਹੂਰ ਹੈ। ਤੂੰਆਪ ਪੜਹੀ ਹੋਈ ਹੈਂ ਅਕਸਰ ਲੋਗ ਏਹੀ ਆਖਦੇ ਨੇ ਕੇ ਮੰਦੀ

ਕਮੀਂ ਨਾਨਕਾ ਜਦ ਕਦ ਮੰਦਾ ਹੋ। ਸੋ ਬਚੀ ਜਿਸ ਦੌਲਤ ਯਾਂ ਚੀਜ ਦਾ ਕੋਈ ਮੁਲ ਨਾ ਖਰਚੇ ਓਹ ਉਸ ਨੂੰ ਕਦ ਸਮਝਕੇ ਵਰਤਦਾਹੀ ਬੱਚੀ ਮੈਂ ਆਪ ਕੋਈ ਦੇਖੇ ਨੇ ਜੋ ਧੀਆਂ ਦਾ ਪੈਂਸਾ ਲੈਂਦੇ ਨੇ ਇੱਕ ਨਾ ਇੱਕ ਦਿਨ ਅਜੇਹੇ ਤੰਗ ਹੁੰਦੇ ਨੇ ਜੋ ਕੋਈ ਵਾਤ ਨਹੀਂ ਨੇ ਪੁੱਛਦਾ ॥

(ਸੇਠਨੀ) ਤਾਂ ਮਾਈ ਜੀ ਜਦ ਤੁਸੀਂ ਏਹ ਜਾਨਦੇ ਹੋ ਫੇਰ ਕਿਉਂ ਰੁਕੋ ਨੂੰ ਅਜੇਹੀ ਜਗਾ ਲੈ ਜਾਕੇ ਵਿਵਾਹਨਦੀ ਠਾਨੀਜੇ। ਤੁਸੀਂ ਰੁਕੋ ਦਾ ਫਿਕਰ ਨਾ ਕਰੋ॥

(ਮਾਤਾ) ਅਛਾ ਬੱਚੀ ਤੁਸੀਂ ਜਾਨੋਂ ਜਿਸ ਤਰ੍ਹਾਂ ਮਰਜੀ ਜੇ ਕਰੋ। ਤੁਹਾਡੇ ਨਾਲੋ ਰੁਕੋ ਕਿਸ ਨੂੰ ਪਿਆਰੀ ਹੈ, ਏਹ ਗੱਲਾਂ ਕਰਕੇ ਫੇਰ ਸੇਠਨੀ ਤਾਂ ਅਪਨੇ ਅੰਦਰ ਆ ਗਈ ਤੇ ਮਾਈ ਰੋਟੀ ਟੁਕਰ ਪਕਾਨ ਲਗ ਪਈ ॥

ਜਦ ਰਾਤ ਹੋਈ ਤਾਂ ਸੇਠ ਹੋਰੀ ਭੀ ਘਰ ਆਏ ਤੇ ਫੇਰ ਸੇਠਨੀ ਜੀ ਨੇ ਹੱਥ ਜੋੜ ਕੇ ਪਰਨਾਮ ਕੀਤੀ ਤੇ ਸੁਖ ਸਾਂਦ ਪੁਛ ਪੁਛਾ ਕੇ ਮਾਈ ਨੂੰ ਪਰਸ਼ਾਦ ਤਿਆਰ ਕਰਨ ਵਾਸਤੇ ਆਖਿਆ, ਜਦ ਪਰਸ਼ਾਦ ਖਾ ਪੀ ਚੁੱਕੇ ਤਾਂ ਫੇਰ ਏਹ ਗਲਾਂ ਉਨਾਂ ਵਿਚ ਹੋਵਨ ਲਗੀਆਂ ॥

(ਸੇਠਨੀ) ਸੁਆਮਿਨ ਆਪ ਰਾਤ ਕਿਥੇ ਰਹੇਸੋ ਤੇ ਬਸਤਰ ਕੱਪੜਾ ਹਛਾ ਸੌਨ ਵਾਸਤੇ ਮਿਲ ਗਿਆ ਸਾਜੇ; ਤੇ ਜਿਸ ਕਾਰਜ ਵਾਸਤੇ ਗਏਸੋ ਓਹ ਪੂਰਾ ਹੋਗਿਆ ਹੈ ਕੇ ਨਹੀਂ।

(ਸੇਠ) ਪਿਆਰੀ ਈਸ਼ੁਰ ਦਾਤਾ ਹੈ; ਸਭ ਜਗਾ ਆਨੰਦ

ਹੀ ਹੋਂਦਾ ਹੈ; ਜੇਕਰ ਆਦਮੀ ਅਪਨੀ ਅਪਨੀ ਜ਼ੁਬਾਨ ਮਿਠੀ ਰਖੇ ਤਾਂ ਸਭ ਕੁਛ ਮਿਲਦਾ ਹੈ। ਕੰਮ ਮੈਂਨੂੰ ਤਾਂ ਹੋਰ ਕੋਈ ਨਹੀਂ ਸੀ ਮੈਂਨੂੰ ਭਿਪਟੀ ਸਾਹਿਬ ਨੇ ਇਕ ਰੀਹਨੇ ਦੋ ਪਛਾਨਨ ਵਾਸਤੇ ਬੁਲਾਇਆ ਸੀ ਸੋ ਮੈਂ ਦੱਸ ਦਿੱਤਾ ਹੈ॥

(ਸੇਠਨੀ) ਪਿਆਰੇ ਪਤੀ ਜੀ ਰੀਹਨਾ ਕਿਸਦਾ ਸੀ ਤੁਸਾਂ ਕਿਸ ਤਰਾਂ ਪਛਾਨ ਲਿਆ।

(ਸੇਠ) ਪਿਆਰੀ ਜਿਥੇ ਕਿਥੇ ਦੇਖਿਆਏਇਨਾਂ ਜਨਾਨੀਆਂ ਦੇ ਸਿਆਪੇ ਹੀ ਹੁੰਦੇ ਰਹਿੰਦੇਨੇ। ਮੈਂ ਤੈਂਨੂੰ ਕੀਹ ਦਸਾਂ ਤੂੰ ਮੱਤਾ ਏਹੀ ਸਮਝੇਂ ਕੇ ਮੈਂ ਸਦਾ ਤੀਮਤਾਂ ਨੂੰ ਭੈੜਾ ਭੈੜਾਹੀ ਆਖਦਾਂ ਰਹਿੰਦਾ ਹਾਂ। ਪਰ ਜਦ ਹੋਈਆਂ ਹੀ ਭੈੜੀਆਂ ਤੇ ਮੈਂ ਹੁਨ ਕੀ ਹੋਰ ਆਖਾਂ॥

(ਸੇਠਨੀ) ਸੁਆਮਿਨ ਮੈਂ ਏਹ ਤਾਂ ਜਾਨ ਚੁਕੀ ਹਾਂ ਕੇ ਜਦ ਤਕ ਆਦਮੀ ਅਥਵਾ ਇਸਤਰੀ ਨੂੰ ਵਿੱਦਿਆ ਨਹੀਂ ਹੁੰਦੀ ਏਹ ਕਿਸੇ ਕੰਮਦੇ ਨਹੀਂ, ਅਜੇ ਆਦਮੀ ਤੇ ਅਛੀ ਸੋਹਬਤ ਵਿਚ ਬੈਠਕੇ ਕੁਛ ਨ ਕੁਛ ਹੱਛਾ ਹੋ ਜਾਂਦਾ ਹੈ, ਪਰ ਜਨਾਨੀ ਤੇ ਅਪਨੀਆਂ ਭੈਨਾਂ ਵਿੱਚ ਬੈਹਕੇ ਓਸ ਥੋਂ ਭੀ ਨਿੱਗਰ ਜਾਂਦੀਏ; ਪਿਆਰੇ ਜੀ ਤੁਸੀਂ ਜੋ ਜੋ ਗੱਲ ਮੈਂਨੂੰ ਕਿਰਪਾ ਕਰਕੇ ਦਸਦੇ ਜਾਂਦੇ ਹੋ ਮੈਂ ਆਪ ਅਜਮਾ ਕੇ ਦੇਖ ਲੈਂਨੀ ਹਾਂ, ਤਾਂ ਫੇਰ ਮੈਂ ਭੀ ਸੱਚ ਜਾਨ ਜਾਨੀ ਹਾਂ, ਜੇ ਸਾਡੀਆਂ ਭੈਨਾਂ ਵਿਚ ਬੇਅਕਲੀਆਂ ਤੇ ਹਠ ਹੈਨ, ਕਿਰਪਾ ਕਰ ਕੇ ਮੈਂਨੂੰ ਸੱਚੋ ਸੱਚ ਹਾਲ ਸੁਨਾਉ॥

(ਸੇਠ) ਪਿਆਰੀ ਨੱਥੂ ਹਲਵਾਈ ਜੇਹੜਾ ਚੁਰਸਤੇ ਵਿਚ ਛੈਨੀਆਂ ਦੁੱਧ ਤੇ ਦਹੀਂ ਦੇ ਸਿਵਾ ਹੋਰ ਕੋਈ ਚੀਜ ਨਹੀਂ ਰਖਦਾ, ਕੋਈ ਦੱਸਕੂੰ ਦਿਨ ਹੋਏ ਨੇ ਮੇਰੇ ਪਾਸ ਇਕ ਕੈਂਠਾ ਲੈਕੇ ਆਇਆ ਸੀ ਤੇ ਕਹਿਆ ਸਾਸੂ ਕੇ ਇਸਨੂੰ ਪਰਖ ਤੇ ਤੋਲ ਦਿਓ, ਮੈਂ ਉਸ ਕੈਂਠੇ ਨੂੰ ਤੋਲ ਕੇ ਤੇ ਮੁੱਲ ਦੱਸ ਕੇ ਪੁਛਿਆ, ਨੱਥੂਰਾਮ ਏਹ ਕੈਂਠਾ ਕਿਸਦਾਏ ॥

(ਨੱਥੂ) ਸੇਠਜੀ ਆਪਨੇ ਛੋਟੇ ਮੁੰਡੇ ਮੰਤਰਾਮ ਦਾ ਜੇ, ਅਗੇ ਅਨੰਤਰਾਮ ਦਾ ਭੀ ਬਨਵਾਇਆ ਸੀ,ਪਰ ਓਹ ਇਕ ਦਿਨ ਮਾਂ ਨਾਲ ਨਾਵਨ ਗਿਆ ਕਿਧਰੇਲਵਾ ਗਵਾ ਆਇਆ ਸੀ ॥

(ਸੇਠ) ਤਾਂ ਫੇਰ ਇਕ ਅੱਗੇ ਤੁਸਾਂ ਗਵਾਇਆ ਭੀ ਤੇ ਹੁਨ ਫੇਰ ਹੋਰ ਕੀਹ ਲੋੜ ਸੀ, ਜੋ ਦੂਸਰਾ ਬਨਵਾ ਇਆ ਹੈ, ਭਾਈ ਸਾਰਾ ਦਿਨ ਹੱਟੀ ਤੇ ਬੈਠ ਬੈਠ ਕੇ ਤੇ ਸੌ ਤਰ੍ਹਾਂ ਦੇ ਝੂਠ ਤੇ ਠਗੀਆਂ ਕਰ ਕਰ ਕੇ ਚਾਰ ਰੁਪਏ ਬਨਾਂਦੇ ਹੋ ਫੇਰ ਇਸ ਤਰਾਂ ਨੁਕਸਾਨ ਕਰਦੇ ਹੋ, ਜਦ ਮੁੰਡੇ ਸਿਆਨੇ ਹੋਵਨਗੇ ਏਹੀ ਪੈਂਸਾ ਉਨਾਂ ਦੇ ਪੜਹਨ ਤੇ ਖਰਚ ਕਰਨਾ ਚੰਗਾ ਭਲਾ ਦੇਖ ਰਹੇ ਹੋ ਕੇ ਚੋਰ ਕਿਸ ਤਰਹਾਂ ਹੱਥੋਂ ਚੀਜਾਂ ਖੋਹ ਲੈ ਜਾਂਦੇ ਨੇ ਸਗੋਂ ਕੈਈਆਂ ਮੁਡਿਆਂ ਨੂੰ ਗੋਹਨੇ ਦੇ ਵਾਸਤੇ ਮਾਰ ਭੀ ਜਾਂਦੇ ਹਨ ॥

(ਨੱਥੂ) ਹਾਂ ਸੇਠ ਜੀ ਜੋ ਤੁਸੀਂ ਆਖਦੇ ਹੋ ਸੱਚ ਆਖਦੇ ਹੋ ਪਰ ਮੈਂ ਸੋਹਰਾ ਕੀਕਰਾਂ ਮੈਂਨੂੰ ਓਹ ਘਰੋਂ ਨਹੀਂ ਜੇ ਟਿਕਨ ਦੇਂਦੀ ਤੁਸੀਂ ਆਖੋਗੇ ਕੀਹ ਹੋਇਆ ਸੂ ਮੈਂ ਤਾਂ ਤਿੰਨ ਦਿਨ

ਹੋਏ ਜੋ ਕੇ ਰੋਟੀ ਭੀ ਹਛੀ ਤਰਾਂ ਨਹੀਂ ਖਾਦੀ ਬਥੇਰਾ ਮੈਂ ਇਨਾਂ ਮੁੰਡਿਆਂ ਦੀ ਮਾਂ ਅੱਗੇ ਅੰਦਰ ਵੜਕੇ ਹੱਥ ਜੋੜ ਰਿਹਾ ਸਾਂ ਕੇ ਮੇਰੇ ਪਾਸ ਅਜੇ ਇਤਨਾ ਧਨ ਨਹੀਂ ਜੋ ਮੈਂ ਕੈਂਠੇ ਘੜਾ ਘੜਾ ਪਾਵਾਂ ਪਰ ਮੇਰੀ ਇਕ ਨਹੀਂ ਮੰਨੀ ਗਈ। ਸੇਠ ਜੀ ਮੇਰੀ ਭੈੜੀ ਕਿਸਮਤ ਨਾਲ ਮੇਰੇ ਸੌਹਰੇ ਭੀ ਇਸੇ ਸ਼ਹਿਰ ਵਿਚ ਬਨੇ ਨੇ। ਜਿਸ ਵੇਲੇ ਜਰਾ ਜਨਾਨੀ ਨੂੰ ਉੱਚੀ ਨੀਵੀਂ ਕੈਹਨਾ ਹਾਂ ਓਹ ਝੱਟ ਪੇਕੇ ਜਾ ਬਹਿੰਦੀਏ ਫੇਰ ਜਾਂ ਲੈਨ ਜਾਵਾਂ ਤਾਂ ਅਪਨੀ ਮਾਂ ਦੇ ਸਾਮਨੇ ਇਸ ਤਰਹਾਂ ਆਖਦੀ ਜੇ। ਔਤਰਿਆਂ ਜੰਮਨ ਵਾਲਿਆਂ ਨੂੰ ਕੀਹ ਆਖਾਂ ਜੋ ਐਸੇ ਘਰ ਦਿੱਤਾ ਨੇ ਕੇ ਮੁੰਡਿਆਂ ਵਾਸਤੇ ਚੌਂ ਪੈਸਿਆਂ ਦਾ ਚੌਂਹਨਾ ਭੀ ਨਹੀਂ ਲੱਭਦਾ। ਫੇਰ ਸੇਠ ਜੀ ਤੁਸੀਂ ਖਿਆਲ ਕਰ ਸਕਦੇ ਹੋ ਓਹ ਸੱਸ ਸਾਡੀ ਕਦ ਚੁੱਪ ਰਹੇ ਬਸ ਸੁਨਦਿਆਂ ਹੀ ਮੇਰਾ ਬਾਬਾ ਦਾਦਾ ਤੇ ਕੁਛ ਗਲ ਹੀ ਨਹੀਂ ਸੱਤਾਂ ਪੀਹੜੀਆਂ ਤਾਈਂ ਝਾੜੂ ਫੇਰ ਕੇ ਛਡਦੀ ਹੈ। ਮੈਂ ਤਾਂ ਬੜਾ ਹੀ ਤੰਗ ਆਇਆ ਹਾਂ ਅੱਜ ੮ ਦਿਨ ਹੋਏ ਜੇ ਉਸ ਨੂੰ ਪੇਕੇ ਬੈਠਿਆਂ ਮੈਂ ਦੋ ਵਾਰੀ ਜਿਆਕੀ ਹਾਂ। ਪਤ ਲਹਾ ਕੇ ਮੁੜ ਆਇਆਂ ਹਾਂ ਏਹੀ ਜੁਆਬ ਮਿਲਿਆ ਜੇ ਕੇ ਕੈਂਠਾ ਮੁੰਛੇ ਜੋਗਾਂ ਬਨੇਗਾ ਤਾਂ ਆਵਾਂਗੀ ਸੋ ਹੁਨ ਮੈਂ ਕੁਛ ਇਧਰੋਂ ਕੁਛ ਉਧਰੋਂ ਠੱਗ ਠੱਗ ਕੇ ਤੇ ਏਹ ਕੈਂਠਾ ੮੦) ਦਾ ਬਨਵਾਕੇ ਲੈ ਚਲਿਆ ਹਾਂ ਹੁਨ ਦੱਸੋ ਕੀ ਕਰਾਂ ॥

(ਸੇਠ) ਅੱਛਾ ਭਾਈ ਨਥੂਰਾਮ ਤੁਸੀਂ ਲੋਭ ਨਾ ਸਮਝੋ

ਤਾਂ ਫੇਰ ਕੀ ਕਰਨਾਂ ਹੋਇਆ । ਤੁਹਾਨੂੰ ਅਪਣੀਆਂ ਥੰ ਅਕਲ ਜਨਾਨੀਆਂ ਦੇ ਕੈਹ ਉੱਤੇ ਨਹੀਂ ਚਲਣਾ ਚਾਹੀਦਾ। ਤੁਸੀਂ ਲੋਕ ਸਰੋਂ ਵਿਗਾੜ ਦੇਂਦੇ ਹੋ । ਜੇਕਰ ਜਨਾਨੀ ਨੂੰ ਅਪਨੇ ਹੱਥਾ ਹਿਠਾਂ ਰੱਖੋ ਤਾਂ ਫੇਰ ਇਸ ਤਰ੍ਹਾਂ ਕਿਉਂ ਅਖਵਾਉ॥

ਨੱਥੂ—ਸੇਠ ਜੀ ਮੈਂ ਤਾਂ ਤੁਹਾਨੂੰ ਦਸਿਆ ਹੈ ਨਾਂ ਵਿਚ ਸੋਹਰੇ ਹੋਵਨ ਦੇ ਸਬਬ ਮੈਂਨੂੰ ਕਈ ਗੱਲਾਂ ਦਾ ਦੁਖ ਹੈ। ਸੋ ਮੈਂ ਹੁਨ ਉਸ ਦੀ ਨਾਂ ਮੱਨਾਂ ਤੇ। ਉਹ ਦੀ ਮਾਂ ਖਸਮ ਖਾਨੀ ਹੁਨੇ ਮੁੰਡਿਆਂ ਦੀ ਕੁੜਮਾਈਆਂ ਤੁੜਵਾ ਦੇਂਦੀ ਜੇ । ਜਮਾਨਾ ਸੇਠ ਜੀ ਦੇਖ ਦੇ ਹੋ। ਪਾਦਸ਼ਾਹੀ ਜਨਾਨੀ ਦੇ ਹੱਥ ਹੈ। ਮਰਦ ਸੋਹਰਾ ਸੌ ਟਕਰ ਮਾਰੇ ਜਨਾਨੀ ਅੱਗੇ ਇਕ ਨਹੀਂ ਮਨੀਂਦੀ॥

(ਸੇਠ) ਹੱਛਾ ਨੱਥੂਰਾਮ ਤੇਰੀ ਮਰਜੀ । ਜਾ ਭਾਈ ਫੇਰ ਕੈਂਠਾ ਲੈਜਾ ਤੇ ਸੱਸ ਨੂੰ ਦਿਖਾਕੇ ਤੇ ਅਪਣੀ ਜਨਾਨੀ ਨੂੰ ਲੈਆ॥

ਏਹ ਗਲ ਸੁਨ ਕੇ ਤੇ ਨੱਥੂਰਾਮ ਚਲਿਆ ਗਿਆ ਸੀ ਕੋਈ ਚਾਰ ਦਿਨ ਪਿੱਛੋ ਸੁਨਿਆ ਕੇ ਓਹ ਦੇ ਛੋਟੇ ਮੁੰਡੇ ਅਨੰਤ ਰਾਮ ਦੇ ਕੰਛਨ ਤੇ ਕੈਂਠਾ ਕਿਸੇ ਲਾਹ ਕੇ ਮੁੰਡੇ ਨੂੰ ਮਾਰ ਕੇ ਖੂਹ ਵਿਚ ਸੁਟ ਦਿੱਤਾ ਹੈ। ਸੋ ਪਿਆਰੀ ਓਹ ਗੌਹਨੇ ਰੇਲ ਦੇ ਸਟੇਸ਼ਨ ਵਾਲੀ ਸੜਕ ਤੋਂ ਲੱਭੇ ਨੇ ਤੇ ਡਿਪਟੀ ਸਾਹਿਬ ਨੇ ਮੈਂਨੂੰ ਇਸ ਵਾਸਤੇ ਮੰਗਵਾਇਆ ਸੀ ਏਹ ਪਛਾਨਦੇਹ ਕੇ ਏਹ ਓਹੀ ਗੌਹਨੇ ਨੇ ਨਾ ॥

ਸੇਠਨੀ!—ਸੁਆਮਿਨ ਓਹ ਮੁੰਡਾ ਤਾਂ ਬਚ ਰਿਹਾ ਹੈ ਨਾਂ।

ਸੇਠ--ਮੈਂ ਪਿਆਰੀ ਤੈਂਨੂੰ ਸੁਨਾ ਚੁਕਾ ਹਾਂ ਕੇ ਮੁੰਡੇ ਨੂੰ ਮਾਰਕੇ ਖੂਹ ਵਿਚ ਸੁਟ ਦਿਤਾ॥

ਸੇਠਨੀ—ਤਾਂ ਫੇਰ ਪਤਾ ਕਿਸ ਤਰਾਂ ਲੱਗਾ ਜੋ ਮੁੰਡਾ ਖੂਹ ਵਿੱਚ ਹੈ ॥

ਸੇਠ—ਕਦੀ ਪਿਆਰੀ ਖੂਨ ਨਹੀਂ ਛਿਪਿਆ ਰਹਿੰਦਾ। ਇਕ ਹੱਟੀਵਾਲੇ ਦਾ ਡੋਲ ਉਸੇ ਖੂਹ ਵਿਚ ਡਿਗ ਪਿਆ ਸੀ ਓਹ ਕੁੰਡੇ ਨਾਲ ਡੋਲ ਜੋ ਕਢਣ ਲਗਾ ਤਾਂ ਓਹ ਮੁੰਡਾ ਅੜਕੇ ਤੇ ਚਲਾ ਆਇਆ। ਉਸਨੇ ਜਦ ਬਾਹਰ ਕਢਿਆ ਤਾਂ ਦੇਖੇ ਕੀ ਜੋ ਇਕ ਮੁੰਡਾ ਮੁਇਆ ਹੋਇਆ ਟੋਕਰੇ ਵਿਚ ਇਟਾਂ ਦੇ ਹਿਠਾਂ ਰਖ ਕੇ ਕਿਸੇ ਖੂਹ ਵਿਚ ਸਟਿਆ ਹੈ। ਝਟ ਉਸ ਨੇ ਰੌਲਾ ਪਾ ਦਿਤਾ, ਆਦਮੀ ਇਕੱਠੇ ਆਨ ਹੋਏ। ਹਾਕਮਾਂ ਨੂੰ ਖਬਰ ਪਹੁੰਚੀ, ਤਕੀਕਾਤ ਕਰਨ ਲਗ ਪੈ, ਢੰਡੋਰਾ ਫਿਰਾ ਦਿਤਾ ਜੋ ਲੋਕ ਆਨ ਕੇ ਤੇ ਪਛਾਨਨ ਫੇਰ ਆਮੁਲਕ ਓਥੇ ਇਕਠਾ ਹੋਇਆ॥

ਜਿਨਾਂ ਜਿਨਾਂ ਦੇ ਘਰੋਂ ਖੇਡਨ ਗਏ ਹੋਏ ਸਨ ਸਭ ਉਸ ਜਗਾ ਜਾ ਪਹੁੰਚੇ, ਨੱਥੂ ਭੀ ਹੱਟੀ ਤੋਂ ਉਠ ਕੇ ਘਰ ਗਿਆ ਤੇ ਅਪਨੀ ਜਨਾਨੀ ਨੂੰ ਪੁੱਛਨ ਲਗਾ, ਸੰਤਰਾਮ ਤੇ ਅਨੰਤ ਰਾਮ ਕਿਥੇ ਨੇ ਉਸਨੇ ਆਖਿਆ ਮਾਮੇ ਵਲ ਸਵੇਰਦੇ ਗਏ ਹੋਏ ਨੇ। ਨੱਥੂਰਾਮ ਨੇਆਖੀਆਕੇਢੰਡੋਰਾ ਨਹੀਓ ਸੁਣਿਆਕੇਇਕ ਮੁੰਡਾ ਖੂਹ ਵਿਚੋਂ ਨਿਕਲਿਆ ਹੋਇਆਹੈ ਮੁਇਆ ਹੋਇਆ ਆਕੇਪਛਾਨੋ,ਤੂੰ ਭਜ ਕੇ ਜਾਹਖਾਂ ਦੇਖ ਮਾਂਮੇ ਵਲ ਨੇ ਕੇ ਕਿਧਰੇ ਖੇਡਦੇ ਨੇ,ਜਦ ਓਹ

ਪੇਕੇਦੇਖਨ ਗਈ ਤਾਂ ਅਗੇ ਬੂਆ ਬੰਦ ਹੋਇਆ ਹੋਇਆ ਦੇਖਕੇ ਸਿਧੀ ਖੁਹ ਵਲ ਟੁਰ ਪਈ, ਅਗੇ ਜਦ ਜਾਕੇ ਦੇਖਿਓ ਸ੍ਹੁ ਤਾਂ ਫੇਰ ਬਾਂਹ ਉਲਾਰ ਉਲਾਰ ਪਿੱਟਨ ਤੇ ਰੋਨ ਲਗੀ। ਖੈਰ ਫੇਰ ਹੁਨ ਹੋ ਕੀ ਸਕਦਾ ਸੀ ਮੁੰਡੇ ਨੂੰ ਘਰ ਚੁੱਕ ਕੇ ਆਂਦੋ ਨੇ ਤੇ ਜੋ ਕੁਛ ਕਰਨਾਂ ਸਾਨੇ ਕੀਤੋਨੇ,ਹੁਣ ਉਸਦਾਗਹਣਾ ਖਾਲੀ ਮਿਲਿਆ ਹੈ ਮਾਰਨ ਵਾਲਾ ਨਹੀਂ ਲਭਾ । ਸੋ ਡਿਪਟੀ ਸਾਹਿਬ ਨੇ ਕਲ ਗੌਹਨਾ ਨੱਥੂਰਾਮ ਨੂੰ ਦੇ ਛਡਿਆ ਸੀ, ਤੇ ਮੈਂਨੂੰ ਨੱਥੂਰਾਮ ਰੋ ਰੋ ਕੇ ਆਖਦਾ ਸੀ ਕੇ ਮੌਤ ਦੀ ਖਬਰ ਸੇਠ ਜੀ ਪਹਲਾਂ ਹੀ ਮਿਲ ਗਈ ਸੀ, ਪਰ ਤੁਸੀਂ ਜਾਨਦੇ ਹੋ ਮਾਂਨੇ ਅਪਨੀ ਹਥੀਂ ਜੋ ਪੁੱਤ੍ ਮਾਰਨਾ ਸੀ ਕਿਸ ਤਰਾਂ ਹੋਨੀ ਟਲਦੀ ॥

ਸੇਠਨੀ--ਸੁਆਮੀ ਜੀ ਬੇਸ਼ਕ ਮਾਂਵਾਂ ਜੋ ਗੌਹਨੇ ਅਪਨੇ ਬਾਲਾਂ ਨੂੰ ਪਾਂਦੀਆਂਨੇ ਉਨਾਂ ਨੂੰ ਅਪਨੀ ਹਥੀਂ ਮੌਤ ਦੇ ਹਵਾਲੇ ਕਰਦੀਆਂ ਨੇ । ਸੁਆਮ ਨ ਬਾਲਾਂ ਨੂੰ ਗੌਹਨੇ ਕਿਉਂ ਪਿਆਰੇ ਲਗਦੇ ਨੇ ਤੇ ਕਿਉਂ ਬਾਲ ਗਹਨੇ ਮੰਗਦੇ ਨੇ ॥

ਸੇਠ—ਪਿਆਰੀ ਬਾਲਾਂ ਨੂੰ ਤਾਂ ਇਸ ਉਮਰ ਵਿਚ ਖਾਲੀ ਖਾਵਣਦੀਆਂ ਚੀਜਾਂ ਪਿਆਰੀਆਂ ਲਗਦੀਆਂ ਨੇ । ਏਹ ਮਾਪੇ ਅਪਨੀ ਦੌਲਤ ਦਿਖਾਣ ਵਾਸਤੇ ਪਾਂਦੇ ਨੇ ਜੋ ਲੋਗ ਦੂਸਰੇ ਜਾਨਨ ਕੇ ਫਲਾਨੇ ਦੇ ਘਰ ਭੀ ਕੁਛ ਹੈ । ਪਿਆਰੀ ਬੱਚਿਆਂ ਨੂੰ ਤਾਂ ਠਗ ਕੋਈ ਖਾਵਣ ਵਾਲੀ ਚੀਜ ਦਿਖਾ ਕੇ ਤੇ ਲਾਲਚ ਵਿਚ ਲਿਆਕੇ ਕਿਧਰੇ ਬਾਹਰ ਲੈ ਜਾਂਦੇ ਨੇ ਫੇਰ ਗੌਹਨੇ ਲਾਹ ਲੈਂਦੇ ਨੇ, ਤੇ ਬਚੇ ਨੂੰ ਇਸ ਖੌਫ ਤੋਂ ਡਰਕੇ ਕੇ ਮਤਾਂ

ਕਿਧਰੇ ਪਿਛਾਣਕੇ ਕੈਹ ਦੇਵੇ ਜੋ ਇਸ ਆਦਮੀ ਨੇ ਮੇਰੇ ਗੈ-ਹਣੇ ਲਾਹੇ ਨੇ, ਜਾਨੋਂ ਮਾਰ ਦੇਂਦੇ ਨੇ। ਸੋ ਪਿਆਰੀ ਜੋ ਪੁਰਸ਼ ਇਸ ਤਰਹਾਂ ਸਮਝ ਵਾਲੇ ਹੁੰਦੇ ਨੇ, ਓਹ ਗੈਹਨੇ ਏਹ ਨਹੀਂ ਪਾਂਵਦੇ ਵਿਦਜ਼ਾ ਸਿਖਾਂਵਦੇ ਨੇ, ਜਿਸ ਨੂੰ ਦੂਸਰੇ ਸਮਝ ਵਾਲੇ ਦੇਖਕੇ ਤੇ ਜਾਨ ਜਾਂਦੇ ਨੇ ਕੇ ਫਲਾਨੇ ਘਰ ਵਿਚ ਅਕਲ ਹੈ,

ਸੇਠਨੀ—ਪਿਆਰੇ ਜੀ ਮੈਂ ਸਮਝ ਗਈ ਕੇ ਬਚਿਆਂ ਨੂੰ ਗੈਹਣਾ ਕਦੀ ਭੀ ਨਹੀਂ ਪਾਨਾ ਚਾਹੀਦਾ ਭਾਵੇਂ ਮੁੰਡਾ ਹੋਵੇ ਭਾਵੇਂ ਕੁੜੀ ਪੈਸਾ ਲਗਾਕੇ ਤੇ ਵਿਦਜ਼ਾ ਦਾ ਗੈਹਣਾ ਪਾਵੇ। ਜਿਸ ਨੂੰ ਨਾਂ ਕੋਈ ਚੋਰ ਲੈ ਜਾਵੇ ਤੇ ਨਾਂ ਹੀ ਕਿਧਰੇ ਗਵਾਚੇ। ਮੈਂ ਆਪ ਨੀਯਮ ਕਰਨੀ ਹਾਂ ਕੇ ਮੈਂ ਤੁਹਾਨੂੰ ਕਦੀ ਭੀ ਗੈਹਨੇ ਵਾਸਤੇ ਨਹੀਂ ਆਖਾਂਗੀ, ਨਾਂ ਅਪਨੇ ਵਾਸਤੇ ਤੇ ਨਾ ਹੀ ਬਾਲਾਂ ਵਾ-ਸਤੇ ਤੇ ਮੈਂ ਈਸੁਰ ਅਗੇ ਬੇਨਤੀ ਕਰਨੀ ਹਾਂ ਕੇ ਮੇਰੀਆਂ ਭੈਨਾਂ ਨੂੰ ਭੀ ਏਹੀ ਗਿਆਨ ਹੋਵੇ ਕਿਉਂਕੇ ਗੈਹਨੇ ਦੀ ਖਾਤਰ ਓਹੋ ਲਾਲ ਜਿਸ ਨੂੰ ਇਕ ਮਾਤਾ ਨੌ ਮਹੀਨੇ ਪੇਟ ਵਿਚ ਰਖੇ ਤੇ ਢਾਈ ਬਰਸ ਤਕ ਮਲ਼ ਮੂਤ ਲਿਬੜਦੀ ਅਥਵਾ ਮਿੰਦਦੀ ਰਹੇ ਇਕ ਘੜੀ ਵਿਚ ਗਵਾਂ ਦੇਂਦੀ ਹੈ॥

ਸੇਠ--ਧੰਨਭਾਗ ਹੈਂ ਮੇਰੇ ਜੋ ਤੇਰੇ ਜੇਹੀ ਸਮਝ ਵਾਲੀ ਇਸਤਰੀ ਜੁੜੀ। ਪਰ ਪਿਆਰੀ ਪੇਟ ਤਾਂ ਥੋੜਾ ਭੀ ਭਰਲੈਂਦਾ ਹੈ ਤੂੰ ਜਰੂਰ ਅਪਨੀਆਂ ਸਹੇਲੀਆਂ ਤੇ ਭੈਨਾਂ ਨੂੰ ਇਹ ਉਪ ਦੇਸ਼ ਕਰਿਆ ਕਰ ਕੇ ਬਾਲਾਂ ਨੂੰ ਗੈਹਨੇ ਨਾਂ ਪਾਇਆ ਕਰਨ ਤੇ ਅਪਣੀ ਵਿਦਿਆ ਰੂਪੀ ਭੂਖਨ ਪਾਵਨਾ ਤਾਂ ਕੇ ਕਦੀ ਭਾ-

ਰਥ ਦੇਸ਼ੀ ਇਸਤਰੀਆਂ ਭੀ ਸੁਖ ਪਾਵਨ ਤੇ ਨਿਤ ਨਿਤ ਦੇ ਰੋਨਿਆਂ ਤੋਂ ਛੁਟਨ ॥

ਸੇਠਨੀ--ਹਥ ਜੋੜਕੇ। ਜੇ ਨੀਂਦਰ ਨਹੀਂ ਆਈ ਹੋਵੇ ਤਾਂ ਮੈਂ ਇਕ ਬੇਨਤੀ ਕਰਾਂ ॥

ਸੇਠ—ਪਿਆਰੀ ਕਰੋ, ਅਜੇ ਹੁਨੇ ਕੋਈ ਸੌ ਤੇ ਨਹੀਂ ਰੈਹਨਾ ॥

ਸੇਠਨੀ—ਤੁਸਾਂ ਅਗੇ ਇਕ ਦਿਨ ਆਖਿਆ ਸੀ ਜੋ ਰੁਕੋ ਦਾ ਵਿਵਾਹ ਹੁਨ ਇਸ ਵਿਸਾਖ ਕਰ ਦੇਈਏ ਤੇ ਮੁੰਡਾ ਭੀ ਇਕ ਹੈ, ਫੇਰ ਕੁਛ ਖਿਆਲ ਨਹੀਂ ਜੇ ਕੀਤਾ। ਅਜ ਰੁਕੋ ਦੀ ਮਾਂ ਦੀ ਜਬਾਨੀ ਭੀ ਮਾਲੂਮ ਹੋਇਆ ਹੈ ਕੇ ਰੁਕੋ ਨੂੰ ਹੁਨ ਵਿਵਾਹ ਦੇਵਨਾਂ ਹਛਾ ਹੈ, ਮੈਂ ਰੁਕੋ ਤੋਂ ਭੀ ਪੁਛਿਆ ਸੀ ਉਹ ਕੈਹਨ ਲੱਗੀ, ਜੀ ਤਾਂ ਬੇਬੇ ਜੀ ਕਰਦਾ ਹੈ ਪਰ ਵਿਵਾਹ ਕੋਈ ਵਰ੍ਹੇ ਤਕ ਹੋਵੇ ਤਾਂ ਹੀ ਹੱਛਾ ਹੈ, ਕਿਉਂ ਜੋ ਮਨੂੰ ਜੀ ਭੀ ਏਹੀ ਆਖਿਆ ਦੇਂਦੇ ਹਨ ਤੇ ਮੇਰੇ ਪੜ੍ਹਨ ਦੇ ਵਿਚ ਭੀ ਕੋਈ ਹਰਜ ਨਹੀਂ ਹੋਵੇਗਾ ਸੋ ਉਸਦੀ ਮਾਂ ਤੇ ਸਲਾਹ ਕਰ ਰਹੀ ਸੀ, ਕੇ ਪੇਕੇ ਜਾਕੇ ਤੇ ਫੇਰੇ ਕਰ ਆਵਾਂ। ਪਰ ਰੁਕੋ ਨੇ ਮੈਂਨੂੰ ਆਖਿਆ ਬੇਬੇ ਜੀ ਤੁਸੀਂ ਮਾਤਾ ਜੀਦੀ ਸਲਾਹ ਮੇਰੇ ਵਿਹਾਹਨ ਦੀ ਬੰਦ ਕਰਾ ਦਿਉ ਕਿਉਂ ਜੋ ਪਿੰਡਾ ਵਿਚ ਵਰ ਪੜ੍ਹੇ ਹੋਏ ਨਹੀਂ ਮਿਲਦੇ ਤੇ ਫੇਰ ਸਾਰੀ ਉਮਰ ਦਾ ਰੋਨਾ ਗਲ ਪੈ ਜਾਂਦਾ ਹੈ ਸੋ ਸੁਆਮਨ ਮੈਂਨੂੰ ਰੁਕੋ ਦੀ ਗਲ ਬੜੀ ਪਿਆਰੀ ਲਗੀ ਹੈ, ਤੇ ਨਾਲੇ ਮੈਂ ਅਪਨੇ ਦਿਲ ਵਿਚ ਵਿਚਾਰ ਕੀਤੀ ਕੇ ਰੁਕੋ ਜੇ ਕਿਸੇ

ਅਨਪੜ੍ਹ ਕੰਗਾਲੇ ਪਿੰਡੋਚੀ ਨਾਲ ਵਿਹਾਈਗਈ, ਤਾਂ ਸਾਰੀ ਉਮਰ ਪਈ ਦੁਖੀ ਹੋਵੇਗੀ, ਇਸ ਵਾਸਤੇ ਮੈਂ ਉਸ ਦੀ ਮਾਂ ਨੂੰ ਉਸ ਸਲਾਹੋਂ ਰੋਕ ਦਿੱਤਾਏ ਤੇ ਕੈਹਿਆ ਹੈ ਕੇ ਰੁਕੋ ਦਾ ਵਰ ਸੇਠ ਹੋਰੀ ਆਪ ਢੂੰਡਨਗੇ ॥

(ਸੇਠ) ਪਿਆਰੀ ਰੁਕੋ ਦੇ ਵਾਸਤੇ ਬੜਾ ਹੱਛਾ ਵਰ ਤਾੜਿਆ ਹੋਇਆ ਹੈ ਪਰ ਹੁਣ ਉਸ ਮੁੰਡੇ ਨੇ ਪਰਣ ਕੀਤਾ ਹੋਇਆ ਹੈ, ਜੋ ਮੈਂ ਦੇਖ ਕੇ ਵਿਵਾਹ ਕਰਾਂਗਾ । ਇਸ ਵਾਸਤੇ ਜਿਨਾਂ ਜਿਨਾਂ ਆਦਮੀਆਂ ਦੀ ਨਜਰ ਉਸ ਵਲ ਹੈ ਸੀ ਓਹ ਹੁਨ ਵਿਚਾਰਾਂ ਵਿਚ ਪੈ ਹੋਏ ਨੇ ॥

(ਸੇਠਨੀ) ਕਿਉਂ ਜੀ ਓਹ ਕਿਉਂ ਵਿਚਾਰਾਂ ਵਿਚ ਪੈ ਹੋਏ ਨੇ । ਤੇ ਕਿਤਨੇ ਕੂ ਉਸ ਵਲ ਨਜਰ ਰੱਖੀ ਬੈਠੇ ਨੇ ॥

(ਸੇਠ) ਮੈਂ ਸੁਨਿਆ ਹੈ, ਕੇ ਉਸ ਨੂੰ ੨੦ ਆਂ ਜਗਾਂ ਤੋ ਸਗਨ ਆਏ ਨੇ ਪਰ ਮੁੰਡਾ ਮਾ ਪਿਆਂ ਨੂੰ ਕੈਹ ਦੇਂਦਾ ਹੈ ਤੇ ਜਿੱਥੋਂ ਕੋਈ ਸਗਨ ਆਂਵਦਾ ਹੈ ਉੱਥੇ ਸਿਧੀ ਚਿੱਠੀ ਲਿਖ ਦੇਂਦਾ ਹੈ, ਕੇ ਜਦ ਤਕ ਮੈਂ ਅਪਨੀ ਅੱਖੀਂ ਲੜਕੀ ਨਾਂ ਦੇਖ ਲਵਾਂ ਕੁੜਮਾਈ ਨਾ ਹੋਈ ਹੋਈ ਸਮਝਨਾ ॥

(ਸੇਠਨੀ) ਸੁਆਮਨ ਮੁੰਡਾ ਫੇਰ ਕੋਈ ਬੜਾ ਚੰਗਾ ਹੀ ਹੋਵੇਗਾ ਨਾ ॥

(ਸੇਠ) ਮੁੰਡਾ ਐਹੋ ਜੇਹਾ ਸੋਹਨਾ ਤੇ ਦਾਨਾ ਹੈ ਜੋ ਓਦੇ ਜੇਹਾ ਕਿਧਰੋਂ ਮਿਲਨਾ ਹੀ ਮੁਸਕਲ ਹੈ, ਪਿਆਰੀ ਦੁਨੀਆਂ ਗੁਨ ਦੋਖ ਕੇ ਤਾਂ ਫੇਰ ਪਿਛੇ ਪਉਂਦੀ ਹੈ। ਮੈਂ ਸੁਨਿਆ ਹੈ ਜੋ ਜ-

ਲਾਲਪੁਰ ਵਾਲੇ ਵੱਡੇ ਸ਼ਾਹ ਨੇ ਭੀ ਸ਼ਗਨ ਭੇਜਿਆ ਸੀ ਤੇ ਲੜਕੀ ਭੀ ਕਿਸੇ ਤਰਾਂ ਦਿਖਾ ਦਿੱਤੀ ਸਾ ਸੂਪਰ ਮੁੰਡੇ ਨੇ ਨਾਂ ਮਨਜੂਰ ਕੀਤਾ। ਓਹ ਨਾਲ ਵਿਵਾਹ ਦੇ ੧੦੦੦੦)ਰੁਪੈਦਾ ਦਾਜ ਭੀ ਦੇਂਦਾਂ ਸਾਸੂ ਤੇ ਕੈਂਹਦਾ ਸਾਸੂ ਕੇ ਫੇਰ ਭੀ ਮਦਦ ਕਰਾਂਗਾ। ਪਰ ਮੁੰਡੇ ਨੇ ਇੱਕੋ ਨਾਂ ਹੀ ਪਕੜ ਲੀਤਾ ॥

(ਸੇਠਨੀ) ਸੁਆਮਨ ਕਿਉਂ ਨਾਂ ਮਨਜੂਰ ਕੀਤੋ ਸੂ। ੧੦੦੦੦) ਲੈ ਲੈਂਦਾ ਫੇਰ ਇਸਤਰੀ ਨੂੰ ਆਪ ਪੜ੍ਹਾ ਲੈਂਦਾ ਜੇਕਰ ਪੜ੍ਹੀ ਹੋਈ ਨਾ ਸੀ ਤਾਂ ॥

(ਸੇਠ) ਪਿਆਰੀ ਸੁਨਿਆ ਹੈ ਜੋ ਉਸ ਲੜਕੀ ਦੀ ਇਕ ਅੱਖਵਿਚ ਫੋਲਾ ਸੀ ਤੈਂਨਾਲੇ ਪਿੰਡੇ ਤੇ ਫੁਲਵੈਹੜੀ ਫੁਟੀ ਹੋਈ ਸੀ। ਸੋ ਇਸ ਵਾਸਤੇ ਮੁੰਡੇ ਨੇ ਇਨਕਾਰ ਕੀਤਾ ॥

(ਸੇਠਨੀ)ਪਿਆਰੇ ਸੁਆਮੀ ਬੇਸਕ ਫੁਲਵੈਹਿੜੀ ਤੇ ਫੋਲਾ ਬੜੇ ਐਬਨੇ ਤੇ ਜਨਾਨੀ ਦੇ ਰੂਪ ਰੰਗ ਨੂੰ ਖਰਾਬ ਕਕਰ ਦੇਂਦੇ ਨੇ ਬੇਸਕ ਏਹ ਵਿਦਿਆ ਵਿਚ ਹੀ ਗੁਨ ਨੇ ਜੇਕਰ ਦੇਖਭਾਲ ਕੇ ਵਰ ਜੋੜ ਕਰਨ ਤਾਂ ਬੜਾ ਹੀ ਚੰਗਾ ਕੱਮ ਹੋਵੇ ਪਰ ਸੁਆਮਨ ਤੁਸਾਂ ਮੈਂਨੂੰ ਤਾਂ ਨਹੀਂ ਸੀ ਦੇਖਿਆ ਜੇ ਮੈਂਨੂੰ ਕੋਈ ਭੈੜਾ ਦਾਗ ਹੁਗ ਹੁੰਦਾ ਤਾਂ ਮੈਂ ਭੀ ਤਾਂ ਇਸ ਤਰਾਂ ਕਦਰ ਨਾ ਪਾਂਦੀ ॥

(ਸੇਠ) ਮੈਂ ਪਿਆਰੀ ਤੈਂਨੂੰ ਦੇਖ ਕੇ ਤੇ ਮਨਜੂਰ ਕੀਤਾ ਸੀ, ਮੇਰੀਆਂਤਿਨ ਵਰਹੇ ਕੁੜਮਾਈਆਂ ਆਉਂਦੀਆਂ ਰਹੀਆਂ ਸਨ ਤੇ ਮੈਂ ਭੀ ਕਿਸੇ ਨਾ ਕਿਸੇ ਹੀਲੇ ਉਸ ਲੜਕੀ ਨੂੰ ਦੇਖ ਆਉਂਦਾਸਾਂ ਫੇਰ ਹਾਂ ਯਾ ਨਾ ਕਰਦਾ ਸਾਂ ॥

(ਸੇਠਨੀ) ਪਿਆਰੇ ਜੀ ਤੁਸੀਂ ਮੈਂਨੂੰ ਦੇਖਨ ਦਾ ਪਤਾ ਲਗਾਉ ਦੱਸੋ ਕਿੱਥੇ ਦੇਖਿਆ ਸਾ ਜੇ ਤੇ ਕਦ ॥

(ਸੇਠ) ਪਿਆਰੀ! ਤੂੰ ਪਿਛਲੇ ਕੁੰਭ ਤੇ ਵਿਸਾਖ ਵਿਚ ਗੰਗਾ ਜੀ ਗਈ ਸੀ ਕੇ ਨਾ ॥

(ਸੇਠਨੀ) ਜੀ ਹਾਂ ਗਈ ਸਾਂ ॥

(ਸੇਠ) ਜੇਹੜੀ ਗੰਗਾ ਜੀ ਦੇ ਕੰਡੇ ਤੇ ਪਹਲੀ ਹਵੇਲੀ ਹੈ ਉਸ ਵਿਚ ਉਤਰੀ ਹੋਈ ਸਾਏ ਕੇ ਨਾ। ਤੇ ਤੇਰੇ ਨਾਲ ਤੇਰਾ ਮਾਮਾ ਵਡਾ ਭਾਈ ਤੇ ਭੈਨ ਹੈ ਸੀ ਕੇ ਨਾਂ ਫੇਰ ਤੇਰੀ ਓਹੜ-ਨੀ ਬਾਂਦਰ ਲੈ ਗਏ ਸਨ ਕੇ ਨਹੀਂ। ਫੇਰ ਹੋਰ ਕੀ ਪੁਛਨੀਏ ਓਥੇ ਹੀ ਡਿੱਠਾ ਸਾਈ ॥

(ਸੇਠਨੀ) ਫੇਰ ਜੀ ਤੁਸਾਂ ਖਾਲੀ ਮੇਰਾ ਮੂੰਹ ਹੀ ਡਿੱਠਾ ਸੀ ਨਾ ਕੋਈ ਗਲ ਕਰ ਦਿਆਂ ਤੇ ਨਹੀਂ ਸਾ ਜੇ ਨਾਂ ਸੁਨਿਆ ॥

(ਸੇਠ) ਪਿਆਰੀ ਜਿਸ ਰਾਤ ਤੂੰ ਅਪਨੇ ਭਰਾਂ ਨਾਲ ਏਹ ਗੱਲਾਂ ਪਈ ਹੌਲੀ ਹੌਲੀ ਕਰਦੀ ਸਾਂਏ ਜੋ ਕਿਉਂ ਲੋਗ ਭਰਾ ਜੀ ਐਵੇਂ ਰੁਪੈ ਏਥੇ ਆਨ ਕੇ ਏਨਾਂ ਮੋਇਆਂ ਘਮੰਡੀਆਂ ਨੂੰ ਦੇਂਦੇਨੇ ਤੇ ਕਿਉਂ ਏਹ ਲੋਗ ਇਸ ਤੀਰਥ ਉਤੇ ਪਏ ਠਗ ਦੇ ਨੇ ਇਨ੍ਹਾਂ ਨੂੰ ਪਰਮੇਸ਼ਰ ਦਾ ਡਰ ਨਹੀਂ, ਤਦ ਮੈਂ ਤੇਰੀ ਪਰੀਤ ਦਾ ਲੋੜਮੰਦ ਹੋਇਆ ਸਾਂ। ਤੇ ਦਿਲ ਵਿਚ ਠਾਨ ਲੀਤਾ ਸੀ ਕੇ ਜੇ ਏਹ ਸੰਨਜੋਗ ਹੋਜਾਵੇ ਤਾਂ ਇਛਿਆ ਪੂਰਨ ਹੋਵੇਗੀ ॥

(ਸੇਠਨੀ) ਹਥ ਮਲ ਕੇ ਤੇ ਹਰੇ ਹਰੇ ਸੁਆਮਨ ਜੇ

ਉਸ ਵੇਲੇ ਮੈਂਥੋਂ ਕੋਈ ਤੁਹਾਡੀ ਰੰਜੀਦਗੀ ਦੀ ਗਲ ਯਾ ਨਾ ਠੀਕ ਠੀਕ ਸਤਕਾਰ ਹੋਇਆ ਹੋਵੇ ਤਾਂ ਮੈਂਨੂੰ ਬਖਸਨਾ ॥

(ਸੇਠ) ਪਿਆਰੀ ਜੀ ਮੈਂ ਤੇਰਾ ਰੂਪ ਤੇ ਬਾਤਾਂ ਇਸ ਤਰਾਂ ਪਰਖੀਆਂ ਸਨ ਤੇ ਫੇਰ ਤੇਰਾ ਧੜ ਸਾਰਾ ਭੀਮਗੋਡੇ ਤੇ ਜਦ ਤੂੰ ਭੀ ਦੂਸਰੀਆਂ ਜਨਾਨੀਆਂ ਨਾਲ ਓਡਾਦੁ ਨਹਾ ਰਹੀ ਸੈ ਦੇਖਿਆ ਸੀ ॥

(ਸੇਠਨੀ) ਹਸ ਕੇ ਤੇ ਦੁਵਾਂ ਹਥਾ ਨੂੰ ਬਜਾ ਕੇ ਧਨ ਹੋ ਮਹਾਰਾਜ ਧਨ ਹੋ ਤੁਸਾਂ ਹਦ ਕੀਤੀ। ਫੇਰ ਮੈਂਨੂੰ ਤੁਹਾਡੀ ਕੋਈ ਨਿਸਾਨੀ ਚਿਤ ਨਹੀਂ ਆਂਵਦੀ ॥

(ਸੇਠ) ਪਿਆਰੀ ਮੈਂ ਹੀ ਤਾਂ ਤੈਂਨੂੰ ਬਾਂਦਰਾਂ ਕੋਲੋਂ ਓੜਨੀ ਲੈ ਦਿੱਤੀ ਸੀ ਤੇ ਮੈਂ ਹੀ ਤੈਂਨੂੰ ਕੰਠੀਆਂ ਤੇ ਟੋਕਰੀ ਖਰੀਦ ਦਿੱਤੀ ਸੀ ॥ ਤੇ ਤਦ ਹੀ ਤੂੰ ਮੈਂਨੂੰ ਏਹ ਭੀ ਆਖਿਆਸੀ ਕੇ ਜੇ ਤੁਹਾਡੇ ਨਾਲ ਕੋਈ ਜਨਾਨੀ ਹੁੰਦੀ ਤੇ ਮੈਂ ਉਸ ਦੇ ਨਾਲ ਸਹੇਲੀ ਪੈ ਜਾਂਦੀ। ਫੇਰ ਇਸ ਤਰਾਂ ਤੇ ਕਦੀ ਮੇਲ ਮਿਲਾਵਾ ਤੁਹਾਡਾਂ ਹੁੰਦਾ ਹੀ ਰੈਹਿੰਦਾ ॥

(ਸੇਠਨੀ) ਆਹਾ ਆਹਾ ਵਾਹਾ ਵਾਹ ਵਾਹ ਵਾਹ ਓਏ ਮੇਰੀਏ ਮਾਏ ਹੁਨ ਤਾਂ ਮੈਂਨੂੰ ਯਾਦ ਆਗਿਆ ਹੈ । ਪਿਆਰੇ ਹੁਨ ਮੈਂਤੁਹਾਂਨੂੰ ਪੈਛਾਨ ਲਿਆ ਹੈ ਹੇ ਰੰਗਾਜੀ ਮੈਂ ਤਾਂ ਕੈਹਿੰਦੀ ਸਾਂ ਲੋਕ ਐਵੈਂਹੀ ਝਖਾ ਮਾਰ ਦੇਨੇ ਪਰ ਮੈਂਨੂੰ ਤਾਂ ਤੂੰ ਮਨ ਵਾਂਛਿਆ ਫਲ ਦਿੱਤਾ । ਸੁਆਮਨ ਹੁਨ ਮੈਂ ਤੁਹਾਂਨੂੰ ਸੱਚ ਦਸਾਂ ਜਿਸ ਵੇਲੇ ਤੁਸਾਂ ਮੈਂਨੂੰ ਗਾਨੀਆਂ ਤੇ ਟੋਕਰੀ ਲੈਦਿਤੀ ਸਾਂਜੇ

ਤੇ ਮੈਂਨੂੰ ਪੁਛਿਆ ਸਾਜੇ ਤੇ ਅੱਜ ਤੁਹਾਡਾ ਭਰਾ ਕਿੱਥੇ ਗਿਆ ਹੋਇਆ ਹੈ ਤੇ ਤੁਹਾਡੀ ਮਾਈ ਨਾਲ ਨਹੀਂ ਆਈ ਹੋਈ। ਤੇ ਤੁਹਾਡੇ ਘਰ ਕੇਹੜੇ ਪਿੰਡ ਨੇ। ਤੇ ਜਦ ਮੈਂ ਇਨਾਂ ਗੱਲਾਂ ਦੇ ਜੁਆਬ ਤੁਹਾਨੂੰ ਦਿਤੇ ਸਨ ਤਦ ਹੀ ਮੇਰੇ ਦਿਲ ਵਿਚ ਏਹ ਆਇਆ ਸੀ ਕੇ ਪਰਮੇਸ਼ਰ ਮੈਂਨੂੰ ਏਹੋ ਵਰ ਦੇਵੇ ਤਾਂ ਅੱਛਾ ਹੈ। ਏਹ ਤਾਂ ਕਿਸੇ ਵੇਲੇ ਦਾ ਮੂੰਹੋਂ ਕਢਿਆ ਈਸ਼ਵਰ ਨੇ ਠੀਕ ਕਰ ਦਿਤਾ॥

(ਸੇਠ) ਪਿਆਰੀ ਹਾਂ ਠੀਕ ਬਾਤ ਹੈ ਈਸ਼ਵਰ ਧੱਨ ਹੈ, ਓਹ ਸਚਿਆਂ ਦਾ ਸੱਚਾ ਵਡਿਆਂ ਦਾ ਵੱਡਾ ਪੰਡਿਤਾਂ ਦਾ ਪੰਡਿਤ ਸਿਆਣਿਆਂ ਦਾ ਸਿਆਣਾ ਐਸੇ ਕਮ ਰਾਸ ਕਰਦਾ ਹੈ ਕੇ ਆਦਮੀ ਉਸ ਦੀ ਗਤੀ ਨੂੰ ਪਾ ਨਹੀਂ ਸਕਦਾ। ਹੁਣ ਕਿਸ ਨੂੰ ਮਾਲੂਮ ਸੀ ਜੋ ਤੂੰ ਮੈਂਨੂੰ ਮਿਲੇਂਗੀ॥

(ਸੇਠਨੀ) ਪਿਆਰੇ ਜੀ ਫੇਰ ਤੁਹਾਡੇ ਨਾਲ ਮੇਰੀ ਮੰਗਨੀ ਕਿਸ ਤਰਹਾਂ ਹੋਈ॥

(ਸੇਠ) ਤੇਰੇ ਭਰਾ ਨਾਲ ਮੇਰੀਆਂ ਗੱਲਾਂ ਬਾਂਤਾ ੧੫ ਦਿਨ ਰੀਗਾ ਜੀ ਤੇ ਹੁੰਦੀਆਂ ਰਹੀਆਂ ਸਨ। ਸੋ ਉਸ ਨੂੰ ਬੜਾ ਅੱਛਾ ਦੇਖ ਕੇ ਤਾਂ ਮੈਂ ਅਪਣੇ ਚਚੇਰੇ ਮਾਮੇ ਦੀ ਧੀ ਦਾ ਸਾਕ ਤੁਹਾਡੇ ਘਰ ਦਿਵਾ ਭੇਜਿਆ ਸੀ। ਤੇ ਤੇਰੇ ਭਰਾ ਨੇ ਮੈਂਨੂੰ ਰੀਗਾ ਜੀ ਤੇ ਹੀ ਕੈਹ ਦਿੱਤਾ ਸੀ ਕੇ ਉਮੇਦ ਹੈ ਜੋ ਮੈਂ ਤੁਹਾਡਾ ਹਮੇਸਾ ਦੇਨ ਦਾਰ ਸਾਕ ਬਨਾਂਗਾ ਮੈਂ ਉਸ ਵੇਲੇ ਸਮਝ ਗਿਆ ਸਾਂ ਕੇ ਹੁਣ ਹੋਰ ਕੀ ਸਾਕ ਹੋਣਾ ਹੈ। ਏਹੀ

ਹੋਵੇਗਾ, ਤੇਰੇ ਭਰਾ ਨੇ ਤਾਂ ਸਗਨ ਸ਼ਾਸਤ੍ਰ ਕਰਨ ਵਿਚ ਡੇਰ ਲਗਾ ਦਿੱਤੀ ਸੀ, ਪਰ ਮੈਂਨੂੰ ਚੈਨ ਨਹੀਂ ਸੀ ਆਂਵਦਾ। ਇਸ ਵਾਸਤੇ ਮੈਂ ਰੁਲਦੂਰਾਮ ਚੌਧਰੀ ਨੂੰ ਤੁਹਾਦੇ ਪਿੰਡ ਭੇਜ ਕੇ ਤੇ ਤੇਰੇ ਭਰਾ ਨੂੰ ਗਲ ਯਾਦ ਕਰਾਈ ਸੀ ਕੇ ਹੁਣ ਜੇ ਸਾਕ ਕਰਨਾ ਹੋਵੇ ਤਾਂ ਕਰ ਲੈ ਫੇਰ ਹੋਰ ਜਗ੍ਹਾਂ ਹੋਜਾਵੇਗਾ। ਸੋ ਪਿਆਰੀ ਛਗੱਣ ਦੀ ਪਹਲੀ ਨੂੰ ਮੰਗਣੀ ਦਾ ਸਗਨ ਆਗਿਆ ਸੀ। ਤੇ ਫੇਰ ਜੇਠ ਵਿਚ ਉਸੇ ਸਾਲ ਵਿਵਾਹ ਹੋ ਗਿਆ ਸੀ ॥

(ਸੇਠਨੀ) ਹੱਸ ਹੱਸ ਕੇ ਤੇ ਅਪਣੇ ਸੁਆਮੀ ਦੇ ਹੱਥ ਨੂੰ ਫੜ ਫੜ ਕੇ ਮਹਾਰਾਜ ਧਨਜ ਹੋ। ਸਚ ਆਖ ਦੇਨੇ ਪੜ੍ਹੇ ਹੋਏ ਹੁਣ ਜੋਕੁਛ ਚਾਹੁੰਦੇ ਨੇ ਕਰਦੇ ਨੇ। ਮਹਾਰਾਜ ਅੱਛੀ ਕਿਰਪਾ ਕੀਤੀ ਜੇ ਜੋ ਆਪ ਮੂੰਹੋਂ ਮੰਗ ਕੇ ਲਿਆ ਜੇ। ਮੈਂ ਤੁਹਾਡਾ ਧਨਜ ਬਾਦ ਕਰਨੀ ਹਾਂ ॥

(ਸੇਠ) ਪਿਆਰੀ ਤੇਰੇ ਮੇਰੇ ਸੰਜੋਗ ਨੇ ਮੈਂਨੂੰ ਓਹ ਲਾਭ ਕਰਾਇਆ ਹੈ ਜੋ ਯਾਦ ਕਰਾਂਗਾ। ਤੇਰੇ ਇਸ ਘਰ ਆਵਣ ਥੋਂ ਪੈਹਲਾਂ ਮੇਰਾ ਸਾਰਾ ਨਾਵਾਂ ੪੦੦੦) ਦਾ ਸੀ ਪਰ ਜਦ ਦਾ ਤੇਰਾ ਵਾਸ ਇਸ ਘਰ ਹੋਇਆ ਹੈ, ਨਾਵਾਂਭੀ ਹੁਣ ੪੦੦੦੦ ਥੋਂ ਉਪਰ ਹੈ ਤੇ ਸੁਖ ਭੀ ਜੋ ਐਸ ਵੇਲੇ ਇਸ ਸ਼ਹਿਰ ਵਿਚ ਮੈਂਨੂੰ ਹੈ ਮੈਂ ਨਹੀਂ ਕੈਹਿੰਦਾ ਕੇ ਕਿਸੇ ਹੋਰੀ ਨੂੰ ਹੈ। ਤੇ ਲੋਗ ਭੀ ਸਾਰੇ ਇਹੋ ਕੈਹਿੰਦੇ ਨੇ ਜੋ ਐਸ ਵੇਲੇ ਸੇਠ ਨਰਸਿੰਘ ਦਾਸ ਦੇ ਬਰਾਬਰ ਕੋਈ ਸੁਖੀ ਨਹੀਂ। ਸੋ ਪਿਆਰੀ ਤੇਰੇ ਹੀ ਸਭ ਭਾਗ ਹਨ ॥

(ਸੇਠਨੀ) ਸੁਆਮਨ ਸਭ ਕਿਰਪਾ ਤੁਹਾਡੀ ਹੀ ਹੈ। ਮੈਂ ਭੀ ਲੋਕਾਂ ਨੂੰ ਏਹ ਕੈਹਿੰਦਿਆਂ ਸੁਨਿਆ ਹੈ, ਜੋ ਐਸ ਵੇਲੇ ਸੋਭਾਵੰਤੀ ਤੇ ਨਰਸਿੰਘ ਦਾਸ ਜੇਹਾ ਕੋਈ ਵਲਾਇਤ ਤਾਕਨ ਰਾਜੀ ਨਹੀਂ ਹੈ। ਜੇਕਰ ਪਰਮੇਸ਼ਰ ਇਕ ਮੁੰਡਾ ਭੀ ਦੇ ਦੇਵੇ ਨੇ ਤਾਂ ਬੜਾ ਹੀ ਆਨੰਦ ਹੋ ਜਾਵੇ ॥

(ਸੇਠ) ਅੱਛਾ ਏਹ ਹਾਲ ਹੈ ਤਾਂ ਹੁਣ ਮੈਂ ਸਮਝਗਿਆ ਹਾਂ ਕੇ ਤੇਰੀ ਮਰਜੀ ਹੁਣ ਮਾਂ ਬਨਨ ਦੀ ਹੈ। ਹੱਛਾ ਪਿਆਰੀ ਜਦ ਤੇਰੀ ਉਮਰ ੨੨ ਬਰਸ ਦੀ ਪੂਰੀ ਹੋ ਜਾਵੇਗੀ ਤੋਫੇਰ ਉਲਾਦ ਉਤਪੱਨ ਕਰਨ ਦੀ ਰੀਤੀ ਨੂੰ ਭੀ ਕੀਤਾ ਜਾਵੇਗਾ, ਹੁਣ ਤਾਂ ਨੀਂਦਰ ਆਗਈਏ ਸੋਜਾਵੋ ਫੇਰ ਸਵੇਰੇ ਜੋ ਗੱਲਾਂ ਸੋ ਗੱਲਾਂ ਏਹ ਕੈਹ ਕੇ ਤੇ ਸੇਠ ਜੀ ਥੋੜਾ ਪਾਨੀ ਪੀਕੇ। ਕਰੁਲੀ ਚੁਲੀ ਕਰਕੇ ਤੇ ਪੈਰ ਹੱਥ ਧੋਕੇ ਮੰਜੇ ਪਰ ਲੇਟਗੈ ਤੇ ਸੇਠਨੀ ਜੀ ਮੁਠੀ ਚਾਪੀ ਕਰਕੇ ਅੱਗੇ ਵਾਛਨ ਸੌਜਾਵਣ ਦੇ ਪਿੱਛੋਂ ਅਪਨੇ ਮੰਜੇ ਤੇ ਜਾਕੇ ਸੌਰਹੀਂ। ਫੇਰ ਜਦ ਸਵੇਰੇਉਠੇ ਤਾਂ ਹੱਥ ਮੂੰਹ ਧੋਨੇ ਦੇ ਪਿੱਛੋ ਫੇਰ ਰੁਕੋ ਦੀ ਗੱਲ ਆਹਲਾਈਉਨੇ ॥

(ਸੇਠਨੀ) ਮਾਈ ਹੇ ਮਾਈ ਰੁਕੋ ਮਾਈ ਘਰ ਨਹੀਂ ॥

(ਰੁਕੋ) ਸੇਠ ਜੀ ਨਾਲ ਦੇ ਘਰ ਵਾਲੀ ਨਰੈਣਦੇਈ ਸੱਦ ਕੇ ਲੈਗਈ ਸੂ। ਬੁਲਾਵਾਂ ਸੂ ਜੀ ॥

(ਸੇਠ) ਨਹੀਂ ਰੁਕੋ ਨਾਂ ਬੁਲਾਸੂ ਜਦ ਆਵੇਤਾਂ ਮੇਰੀ ਵਲ ਭੇਜੀਸੂ,

(ਰੁਕੋ) ਹੱਛਾ ਸੇਠ ਜੀ। ਨਾਲੇ ਪਾਨੀ ਨਾਹਵਨ ਵਾਲਾ ਗਰਮ ਹੋਗਿਆ ਹੈ ਖਰੇ ਉਪਰ ਰੱਖਾਂ ॥

(ਸੇਠ) ਬੀਬੀ ਅਜੇ ਥੋਡੀ ਡੇਰ ਹੈ। ਤੂੰ ਇਧਰ ਆਖਾਂ। ਕੀਹ ਕਰਨੀ ਹੈਂ ਪਈ ॥

(ਰੁਕੋ) ਮੈਂ ਤਾਂ ਜੀ ਅੱਜ ਸਵੇਰੇ ਉਠੀ ਸਾਂ ਤੇ ਫੇਰ ਉਸੇ ਵੇਲੇ ਨਿਤ ਨਈਮ ਕਰਕੇ ਅਪਨੀ ਪੁਸਤਕ ਸਾਰੀ ਮੁੰਡੋ ਲੈਕੇ ਪੜ੍ਹੀ ਹੈ ॥

(ਸੇਠ) ਰੁਕੋ ਤੂੰ ਕੀਹ ਕੀਹ ਬਨਾਨਾ ਸਿੱਖੀ ਹੈ ਮਾਈ ਨੇ ਕਸੀਦਾ ਤਾਂ ਤੈਂਨੂੰ ਸਾਰਾਹੀ ਸਿਖਾ ਦਿੱਤਾ ਹੋਵੇਗਾ ॥

(ਰੁਕੋ) ਜੀ ਮੈਂ ਤਾਂ ਸਿਖੀ ਹੋਈ ਤਾਂ ਬਹੁਤ ਚੀਜਾ ਹਾਂ। ਪਰ ਪੜਹਨੇ ਕਰਕੇ ਅਜੇ ਹੋਰ ਨਾਂ ਵਲ ਧਿਆਨ ਨਹੀਂ ਕਰਦੀ। ਜੁਲਾਬਾਂ ਬੁਨੈਣਾ ਟੋਪੀਆਂ ਦਸਤਾਨੇ ਤੇ ਗਲੂਬੰਦ ਉਣ ਲੈਨੀ ਹਾਂ ਤੇ ਕਿਸੇ ਤਰਹਾਂ ਦਾ ਕਪੜਾ ਸੀਵਨਾ ਕੱਟਨਾ ਹੋਵੇ ਤਾਂ ਉਹ ਭੀ ਕਰ ਲੈਨੀ ਹਾਂ ਹੋਰ ਕਸੀਦਾ ਜਿਸ ਤਰਹਾਂ ਦਾ ਕੋਈ ਦਖਾਵੇ ਕਢ ਲੈਨੀ ਹਾਂ ॥

(ਸੇਠ) ਫੇਰ ਹੁਣ ਤੇਰਾ ਵਿਵਾਹ ਕਰ ਦੇਈਏ ॥

(ਰੁਕੋ) ਮੈਂਨੂੰ ਖਬਰੇ ਵਿਹਾ ਕੀਹ ਹੁੰਦਾ ਹੈ ॥

(ਸੇਠ) ਬੀਬੀ ਤੈਂਨੂੰ ਹੁਣ ਗਰਿਸਤ ਵਿਚ ਪੈਰ ਰਖਨਾ ਹੈ ਸੋ ਤੈਂਨੂੰ ਇਸ ਕਰਕੇ ਪੁਛਿਆ ਹੈ ਕੇ ਕੱਲ ਨੂੰ ਤੇਰੀ ਮਾਂ ਤੈਂਨੂੰ ਕਿਧਰੇ ਅਨਪੜ੍ਹ ਕੰਗਲੇ ਪਿੰਡੋਚੀ ਨਾਲ ਸਾਡੇ ਬਗੈਰ ਪੁਛੇ ਵਿਵਾਹ ਦੇਵੇ ਤਾਂ ਫੇਰ ਸਾਨੂੰ ਸਾਰੀ ਉਮਰਨਾਂ ਨਾ ਪਈ ਬਦ ਅਸੀਸਾਂ ਦੇਵੇ ॥

(ਰੁਕੋ) ਸੇਠ ਜੀ ਮੈਂਨੂੰ ਤੁਹਾਡੇ ਸਾਮਨੇ ਗੱਲ ਕਰਦਿਆਂ ਸ਼ਰਮ ਆਉਂਦੀ ਹੈ। ਪਰ ਮੈਂ ਇਸ ਦੁਨੀਆਂ ਨੂੰ ਏਸ ਗਲ ਦੀ ਪਹਿਲਾਂ ਸ਼ਰਮ ਤੇ ਪਿੱਛੋਂ ਬੇਸ਼ਰਮੀ ਕਰਦਿਆਂ ਦੇਖ ਕੇ ਬੜੀ ਹੈਰਾਨ ਹੋਨੀ ਹਾਂ ਤੇ ਵਿਚਾਰਨੀ ਹਾਂ ਕੇ ਜੇ ਮੈਂ ਭੀ ਅਪਣੀਆਂ ਭੈਣਾਂ ਵਾਙਨ ਬੇਸ਼ਰਮ ਨਾਂ ਬਨਣਾਂ ਚਾਹਿਆਂ ਤਾਂ ਫੇਰ ਏਹ ਵੇਲਾ ਹੱਥ ਨਹੀਂ ਆਵਨਾ। ਨਾਲੇ ਜਿਨਾਂ ਤੁਸੀਂ ਮੈਂਨੂੰ ਪੜ੍ਹਾਇਆ ਹੈ ਉਸ ਦੇ ਵਿਚ ਬ੍ਰਹਮ ਵਿਵਾਹ ਤਾਂ ਵਰ ਪੁਰਖ ਕੇ ਕਰਨ ਦਾ ਹੀ ਨਾ ਆਇਆ ਹੈ। ਸੋ ਅੱਗੋਂ ਤੁਸੀਂ ਜਾਣ ਦੇ ਹੋ। ਜੇ ਹੁਣ ਲੋਕ ਮੇਰੇ ਕੁਆਰ ਪਨ ਦੀ ਵਿਚਾਰ ਕਰਦੇ ਹੈਨ ਯਾ ਮੇਰੀਆਂ ਭੈਣਾਂ ਭਾਈ ਹੁਣ ਇਸ ਗੱਲ ਤੇ ਰਾਜੀ ਨੇ ਤੇ ਨਾਲੇ ਜੇਕਰ ਹੁਣ ਤੁਸੀਂ ਮੈਂਨੂੰ ਵਿਵਾਹੀ ਜਾਨੇ ਦੇ ਲਾਇਕ ਸਮਝ ਦੇ ਹੋ ਤਾਂ ਬੇਸ਼ਕ ਤੁਸੀਂ ਮਾਲਕ ਹੋ। ਅਕਸਰ ਇੱਕ ਨਾ ਇਕ ਦਿਨ ਮੈਂਨੂੰ ਕਿਸੇ ਵਿਵਾਹਨਾ ਹੀ ਹੈਨਾ। ਸੋ ਜੇਕਰ ਤੁਸੀਂ ਕਿਰਪਾ ਕਰਕੇ ਅਪਨੀ ਹੱਥੀ ਤੇ ਅਪਨੇ ਮਨ ਭਾਉਂਦਾ ਕਮ ਕਰੋ ਤਾਂ ਮੈਂ ਸਾਰੀ ਉਮਰ ਅਸੀਸਾਂ ਦੇਵਾਂਗੀ॥

(ਸੇਠ) ਬੀਬੀ ਭੈਣ ਰੁਕੋ ਮੈਂ ਤੇਰੀ ਗੱਲ ਸੁਨ ਕੇ ਬੜਾ ਪਰਸਨ ਹੋਇਆ ਹਾਂ ਮੈਂ ਤੇਰੇ ਵਾਸਤੇ ਐਸਾ ਵਰ ਢੂੰਡਿਆ ਹੋਇਆ ਹੈ ਜੋ ਸਾਰੀ ਦੁਨੀਆਂ ਵਿਚ ਹੀ ਪਸੰਦ ਹੈ। ਪਰ ਪਿਆਰੀ ਭੈਣ ਜਿਸ ਤਰਹਾਂ ਤੂੰ ਹੁਣ ਮੇਰੇ ਨਾਲ ਬਗੈਰਸ਼ਰਮ ਦੇ ਗੱਲਾਂ ਕੀਤੀਆਂ ਨੇ ਇਸੇ ਤਰਹਾਂ ਉਸ ਮੁੰਡੇ ਨਾਲ ਜਿਸ

ਨੂੰ ਮੈਂ ਸੇਠਨੀ ਦੀ ਨਬਜ ਦੇਖਨ ਵਾਸਤੇ ਭੇਜਾਂਗਾ ਅੱਜ ਲੰਡੇ ਵੇਲੇ ਤੂੰ ਅਪਣੀ ਦਾਨਾਈ ਤੇ ਸਮਝ ਨਾਲ ਗੱਲਾਂ ਹੱਛੀ ਤਰਹਾਂ ਕਰੇਗੀ ਤਾਂ ਫੇਰ ਤੇਰੀ ਮੰਗਣੀ ਕੀਤੀ ਜਾਵੇਗੀ ਪਿਆਰੀ ਸੋਭਾਵੰਤੀ ਤੂੰ ਭੀ ਸੁਨ ਲੀਤਾ ਹੈ ਨਾਂ। ਜਿਸ ਵੇਲੇ ਮਦਨ ਗੋਪਾਲ ਜੀ ਤੇਰੀ ਨਬਜ਼ ਦੇਖਣ ਨੂੰ ਆਵਣ ਤਾਂ ਰੁਕੋ ਨੂੰ ਉਸ ਵੇਲੇ ਕੋਲ ਸੱਦ ਲੈਣਾ। ਜੇਕਰ ਕੁਛ ਪੁਛੇ ਤਾਂ ਜੁਆਬ ਦੇਨਾ ॥

(ਸੇਠਨੀ) ਸੁਆਮਨ ਜੀ ਆਪ ਤੁਸੀਂ ਨਾਲ ਨਹੀਂ ਆਵੋਗੇ ॥

(ਸੇਠ) ਪਿਆਰੀ ਮੈਂ ਫੇਰ ਬਾਰ ਬਾਰ ਆਕੇ ਕੀਹ ਕਰਨਾ ਹੈ ਮਦਨਗੋਪਾਲ ਐਸਾ ਧਰਮਾਤਮਾਂ ਪੁਰਸ਼ ਹੈ ਜੋ ਕਿਧਰੇ ਵਿਰਲਾ ਹੀ ਮਿਲੇਗਾ ॥

(ਸੇਠਨੀ) ਤੇ ਉਨਾਂ ਦੀ ਕੋਈ ਟੈਹਲ ਖਿਜਮਤ ਭੀ ਤਾਂ ਕਰਨੀ ਹੋਵੇਗੀ ॥

(ਸੇਠ) ਮਛਨਗੋਪਾਲ ਕਿਸੇ ਦੀ ਕੋਈ ਚੀਜ ਅੰਗੀ-ਕਾਰ ਨਹੀਂ ਕਰਦਾ। ਫੇਰ ਉਸਦੀ ਟੈਹਲ ਖਿਜਮਤ ਪੁਛਨਾ ਅਕਾਰਥ ਹੈ ॥

(ਸੇਠਨੀ) ਤੇ ਅਕਾਰਥ ਕਿਸ ਤਰਹਾਂ ਹੋਈ। ਸੁਆਮਨ ਜਦ ਓਹ ਬਗੈਰ ਕਿਸੇ ਲਾਲਚ ਦੇ ਸਾਡੇ ਘਰ ਆਵੇਗਾ ਤਾਂ ਅਸਾਂਨੂੰ ਉਸਦਾ ਕਿਤਨਾ ਭਾਰ ਉਠਾਨਾ ਪਵੇਗਾ। ਨਾਲੇ ਸਿਆਣੇ ਆਖ ਦੇਨੇ ਕੇ ਜਦ ਤਕ ਹਕੀਮ ਦਾ ਕਦਰ ਨਾ

ਕੀਤਾ ਜਾਵੇ ਤਦ ਤਕ ਓਹਦੀ ਦਵਾ ਦੱਸੀ ਹੋਈ ਕੋਈ ਫ਼ੈਦਾ ਨਹੀਂ ਕਰਦੀ ॥

(ਸੇਠ) ਪਿਆਰੀ ਇਸ ਮਦਨ ਗੋਪਾਲ ਨੇ ਛੰਡੋਰਾ ਫਿਰਾਇਆ ਹੋਇਆ ਹੈ ਜੋ ਮੈਂ ਇੱਕ ਵਰਹੇ ਤਕ ਕੋਈ ਫੀਸ ਨਹੀਂ ਲੈਵਾਂਗਾਂ ਤੇ ਜਦ ਬਰਸ ਹੋਜਾਵੇਗਾ ਤੇ ਮੈਂ ਭੀ ਤਜਰ ਬੇਕਾਰ ਹਾਂ। ਪੱਕਾ ਹਕੀਮ ਹੋ ਜਾਵਾਂਗਾ ਤਾਂ ਫੇਰ ਜਿਸ ਤਰਾਂ ਮੇਰੀ ਦਲੀਲ ਹੋਵੇਗੀ ਕਰਾਂਗਾ। ਸੋ ਹੁਣ ਪਿਆਰੀ ਦਿਨ ਤੇ ਰਾਤ ਵਿਚ ਜੋ ਕੋਈ ਉਸ ਨੂੰ ਸਦੇ ਝੱਟ ਚਲ ਪੈਂਦਾ ਹੈ ਤੇ ਲੈਂਦਾ ਕੁਛ ਨਹੀਂ ਦਵਾਈ ਲਿਖ ਦੇਂਦਾ ਹੈ। ਸਾਰੇ ਸ਼ਹਿਰ ਵਿਚ ਮਸਹੂਰ ਹੈ ਕੇ ਬੜਾ ਚੰਗਾ ਹੈ ॥

(ਸੇਠਨੀ) ਮਾਂ ਪਿਉ ਅੱਛੇ ਰਾਜੀ ਹੋਵਨਗੇ ਸੂ। ਨਹੀਂ ਤਾਂ ਹੋਰ ਕਮਾਈ ਕੀਹ ਸੂ ॥

(ਸੇਠ) ਉਸ ਦਾ ਬਾਬਾ ਹੁਕਮਚੰਦ ਕੋਈ ਸਮਾਂ ਹਕੀਮੀ ਕਰ ਗਿਆ ਹੈ ਤੇ ਉਸ ਦੀ ਦੌਲਤ ਅਜੇ ਸਤ ਪੀੜ੍ਹੀਆਂ ਖਾਵਣ ਤਾਂ ਬਹੁਤ ਹੈ ਕਿਥੇ ਕਿਥੋਂ ਸੌ ਸੌ ਕੋਹਾਂ ਤੋਂ ਦਵਾਈ ਵਾਸਤੇ ਆਦਮੀ ਉਸ ਕੋਲ ਆਉਂਦੇ ਹੁੰਦੇ ਸਨ। ਤੇ ਰਾਜੀ ਹੋਕੇ ਜਾਂਦੇ ਸਨ। ਉਸ ਨੇ ਅਪਨੇ ਤਿਨਾਂ ਪੁਤਰਾਂਨਾਲ ਬੜਾ ਮੱਥਾ ਮਾਰਿਆ ਕੇ ਕੋਈ ਹਕੀਮ ਬਨ ਜਾਵੇ ਪਰ ਉਨ੍ਹਾਂ ਵਿੱਚੋਂ ਇਕਨਾ ਸਿਖਿਆ ਫੇਰ ਉਸਨੇ ਇਕ ਛੋਟਾ ਜਿਹਾ ਪੱਕਾ ਚਿਬਚਾ ਜਮੀਨ ਬਿਚ ਬਨਵਾ ਕੇ ਤੇ ਕਤਾਬਾਂ ਨੂੰ ਬੰਦ ਕਰਕੇ ਤੇ ਕੁੰਜੀ ਅਪਨੀ ਵਡੀ ਨੂੰਹ ਨੂੰ ਦੇ ਛੱਡੀ ਸਾ ਸੂ। ਤੇ

ਕਹਿਆ ਸਾ ਸੂ ਕੇ ਤੈਂਨੂੰ ਪਰਮੇਸ਼ਰ ਇਕ ਮੁੰਡਾ ਦੇਵੇਗਾ ॥ ਉਸਦਾ ਨਾ ਤੂੰ ਮਦਨਗੁਪਾਲ ਰੱਖੀਂ ਤੇ ਏਹ ਕੁੰਜੀ ਜਦ ਓਹ ੧੫ ਵਰਿਆਂ ਦਾ ਹੋਵੇਗਾ ਉਸਨੂੰ ਦੇ ਕੇ ਕੈਹ ਦੇਈਂ,ਕੇ ਤੇਰਾ ਬਾਬਾ ਕੈਹ ਗਿਆ ਸੀ, ਜੇ ਕਿਸੇ ਦਾ ਮੁਹਤਾਜ ਨਹੀਂ ਓ ਹੋਨਾਂ ਤਾਂ ਏਹ ਤਾਕਚਾ ਖੋਲ ਤੇ ਇਸ ਕੰਮ ਨੂੰ ਕਰ, ਭਾਵੇਂ ਕੇਡਾ ਚਿਤ ਇਸਥੋਂ ਤੰਗ ਪਵੀਂ ਛੱਡੀ ਨਾ, ਤੇ ਅਪਨੇ ਪੁੱਤਰਾਂ ਨੂੰ ਕੈਹ ਦਿੱਤਾ ਸਾਸੂ ਕੇ ਜੇਹੜਾ ਮੇਰੇ ਹੁਕਮ ਨੂੰ ਨਾ ਮੰਨੇਗਾ ਉਸਨੂੰ ਕਦੀ ਸੁਖ ਪਰਾਪਤ ਨਾਂ ਹੋਵੇਗਾ । ਸੋ ਪਿਆਰੀ ਏਹ ਮਦਨਗੁਪਾਲ ਜਦ ਜੰਮਿਆਂ ਤਦ ਇਸਦੀ ਮਾਤਾ ਨੇ ਓਹੀ ਨਾ ਉਸਦਾ ਰਖਿਆ । ਜਦ ਫੇਰ ੧੫ ਵਰਿਆਂ ਦਾ ਹੋਇਆ ਤਦ ਕੁੰਜੀ ਹੱਥ ਦਿੱਤੀ । ਤੇ ਬਾਬੇ ਦਾ ਹੁਕਮ ਸੁਨਾ ਦਿੱਤੋਸੂ ਮਦਨਗੋਪਾਲ ਨੂੰ ਹੁਨ ੧੦ ਬਰਸ ਕਤਾਬਾਂ ਦੇਖ ਦਿਆਂ ਤੇ ਦਵਾਈਂ ਅਜਮਾਂਦਿਆਂ ਹੋਏ ਨੇ ਸੋ ਹੁਨ ਉਸਨੇ ਕੰਮ ਅਪਨਾ ਕਰਨਾ ਸ਼ੁਰੂ ਕੀਤਾ ਹੈ । ਪਰ ਵਰ੍ਹੇ ਦੇ ਅੰਦਰ ਅੰਦਰ ਹੀ ਅਜੇਹਾ ਮਸ਼ਹੂਰ ਹੋਗਿਆ ਹੈ ਕੇ ਕਿਸੇ ਨੇ ਕੀਹ ਹੋਨਾ ਹੈ ॥

(ਸੇਠਨੀ) ਤੇ ਜੀ ਮਦਨਗੁਪਾਲ ਵਿਵਾਹਿਆ ਹੋਇਆ ਕਿੱਥੇ ਏ ॥

(ਸੇਠ) ਅੱਖੀਂ ਨਾਲ ਅਸ਼ਾਰਾ ਕਰਕੇ ਮੈਂ ਤੈਨੂੰ ਦੱਸਾਂਗਾ, ਰਾਤ ਨੂੰ, ਹੁਨ ਇਸ਼ਨਾਨ ਕਰ ਕੇ ਸੰਦਿਆ ਕਰ ਲਵਾਂ ॥

ਏਹ ਗੱਲਾਂ ਕਰਕੇ ਤੇ ਸੇਠ ਜੀ ਨਾਂਵਨ ਲਗ ਪਏ, ਤੇ ਮਾਈ ਭੀ ਆ ਗਈ। ਜਦ ਰੋਟੀ ਟੁੱਕਰ ਖਾ ਚੁਕੇ ਤਾਂ

ਸੇਠਨੀ ਜੀ ਨੇ ਸੇਠ ਜੀ ਨੂੰ ਅਪਨੇ ਅੰਦਰ ਬੁਲਾਇਆ ਤੇ ਇਸ ਤਰਾਂ ਗੱਲਾਂ ਕਰਨ ਲੱਗੀ ॥

(ਸੇਠਨੀ) ਸੁਆਮਿਨ ਮਦਨਗੋਪਾਲ ਕੁਛ ਮੇਥੋਂ ਪੁੱਛੇਤਾਂ ਕੀਹ ਜੁਆਬ ਦੇਵਾਂਗੀ। ਤੇ ਮੈਨੂੰ ਬੀਮਾਰੀ ਕੇਹੜੀਏ ਜੋਦੱਸਾਂ॥

(ਸ਼ੇਠ) ਪਿਆਰੀ ਮਦਨਗੋਪਾਲ ਕੋਲੋਂ ਪੁਛਨਾ ਹੈ ਕੇ ਹੁਨ ਅਸੀਂ ਗ੍ਰਿਹਸਤ ਕਰਨ ਯੋਗ ਹਾਂ ਕੇ ਨਹੀਂ ॥

ਓਹ ਦੇਖਕੇ ਤੈਂਨੂੰ ਤੇ ਮੈਂਨੂੰ ਵਿਚਾਰਕੇ ਦੱਸੇਗਾ। ਤੇਥੋਂ ਓਹ ਕੁਛ ਨਹੀਂ ਪੁੱਛੇਗਾ, ਖਾਲੀ ਤੇਰਾ ਰੰਗ ਤੇਰੀਆਂ ਅੱਖੀਆਂ ਤੇ ਨਬਜ ਦੇਖੇਗਾ। ਫੇਰ ਮੈਂਨੂੰ ਦੱਸੇਗਾ ॥

(ਸੇਠਨੀ) ਤੇ ਕਿਸ ਵੇਲੇ ਭੇਜੋਗੇ ਸੂ। ਮੈਂ ਕਿਸ ਤਰ੍ਹਾਂ ਜਾਨਾਂਗੀ ਕੇ ਮਦਨਗੋਪਾਲ ਹੈ। ਕੋਈ ਨਿਸ਼ਾਨੀ ਦੇਭੇਜਨਾ॥

(ਸੇਠ) ਮੈਂ ਉਸਦੇ ਹੱਥ ਅਪਨੀ ਪੱਤਰਕਾ ਤੇਰੇ ਨਾਮ ਲਿਖ ਦਿਆਂਗਾ। ਤੇ ਓਹ ਆਪ ਭੀ ਅਪਨਾ ਨਾਮ ਪਹਿਲੇ ਦੱਸ ਦੇਵੇਗਾ ॥

(ਸੇਠਨੀ) ਤੇ ਮੈਨੂੰ ਏਹ ਤਾਂ ਪਿਆਰੇ ਜੀ ਦੱਸ ਛੱਡਦੇ, ਕੇ ਮਦਨਗੋਪਾਲ ਦੇ ਸੋਹਰੇ ਕਿੱਥੇ ਨੇ। ਤਾਂ ਫੇਰ ਜੇ ਕੋਈ ਦੇਣ ਦੀ ਜਗ੍ਹਾ ਹੋਵੇ ਤਾਂ ਘੁਸੀਏ ਤੇ ਨਾ ॥

(ਸੇਠ) ਪਿਆਰੀ ਜੀ ਏਹੀ ਮਦਨ ਗੋਪਾਲ ਹੈ ਜਿਸਦੇ ਨਾਲ ਰੁੱਕੋ ਦੀ ਮੰਗਨ ਦੀ ਤਜਵੀਜ਼ ਹੈ। ਸੋ ਰੁੱਕੋ ਨੂੰ ਭੀ ਸਮਝਾ ਦੇਨਾ ਕੇ ਸਮਝ ਕੇ ਗਲ ਬਾਤ ਕਰੇ ਪਰ ਅਜੇ ਏਹ ਨਾ ਆਖਨਾ ਜੋ ਮੁੰਡਾ ਹੀ ਏਹ ਹੈ ॥

(ਸੇਠਨੀ) ਸੁਆਮਿਨ ਰੁਕੋ ਨੇ ਕੀਹ ਗੱਲਾਂ ਕਰਨੀਆਂ ਨੇ ਓਹਤਾਂ ਅਜੇ ਅੰਜਾਨੀ ਹੋਈ। ਤੇ ਨਾਲੇ ਉਸਨੂੰ ਸ਼ਰਮ ਭੀ ਆਵਨੀ ਹੋਈ ॥

(ਸੇਠ) ਪਿਆਰੀ ਮਦਨਗੋਪਾਲ ਆਪੇ ਹੀ ਗੱਲਾਂ ਕਰਾ ਲਵੇਗਾ ਕਿਉਂ ਜੋ ਉਸ ਨੂੰ ਸਾਰਾ ਹਾਲ ਭੀ ਮੈਂ ਦੱਸ ਛੱਡਿਆ ਹੈ ਤੇ ਨਾਲੇ ਓਸ ਨੂੰ ਅਪਨਾ ਮਤਲਬ ਭੀ ਹੈ ਨਾ ॥

(ਸੇਠਨੀ) ਸੁਆਮਿਨ ਅਪਨਾ ਮਤਲਬ ਕੀਹ ਨੇ ॥

(ਸੇਠ) ਪਿਆਰੀ ਵਿਵਾਹ ਜੋਗਜ ਜੋ ਹੋਇਆ ਹੋਇਆ ਹੈ ਤੇ ਪਰੀਖਿਆ ਵਾਸਤੇ ਭੀ ਆਵਨਾ ਹੋਇਆ ਨਾ ॥

(ਸੇਠਨੀ) ਅੱਛਾ ਪਿਆਰੇ ਜੀ ਜੈਸੀ ਹੋਵੇਗੀ ਉਸ ਵੇਲੇ ਭੁਗਤ ਲਵਾਂਗੇ। ਸੇਠ ਜੀ ਇਤਨੀ ਕੈਹ ਸੁਨਕੇ ਤਾਂ ਹੱਟੀ ਵੱਲ ਚਲੇ ਗਏ ਤੇ ਸੇਠਨੀ ਜੀ ਅਪਨੇ ਅੰਦਰ ਆਕੇ ਰੁਕੋ ਨਾਲ ਇਸ ਤਰ੍ਹਾਂ ਗੱਲਾ ਕਰਨ ਲਗੀ ॥

(ਸੇਠਨੀ) ਬੀਬੀ ਰੁਕੋ ਅੱਜ ਤੂੰ ਤਾਂ ਬੜੀ ਬਹਾਦਰੀ ਕੀਤੀ ਜੋ ਸੇਠ ਹੋਰਾਂ ਨੂੰ ਸੱਚੀ ਸੱਚੀ ਗੱਲ ਕੈਹ ਦਿੱਤੀਓਈ ਸੇਠ ਹੋਰੀ ਮੈਨੂੰ ਆਖ ਗਏਨੇ ਕੇ ਰੁਕੋਨੂੰ ਸਮਝਾ ਦੇਨਾ ਜੋ ਡਾਕ ਦਾਰ ਅਜ ਘਰ ਆਵੇਗਾ ਉਸ ਨਾਲ ਸਮਝ ਸੋਚ ਕੇ ਗਲਾਂ ਕਰੇ ਤਾਂ ਮੰਗਨੀ ਕਰ ਦੇਈਏ, ਸੋ ਬੀਬੀ ਤੂੰ ਹੁਨ ਸਿਆਨੀ ਹੈਂ, ਵੇਖੀਂ ਨਾ ਤਾਂ ਬਹੁਤਾ ਹੱਸੀ ਤੇ ਨਾਹੀਂ ਜਮੀਨ ਯਾ ਕਿਸੇ ਅੰਗ ਨੂੰ ਖੋਤਰਨ ਖੁਰਕਨ ਲਗ ਪਈਂ। ਕਿਉਂ ਜੋ ਇਸੇ ਡਾਕਦਾਰ ਨੇ ਸਭ ਕੁਛ ਕਰਨਾ ਹੈ ॥

(ਰੁਕੋ) ਬੇਬੇ ਜੀ ਮੈਨੂੰ ਸੇਠ ਹੋਰੀ ਵੀ ਕੈਹ ਗਏ ਨੇ ਕੇ ਸ਼ਰਮ ਨਾਲ ਕੋਈ ਗਲ ਨਾ ਕਰਨੀ, ਹਛੀ ਤਰ੍ਹਾਂ ਵੱਜ ਗੱਜ ਕੇ ਜੋ ਗਲ ਪੁਛਣੀ ਜੁਆਬ ਦੇਨਾ,ਸੋ ਮੈਨੂੰ ਜੋ ਪੁਛਨ ਗੇ ਦਸਾਂਗੀ॥

(ਸੇਠਨੀ) ਮਾਈ ਨੂੰ ਉਸ ਵੇਲੇ ਕੋਲ ਆਵਨ ਦੇਈਏ ਕੇ ਨਾ। ਮਤਾਂ ਤੈਨੂੰ ਸ਼ਰਮ ਪਈ ਆਵੇ ਹੁਨ ਮੈਨੂੰ ਦੱਸ ਦੇ ਨਾ॥

(ਰੁਕੋ) ਬੇਬੇ ਜੀ ਸ਼ਰਮ ਕਾਹਦੀ ਹੈ। ਓਹ ਕੋਈ ਮੈਨੂੰ ਮਾਰੇਗਾ ਨਾਲੇ ਮਾਤਾ ਜੀ ਦੇ ਹੁੰਦਿਆਂ ਤਾਂ ਸਗੋਂ ਮੈਨੂੰ ਸ਼ਰਮ ਨਾ ਹੋਵੇਗੀ। ਕਿਉਂ ਜੋ ਉਸਦਾ ਕੁੜ ਤੇ ਆਸਰਾ ਮੇਰੇ ਹੌਸਲੇ ਨੂੰ ਵਧਾਵੇਗਾ॥ ਪਰ ਸੇਠਨੀ ਜੀ ਏਹ ਡਾਕਦਾਰ ਮੇਰੇ ਨਾਲ ਗਲ ਕਿਉਂ ਕਰੇਗਾ॥

(ਸੇਠਨੀ) ਪਿਆਰੀ ਰੁਕੋ ਮੈਂ ਇਤਨਾ ਤੈਨੂੰ ਦਸਨੀ ਹਾਂ ਕੇ ਸੇਠ ਹੋਰੀ ਤੇਰੀ ਮੰਗਨੀ ਵੀ ਕਰਨ ਦਾ ਬੰਦੋਬਸਤ ਕਰਦੇ ਨੇ॥

(ਰੁਕੋ) ਬੇਬੇ ਜੀ ਡਾਕਦਾਰ ਫੇਰ ਕੀਹ ਦੇਖਦੇ ਨੇ ਤੇ ਧਰਮ ਸਾਸਤਰ ਵਿਚ ਤੇ ਇਸਦਾ ਕੁਛ ਨਹੀਂ ਲਿਖਿਆ॥

(ਸੇਠਨੀ) ਪਿਆਰੀ ਧਰਮ ਸ਼ਾਸਤਰ ਵਿਚ ਸਭ ਕੁਛ ਲਿਖਿਆ ਹੋਇਆ ਹੈ। ਤੂੰ ਨਹੀਂ ਪੜਹਿਆ ਕੇ ਵਰ ਦੇਖਕੇ ਕਰਨਾ ਚਾਹੀਦਾ ਹੈ। ਸੋ ਜੇਹੜਾ ਆਦਮੀ ਸਿਆਨਾ ਤੇ ਇਸਤ੍ਰੀ ਸਿਆਨੀ ਹੁੰਦੇ ਨੇਂ ਉਨਾਂ ਨੂੰ ਤਾਂ ਕਿਸੇ ਦੀ ਪਰੀਖਿਆ ਪਸੰਦ ਨਹੀਂ ਆਂਵਦੀ ਫੇਰ ਜੇਹੜੇ ਆਪ ਕੁਛ ਨਹੀਂ ਜਾਨਦੇ

ਉਨਾਂ ਵਲੋਂ ਨਾਈ ਪਰੋਹਤ ਤੇ ਮਿਰਾਸੀ ਭੇਜੇ ਜਾਂਦੇ ਨੇ ॥ ਸੋ ਰੁਕੋ ਇਸ ਗਲ ਵਾਸਤੇ ਏਹ ਲੋਕ ਜਾਂਦੇ ਹੁੰਦੇ ਸਨ, ਓਹ ਤਾਂ ਹੁਨ ਕੋਈ ਨਹੀਂ ਦੇਖਦਾ। ਐਵੇਂ ਮੰਨੇਵਾਹ ਪਿਤਾ ਪੁਰਖੀ ਲਈ ਜਾਂਦੇ ਨੇ। ਨਾਈ ਅਗੇ ਹਿਕਮਤ ਕਰਦੇ ਸਨ ਤੇ ਚਮੜੇ ਦੀ ਮਰਜ ਯਾ ਰੋਗ ਪਛਾਨ ਲੈਂਦੇ ਹੁੰਦੇ ਸਨ ॥ ਤੇ ਬਰਹਮਨ ਪੜਹਨ ਪੜਹਾਨ ਤੇ ਪਰੀਖਿਆ ਤੋਂ ਜਾਨ ਲੈਂਦੇ ਸਨ ਕੇ ਕਿਸ ਤਰਾਂ ਦਾ ਲੜਕਾ ਲੜਕੀ ਹੈਨ ਤੇ ਮਿਰਾਸੀ ਜੱਟਾਂ ਜਿਮੀਦਾਰਾਂ ਅਥਵਾ ਅਨਪੜਾ ਵਲੋਂ ਚਤਰਾਈ ਬੁਧ ਤੇ ਰਮਜ ਟਕੋਰ ਦੀ ਸਮਝ ਵਾਲੇ ਨੂੰ ਪਰੀਖ ਲੈਂਦੇ ਸਨ, ਸੋ ਏਹ ਗਲਾਂ ਸਾਰਿਆਂ ਜਦ ਵਰ ਅਥਵਾ ਇਸਤਰਾਂ ਪੁਰਸ਼ ਦੋਵੇਂ ਨਹੀਂ ਸਨ ਪਛਾਨ ਸਕਦੇ ਤਦ ਕੀਤੀਆ ਜਾਂਦੀਆਂ ਸਨ ॥ ਹੁਣ ਤਾਂ ਇਨਾਂ ਲੋਕਾਂ ਦੀ ਮਾਰਫਤ ਕਮ ਕਰਨੇ ਬੜੇ ਖੋਟੇ ਹੋ ਗਏ ਨੇ, ਉਸ ਦਿਨ ਤੂੰ ਸੁਨਿਆਂ ਨਹੀਂ ਸੀ ਕੇ ਗੋਮਾਂ ਕੈਂਹਦੀ ਸੀ, ਭੈਨ ਮੁੰਡਾ ਕੀ ਮੰਗਿਆ ਹੈ ਘਰ ਦਾ ਬੂਹਾ ਦੂਸਰੇ ਵਲ ਹੋ ਗਿਆ ਹੈ। ਕਿਉਂ ਜੋ ਨਾਈ ਨੂੰ ੨੫) ਨਕਦ ਦਿੱਤੇ ਪਰੋਹਤ ਨੂੰ ਇਕ ਲੋਈ ਇਕ ਆਸਨ ਤੇ ੨੫) ਨਕਦ ਦਿੱਤੇ ਤੇ ਕੁੜਮਾਂ ਦੇ ਘਰੋਂ ੧) ਰੁਪਈਆ ਤੇ ਸੇਰ ਮਿਸਰੀ ਅਜੇ ਆਈ ਹੈ। ਸੋ ਰੁਕੋ ਹੁਨ ਸਿਆਨੇ ਆਦਮੀ ਯਾਂ ਤੇ ਮੁੰਡੇ ਕੁੜੀ ਨੂੰ ਆਪ ਦੇਖ ਲੈਂਦੇ ਨੇ ਤੇ ਯਾ ਡਾਕਦਾਰ ਨੂੰ ਦਿਖਾ ਲੈਂਦੇ ਨੇਂ, ਫੇਰ ਪਿਛੋਂ ਤੇ ਸਿਰ ਨਹੀਂ ਨਾ ਖੋਹਣੇ ਪੈਦੇਂ ਬੀਬੀ ਸਾਡੀਆਂ ਭੈਨਾਂ ਦੀ ਤੇ ਪਰਮੇਸੁਰ

ਨੇ ਸੁਨ ਲਈ ਹੈ ਕੇ ਸਭ ਸੋਚ ਸਮਝ ਕੇ ਵਿਵਾਹਨ ਲਗ ਪਏ ਨੇ ਪਰ ਅਜੇ ਕਈ ਆਦਮੀ ਅਜੇਹੇ ਨੇ ਜੋਹੜੇ ਅਜੇ ਭੀ ਖੂਹ ਵਿਚ ਸੁਟ ਛਡਦੇ ਨੇ ॥ ਓਹ ਕਿਸ ਤਰ੍ਹਾਂ ਕੋਈ ਤਾਂ ਅਨਪੜਹ ਨਾਲ ਪੜਹੀ ਹੋਈ ਵਿਵਾਹ ਦੇਦੇਂ ਨੇ ਕੋਈ ਸੁਜਾਖੀ ਕਾਨੇ ਨਾਲ, ਕੋਈ ਲੁੰਡੀ ਚੰਗੇ ਭਲੇ ਨਾਲ, ਕੋਈ ਸੋਹਨੀ ਕੋਹੜੇ ਨਾਲ, ਕੋਈ ਛੋਟੀ ਵਡੇ ਨਾਲ ਕੋਈ ਵਡੀ ਛੋਟੇ ਨਾਲ, ਇਸ ਤਰ੍ਹਾਂ ਉਲਟ ਪੁਲਟ ਅਜੇ ਬਹੁਤ ਹੁੰਦਾ ਹੈ। ਪਰ ਅਜੇਹਾ ਕਰਨ ਵਾਲੇ ਸਾਰੀ ਉਮਰ ਧੀਆਂ ਦੇ ਦੁਖਾ ਨਾਲ ਗਮ ਖਾ ਖਾ ਕੇ ਹਜੋਂ ਬੇਹੱਜ ਹੋ ਜਾਂਦੇ ਨੇ। ਤੇ ਓਹੋ ਬੀਬੀਆਂ ਭੀ ਸਾਰੀ ਉਮਰ ਉਡੇਸਾਹ ਲੈ ਲੈ ਤੇ ਦੁਨੀਆਂ ਦੀਆਂ ਸਭ ਗਲਾਂ ਸਿਰ ਝਲਕੇ ਰਾਤ ਦਿਨੇ ਸਹੇੜਨ ਵਾਲਿਆਂ ਨੂੰ ਕੋਸ ਕੋਸ ਕੇ ਤੇ ਮਰਜਾਂਦੀਆ ਨੇ। ਸੋ ਰੁਕੋ ਜੋ ਕੋਈ ਅੱਜ ਇਸ ਅੰਗਰੇਜੀ ਰਾਜ ਵਿਚ ਅਪਨੀ ਅਕਲ ਤੇ ਧਰਮ ਅਨੁਸਾਰ ਕੰਮ ਨਹੀਂ ਕਰੇਗਾ ਓਹ ਐਸਾ ਹੀ ਦੁਖ ਪਾਵੇਗਾ ਜੋਹਾਕੂ ਏਹ ਸਾਡੀ ਬਾਹਰਲੀ ਗਲੀ ਵਿਚ ਧਨਪਤ ਪਿਆ ਦੇਖਦਾ ਤੇ ਪਾਂਦਾ ਹੈ ॥

(ਰੁਕੋ) ਬੇਬੇ ਜੀ ਬਹੁਤ ਹੀ ਚੰਗੀਆਂ ਗੱਲਾਂ ਤੁਸਾਂ ਨੇ ਕੀਤੀਆਂ ਨੇ। ਬੇਸ਼ੱਕ ਸਾਡੀਆਂ ਭੈਨਾ ਜੋਕਰ ਸਿਆਨੀਆਂ ਹੋਢਨ ਤਾਂ ਇਸ ਢਾਹੀ ਵਿਚ ਫਸਨ ਤੋ ਪਹਲਾਂ ਸਭ ਕੁਛ ਆਪ ਦੇਖ ਭਾਲ ਲਿਆ ਕਰਨ। ਪਰ ਬੇਬੇਜੀ ਜਿਨਾ ਲੋਕਾਂ ਨੇ ਧੀਆਂ ਦੇ ਟਕੇ ਗਿਨਾਨੇ ਹੋਏ ਓਹ ਤਾਂ ਅਜੇਹੀਆਂ ਗਲਾਂ ਕਰਨ

ਭੀ ਜਿਨਾਂ ਨੇ ਧੀਆਂ ਦੇ ਪੁੱਨ ਸਾਕ ਦੇਨੇ ਹੋਏ ਓਹ ਕਿਉਂ ਨਹੀਂ ਅਪਣੀਆਂ ਬੀਬੀਆਂ ਨੂੰ ਵਰ ਦਿਖਾ ਦੇਂਦੇ ॥

(ਸੇਠਨੀ) ਰੁਕੋ ਤੂੰ ਭੀ ਕੀਹ ਗਲਾਂ ਕਰਦੀ ਹੈ ਬਗੈਰ ਵਿੱਦਜਾ ਦੇ ਏਹ ਅੰਧੇਰਾ ਇਸ ਤਰ੍ਹਾਂ ਦੂਰ ਹੁੰਦਾਈ। ਜੇਹੜੇ ਲੋਕ ਅਪਨੀਆਂ ਕੰਨਿਆਂ ੧੦ ਬਰਸ ਦੇ ਅੰਦਰ ਅੰਦਰ ਵਿਆਹਨਾਂ ਪੁੰਨ ਜਾਨਦੇ ਨੇ। ਉਨਾਂ ਦੀਆਂ ਧੀਆਂ ਵਰ ਪਰੀਖਿਆ ਕੀਹ ਕਰ ਸੱਕਦੀਆਂ ਨੇ, ਜਦ ਉਨਾਂ ਦੇ ਸੰਜੋਗ ਹੋ ਜਾਂਦੇ ਨੇ ਫੇਰ ਪਈਆਂ ਵੇਲੇ ਆਏ ਪਿੱਟ ਦੀਆਂ ਨੇ ਤੇ ਮਾਂ ਪਿਉ ਸੌਹਰੇ ਸੱਸ ਨੂੰ ਅਸੀਸਾਂ ਪੁੱਠੀ ਮੂੰਹੀ ਦੇਂਦੀਆਂ ਨੇ ॥

(ਰੁਕੋ) ਸੇਠਨੀ ਜੀ ਤਾਂ ਫੇਰ ਮੇਰੀ ਤਰਫੋਂ ਤਾਂ ਮੇਰੇ ਵਾਸਤੇ ਵਰ ਤੁਸਾਂ ਹੀ ਪਰਖਨਾ ਤੇ ਜਾਂ ਸੇਠ ਹੋਰਾਂ ਨੂੰ ਕੈਹਨਾ ਮਤਾਂ ਮੇਰੇ ਨਾਲ ਵੀ ਕੋਈ ਏਹੋ ਜੇਹੀ ਗੱਲ ਨਾ ਹੋ ਜਾਵੇ। ਮੇਰੇ ਤਾਂ ਭਾਗ ਚੰਗੇਨੇ। ਜੋ ਮੈਂ ਤੁਹਾਡੇ ਘਰ ਆਗਈ ਹਾਂ। ਧੰਨਜ ਹੈ ਈਸੁਰ ਜਿਸਨੇ ਏਹ ਸਰਬੰਧ ਜੋੜ ਦਿੱਤਾ ਹੈ ॥

(ਸੇਠਨੀ) ਪਿਆਰੀ ਰੁਕੋ ਤੂੰ ਕੋਈ ਚਿੰਤਾ ਨਾ ਕਰ। ਸੇਠ ਹੋਰੀ ਬੜੇ ਸਿਆਨੇ ਨੇ, ਤੇ ਸਭ ਕੁਛ ਸੋਚ ਸਮਝਕੇ ਕਰਨਗੇ। ਏਹ ਗਲ ਪਈ ਕੈਂਹਦੀ ਹੀ ਸੀ ਕੇ ਬਾਹਰੋਂ ਇਕ ਜਨਾਨੀ ਨੇ ਅਵਾਜ ਦਿੱਤੀ, ਬੇਬੇ ਸੋਹਬਾਵੰਤੀਏ, ਐ ਬਾਹਰ ਕੋਈ ਆਏ ਜੇ, ਤੇ ਪੁਛਦੇ ਜੇ ॥

ਏਹ ਸੁਨਕੇ ਤੇ ਸੇਠਨੀ ਨੇ ਕਹਿਆ ਰੁਕੋ ਦੇਖ ਖਾਂ ਕੌਨ ਨੇ। ਮੈਂ ਕੱਪੜੇ ਪਾ ਲਵਾਂ ਮਤਾਂ ਡਾਕਦਾਰ ਹੀ ਹੋਵੇ

ਰੁਕੋ ਏਹ ਸੁਨ ਕੇ ਬਾਹਰ ਨੂੰ ਦੇਖਨ ਲੱਗੀ ਤੇ ਸੇਠਨੀ ਕੱਪੜੇ ਪੈਹਨਨ ਲਗੀ ॥

(ਰੁਕੋ) ਬਾਬੂ ਜੀ ਕਿਸ ਨੂੰ ਪੁਛਦੇ ਹੋ ॥

(ਬਾਬੂ) ਸੇਠ ਨਰਸਿੰਗਦਾਸ ਦਾ ਘਰ ਏਹੀ ਹੈ ॥

(ਰੁਕੋ) ਜੀ ਹਾਂ ਹੁਕਮ ਕਰੋ ਜੋ ਕੰਮ ਹੋਵੇ ॥

(ਬਾਬੂ) ਸੇਠਨੀ ਜੀ ਨੂੰ ਮੇਰੀ ਹੱਥ ਜੋੜ ਕੇ ਪਰਨਾਮ ਕਹੋ ਤੇ ਆਖੋ ਕੇ ਮਦਨਗੁਪਾਲ ਬਾਹਿਰ ਖੜਾ ਹੈ, ਸੇਠ ਜੀ ਨੇ ਏਹ ਚਿਠੀ ਭੀ ਦਿੱਤੀ ਹੈ। ਲੌ ਸੇਠਨੀ ਜੀ ਨੂੰ ਦੇ ਦਿਓ ॥

(ਰੁਕੋ) ਬਾਬੂ ਜੀ ਤੁਸੀਂ ਇਸ ਅੰਦਰ ਬੈਠ ਜਾਓ ਗਾ-ਲੀਚਾ ਵਿਛਿਆ ਹੋਇਆ ਜੇ ਤੇ ਮੈਂ ਸੇਠਨੀ ਹੋਰਾਂ ਨੂੰ ਸੰਦੇਸਾ ਪੁਚਾ ਦੇਂਨੀਆਂ ॥

(ਬਾਬੂ) ਬਹੁਤ ਹੱਛਾ ਜੇਕਰ ਸੇਠਨੀ ਜੀ ਕੋਈ ਅਜੇਹਾ ਕੰਮ ਕਰਦੇ ਹੋਵਨ ਜਿਸ ਕਰਕੇ ਅਜੇ ਸੁਤੰਤਰਤਾਈ ਨਾ ਹੋਵੇ ਤਾਂ ਮੈਂ ਫੇਰ ਭਲਕੇ ਆ ਜਾਵਾਂਗਾ ਪੁਛ ਲੌ ਨੇ ॥

(ਰੁਕੋ) ਬੇਬੇ ਜੀ ਏਹ ਸੇਠ ਜੀ ਦੀ ਚਿੱਠੀ ਹੈ। ਬਾਹਿਰ ਜੋ ਬਾਬੂ ਜੀ ਖੜੇ ਹੋਏ ਹੋਏ ਸਨ ਓਹ ਆਖਦੇ ਹਨ ਕੇ ਸੇਠਨੀ ਜੀ ਨੂੰ ਕੈਹ ਦਿਓ ਮਦਨ ਗੋਪਾਲ ਬਾਹਰ ਖੜੇ ਹੈਂ। ਮੈਂ ਉਨਾਂ ਨੂੰ ਅੰਦਰ ਤਾਂ ਬੈਠਾ ਆਈਆਂ ਹੁਨ ਜਿਸ ਤਰਾਂ ਕਹੋ ਕਰਾਂ, ਤੇ ਆਖਦੇ ਨੇ ਜੇ ਹੁਨ ਵੇਹਲਕ ਨਹੀਂ ਤਾਂ ਮੈਂ ਭਲਕੇ ਆ ਜਾਵਾਂਗਾ ॥

(ਸੇਠਨੀ) ਰੁਕੋ ਤੂੰ ਉਨਾਂ ਪਾਸ ਜਾਕੇ ਠੈਹਰਾ ਤੇ ਮੈਂ ਮੂੰਹ ਹਥ ਧੋਕੇ ਆਂਵਨੀ ਹਾਂ। ਏਹ ਸੁਨਕੇ ਰੁਕੋ ਤਾਂ ਉਸ ਅੰਦਰ ਦੇ ਬੂਹੇ ਅਗੇ ਜਾ ਖੜੀ ਹੋਈ ਤੇ ਸੇਠਨੀ ਜੀ ਅਪਨਾ ਲਤਾ ਕਪੜਾ ਹਛੀ ਤਰ੍ਹਾਂ ਠੀਕ ਕਰ ਕਰਾ ਕੇ ਤੇ ਬਾਹਰ ਵਲ ਆਈ ਪਰ ਏਹ ਖਿਆਲ ਕਰਕੇ ਕੇ ਬਾਹਰ ਹੋਰ ਜਨਾਨੀਆਂ ਪੁਛਨ ਪੁਛਾਨ ਗੀਆਂ ਕੇ ਹਕੀਮ ਕਿਉਂ ਮੰਗਾਇਆ ਸਾਂਜੇ। ਤੇ ਸਚ ਦਸਨ ਵਿਚ ਹੰਸੀ ਠਠਾ ਪਈਆਂ ਕਰਨ ਗੀਆਂ ਇਸ ਵਾਸਤੇ ਵੇਹੜੇ ਵਿਚ ਖੜਾ ਹੋਕੇ ਇਸਤਰ੍ਹਾਂ ਆਖਿਓ ਸੂ।

ਰੁਕੋ ਤੂੰ ਬਾਬੂ ਜੀ ਹੋਰਾ ਨੂੰ ਬੇਨਤੀ ਕਰਕੇ ਕੈਹਦੇ ਕੇ ਅੰਦਰ ਆ ਜਾਵਨ॥

(ਰੁਕੋ) ਬਾਬੂਜੀ ਸੇਠਨੀ ਜੀ ਆਖਦੀ ਹਨ ਕੇ ਅੰਦਰ ਆ ਜਾਉ।

(ਬਾਬੂ) ਅੰਦਰ ਵੜਦਿਆਂ ਤੇ ਸੇਠਨੀ ਜੀ ਨੂੰ ਦੇਖਦਿਆਂ ਹੀ॥ ਭੈਨ ਜੀ ਪੈਰੀਪੈਨਾ॥

(ਸੇਠਨੀ) ਆਉ ਭਰਾਤਾ ਜੀ ਈਸੁਰ ਕਿਰਪਾ ਕਰੇ॥ ਐਸ ਮੰਜੀ ਉਤੇ ਬੈਠ ਜਾਉ॥ ਸੇਠ ਹੋਰੀ ਮਿਲੇ ਸਾਂਜੇ ਕੇ ਨਾ।

(ਬਾਬੂ) ਭੈਨਜੀ ਓਹ ਤਾਂ ਕਲ ਵੀ ਮਿਲੇ ਸਨ ਤੇ ਅਜ ਭੀ ਜਦ ਘਰੋਂ ਗਏ ਨੇ ਤਾਂ ਰਸਤੇ ਵਿਚ ਮੈਨੂੰ ਦੂਰੋਂ ਦੇਖਕੇ ਬੁਲਾਇਆ ਸਾਨੇ ਤੇ ਕੈਹਾ ਸਾਨੇ ਜੋ ਅੱਜ ਸਾਡੇ ਘਰ ਜਰੂਰ ਜਾਵਨਾ ਮੈਨੂੰ ਅਜ ਜਰਾ ਕੰਮ ਭੀ ਕੋਈ ਬਹੁਤਾ ਨਹੀਂ ਸੀ ਇਸ ਵਾਸਤੇ ਮੈਂ ਦਿਲ ਵਿਚ ਏਹੀ ਠਾਨ ਲੀਤਾ ਜੋ ੨ ਬਜੇ ਜਰੂਰ ਅਜ ਜਾਵਾਂਗਾ ਫੇਰ ਹੁਨ ਤਿਨ ਬਜੇ ਆਗਿਆ ਹਾਂ॥

(ਸੇਠਨੀ) ਬੈਠ ਜਾਉ ਨਾਂ ਭਰਾਜੀ ਥਕ ਗਏ ਹੋਵੋਗੇ ਤੇ ਪਾਨੀ ਧਾਨੀ ਪੀਨਾ ਹੋਵੇ ਤਾਂ ਦੱਸੋ ॥

(ਬਾਬੂ) ਭੈਨ ਜੀ ਸਭ ਤੁਹਾਡੀ ਕਿਰਪਾ ਨਾਲ ਆਨੰਦ ਹੈ ॥ ਤੁਸੀ ਬੀ ਬੈਠ ਜਾਉ ਨਾਂ ਜਦ ਸੇਠਨੀ ਹੋਰੀ ਬੈਠ ਗਏ ਤਾਂ ਮਦਨ ਗੋਪਾਲ ਹੋਰਾਂ ਉਨਾਂ ਦੇ ਦੁਆਂ ਹੱਥਾਂ ਦੀਆਂ ਨਬਜਾਂ ਡਿਠੀਆਂ ਤੇ ਮੂੰਹ ਖੁਲਾ ਕੇ ਜੁਬਾਨ ਤੇ ਅਖੀਆਂ ਦੇਖਕੇ ਕੈ-ਹਆ ਬਸ ਹੁਨ ਤੁਸੀ ਬੈਠ ਜਾਉ ॥ ਤੇ ਮੈਨੂੰ ਆਗਿਆ ਦਿਉ ॥

(ਸੇਠਨੀ) ਏਹ ਸੋਚ ਕੇ ਸੇਠ ਹੋਰੀ ਕੀਹ ਆਖਨਗੇ ਕਿ ਤੂੰ ਕੋਈ ਗਲ ਅਜੇਹੀ ਨਹੀਂ ਸੀ ਕਰ ਸਕਦੀ ਜਿਸ ਨਾਲ ਮਦਨ ਗੋਪਾਲ ਭੀ ਰੁਕੋ ਨੂੰ ਦੇਖ ਲੈਂਦਾ। ਉਚੀ ਅਵਾਜ ਨਾਲ ਬੋਲ ਉਠੀ ਮਾਈ ਜੀ ਮਾਈ ਜੀ ਏਧਰ ਆਵੋ ਹਥ ਦਿਖਾ ਲਵੋ ਹੁਨ ਤਾਂ ਭਾਈਏ ਹੋਰੀ ਘਰ ਆਏ ਹੋਏ ਨੇ ॥

(ਮਾਈ) ਹਾਂ ਬੱਚੀ ਹਾਂ ਬੱਚੀ ਜੀ ਕੀਹ ਆਖਦੇ ਹੋ, ਏਹ ਬਾਬੂ ਹੋਰੀ ਹੱਥ ਦੇਖਦੇ ਹਨ ॥

(ਬਾਬੂ) ਹਾਂ ਮਾਈ ਜੀ ਬੈਠ ਜਾਓ ਤੇ ਮੂੰਹ ਖੋਲੋ ਨਾਲੇ ਬਾਂਹ ਮੇਰੇ ਵਲ ਕਰੋ ॥

ਜਦ ਮਾਈ ਜੀ ਦਾ ਹੱਥ ਮੂੰਹ ਦੇਖ ਚੁਕੇ ਤੇ ਦਵਾਈ ਭੀ ਲਿਖ ਦਿੱਤੀਓ ਨੇ ਤਾਂ ਫੇਰ ਰੁਕੋ ਨੇ ਅਪਨੇ ਦਿਲ ਵਿਚ ਵਿਚਾਰਿਆ ਕੇ ਸੇਠ ਹੋਰੀ ਕੀਹ ਆਖਨਗੇ ਕੇ ਤੂੰ ਸਾਡਾ ਕੈਹਾ ਨਾ ਮਨਿਆ ਇਸ ਵਾਸਤੇ ਝੱਟ ਬੋਲ ਉਠੀ ॥

(ਰੁਕੋ) ਬਾਬੂ ਜੀ ਏਹ ਦਵਾਈਆਂ ਆਦਮੀਆਂ ਤੇ ਜਾ

ਨਾਨੀਆਂ ਨੂੰ ਰਾਜੀ ਕਰ ਦੇਦੀਆਂ ਨੇ ਤਾਂ ਫੇਰ ਲੋਕ ਕਿਉਂ ਮਰਦੇ ਜਾਂਦੇ ਨੇ ॥

(ਬਾਬੂ) ਸੇਠਨੀ ਹੋਰਾਂ ਦੀ ਵਲ ਦੇਖਕੇ ਤੇ ਭੈਣ ਜੀ ਏਹ ਕੌਨ ਕੁੜੀ ਹੈ ॥

(ਸੇਠਨੀ) ਸੇਠ ਹੋਰਾਂ ਦੀ ਧਰਮ ਭੈਨ ਤੇ ਇਸ ਮਾਈ ਜੀ ਦੀ ਧੀ ॥

(ਬਾਬੂ) ਹੱਛਾ ਠੀਕ ਜੀ ਠੀਕ ਏਹ ਕੁਛ ਪੜ੍ਹੀ ਹੋਈ ਹੈ।

(ਰੁਕੋ) ਜੀ ਹਾਂ ਮੈਂ ਇਸਤਰੀ ਸਿੱਖਜਾ ਦਾ ਪਹਲਾ ਦੂਜਾ ਤਰੀਜਾ ਤੇ ਚੌਥਾ ਪਾਠ ਗੀਤਾ ਸਹੰਸਰਨਾਮ ਰਿਜੂਪਾਠ ਪੜ੍ਹੀ ਹੋਈ ਹਾਂ ਤੇ ਮਨੂੰਸਿਮਰਤੀ ਹੱਛੀ ਤਰ੍ਹਾਂ ਪੜ੍ਹ ਲੈਨੀ ਹਾਂ ॥

(ਬਾਬੂ) ਤਦ ਹੀ ਏਹ ਪਰਸ਼ਨ ਕੀਤਾ ਹੈ। ਭੈਨ ਜੀ ਦਸੋ ਹੁਨ ਮੈਂ ਕੀਹ ਸਮਝਾਵਾਂ ਸੂ। ਮਾਈ ਜੀ ਧਨਜ ਹੋ ਜੋ ਐਸੀ ਸੰਤਾਨ ਦੀ ਮਾਤਾ ਬਨੇ ਹੋ ॥

(ਕੋਈ ਪੁੱਤਰ ਭੀ ਹੈ ਜੇ ॥

(ਮਾਤਾ) ਪੁਤਰ ਬੱਚਾ ਕਿਥੋਂ ਮੇਰੇ ਭਾਗ ਵਿਚ ਸੀ। ਸਾਰਾ ਹਾਲ ਅਪਨਾ ਮੁੱਡ੍ਹ ਤੋਂ ਸੁਨਾ ਕੇ ਭਲਾ ਹੋਵੇ ਇਨਾਂ ਧਰਮਾਤਮਾ ਦਾ ਜਿਨਾਂ ਸਾਡੀ ਮੁਸੀਬਤ ਕੱਟੀ ਹੈ। ਪੁੱਤਰ ਹੁੰਦਾ ਤਾਂ ਹੋਰ ਇਸਥੋਂ ਹੱਛਾ ਕੀਹ ਕਰਦਾ। ਮੇਰੇ ਏਹੋ ਪੁਤਰ ਤੇ ਏਹੋ ਪਾਲਕ ॥

(ਬਾਬੂ) ਭੈਨ ਜੀ ਸੇਠਨੀ ਵਲ ਧਿਆਂਨ ਕਰਕੇ ਤੁਹਾਡੇ ਘਰ ਤਾਂ ਗਿਆਂਨ ਪੂਰਾ ਪੂਰਾ ਹੋਇਆ ਹੋਇਆ ਹੈ। ਏਥੋਂਖਾਂ ਮਾਈ ਨੂੰ ਤੀ ਨੇ ਗਿਆਨ ਕਰ ਦਿੱਤਾ ॥

ਫੇਰ ਰੁਕੋਵੱਲ ਧਿਆਂਨ ਕਰਕੇ ਬੀਬੀਜੀ ਤੁਸਾਂ ਜੋ ਪਰਸ਼ਨ ਕੀਤਾ ਹੈ ਕੇ ਦਵਾਈਆਂ ਲੋਕਾਂ ਨੂੰ ਮਰਨ ਤੋਂ ਬਚਾ ਲੈਂਦੀਆਂ ਨੇ ਸੋ ਤੁਸੀਂ ਵਿਚਾਰਕੇ ਦੇਖੋਖਾਂ ਜਦ ਤੁਸੀਂ ਕੋਈ ਚੀਜ ਚੁਲਹੇ ਤੇ ਚਾੜਹਨ ਵਾਸਤੇ ਰਖਦੇ ਹੋ ਪਹਲਾਂ ਚੀਜ਼ ਯਾ ਪਾਂਨੀ ਪਾਂਦੇ ਹੋ ਫੇਰ ਅੱਗ ਕਦੀ ਨਰਮ ਕਦੀ ਸਖਤ ਕਦੀ ਕੜਛੀ ਨਾਲ ਹਿਲਾਂਦੇ ਹੋ ਕਦੀ ਢੱਕਦੇ ਹੋ ਕਦੀ ਮੂੰਹ ਨੰਗਾ ਕਰਦੇਂਦੇ ਹੋ। ਫੇਰ ਜੇ ਰਿਝਕੇ ਤਿਆਰ ਹੁੰਦੀ ਹੈ ਤਾਂ ਜੇ ਨਿਮਕ ਮਿਰਚ ਠੀਕ ਹੋਵੇ ਤਾਂ ਤੁਸਾਂ ਨੂੰ ਪਰਸੰਤਾ ਹੁੰਦੀ ਹੈ ਨਹੀਂ ਤਾਂ ਜੇਹੜੀ ਚੀਜ਼ ਦੀ ਕਮੀ ਹੋਵੇ ਓਹ ਫਿਰ ਪਾਂਦੇ ਹੋ। ਸੋ ਇਸੇ ਤਰ੍ਹਾਂ ਈਸ਼ਰ ਨੇ ਜੀਵ ਵਾਸਤੇ ਸਾਧਾਰਨ ਬਿਰਤੀ ਰੱਖੀ ਹੈ। ਤੇ ਗਿਆਨ ਦਿੱਤਾ ਹੋਇਆ ਹੈਸੂ ਕੇ ਜੋ ਖੁਰਾਕ ਅਥਵਾ ਖਾਂਨ ਪੀਂਨ ਠੀਕ ਠੀਕ ਦੇਹੀ ਨੂੰ ਸੁਖੀ ਰਖੇ ਖਾਵੇ ਤੇ ਪੀਵੇ ਸੋ ਜੀਵ ਜਦ ਕੋਈ ਚੀਜ਼ ਕੁਪੱਥ ਅਥਵਾ ਦੁਖ ਦੇਵਨ ਵਾਲੀ ਖਾ ਲਵੇ ਯਾ ਅਪਨੀ ਦੇਹੀ ਨੂੰ ਅਪਨੇ ਨਿਤ ਦੇ ਵਿਵਹਾਰ ਤੋਂ ਰੋਕੇ ਤਾਂ ਫੇਰ ਦੇਹੀ ਦੀ ਚਾਲ ਠੀਕ ਨਹੀਂ ਰਹਿੰਦੀ ਫੇਰ ਓਹ ਜੀਵ ਕਿਸੇ ਚਿਕਿਤਸਾ ਜਾਣਨਵਾਲੇ ਕੋਲ ਜਾਂਦਾ ਹੈ, ਜੋ ਉਸਦੀ ਦੇਹੀ ਦੀ ਆਵੱਸ਼ਕਤਾ ਨਿਰਬਲਤਾ ਯਾ ਜੇਹੜੀ ਚੀਜ਼ ਵਿਗੜੀ ਹੋਈ ਹੋਵੇ ਦੇਖ ਕੇ ਤੇ ਅਉਸਦੀਆਂ ਦੱਸਦਾ ਹੈ ਜਿਸਤਰ੍ਹਾਂ ਵਲਟੋਈ ਦੀ ਹਾਲਤ ਜਾਨਨ ਵਾਲੀ ਇਸਤਰੀ ਯਾ ਪੁਰਸ਼ ਜਾਨ ਲੈਂਦੇ ਨੇ ਕੇ ਹੁਣ ਅੱਗ ਥੋੜੀ ਕਰਨੀ ਹੈ ਯਾ ਪਾਨੀ ਹੋਰ ਪਾਣਾਂ ਹੈ। ਉਸੇ ਤਰ੍ਹਾਂ ਓਹ ਹਕੀਮ ਦੇਹੀ ਦੇ ਰੋਗਦੀ ਦਵਾ ਦੱਸ ਦੇਂਦਾਹੈ।

ਜੇਕਰ ਕੋਈ ਬੀਮਾਰੀ ਜੋਰ ਪਾਕੇ ਤੇ ਦੇਹੀ ਨੂੰ ਭੁੱਗਾ ਕਰ ਦੇਵੇ ਯਾਂ ਬੁਢੇਪੇ ਨਾਲ ਭੁਰੀ ਹੋ ਜਾਵੇ ਤਾਂ ਫੇਰ ਇਸ ਨੂੰ ਦਵਾਈ ਕੋਈ ਠੀਕ ਨਹੀਂ ਕਰ ਸੱਕਦੀ। ਉਸੇ ਤਰਾਂ ਜਿਸ ਤਰਾਂ ਸੜੀ ਹੋਈ ਵਲਟੋਈ ਨੂੰ ਕੋਈ ਸੁਘੜ ਜਨਾਨੀ ਭੀ ਠੀਕ ਨਹੀਂ ਕਰ ਸਕਦੀ।

ਸੋ ਬੀਬੀ ਇਸੇ ਤਰ੍ਹਾਂ ਤੁਸੀ ਸਮਝ ਲੌ ਕੇ ਜੋ ਜੋ ਰੋਗ ਅਪਨੇ ਹੱਥੀਂ ਜੀਵ ਅਪਨੀ ਦੇਹੀ ਨੂੰ ਲਗਾ ਲੈਂਦਾ ਹੈ ਉਸਦੀ ਤਾਂ ਦਵਾਈ ਹੋ ਸਕਦੀ ਹੈ ਯਾ ਜੋ ਈਸ਼ੁਰ ਦੀ ਤਰਫੋਂ ਹੁੰਦੇ ਨੇ ਉਸ ਦੀ ਦਵਾਈ ਕੋਈ ਨਹੀਂ। ਪਰ ਯਤਨ ਉਸ ਵਾਸਤੇ ਭੀ ਕਰਨਾ ਧਰਮ ਹੈ ਕਿਉਂ ਜੋ ਜਿਸ ਪੁਰਸ਼ ਯਾ ਇਸਤਰੀ ਨੂੰ ਈਸ਼ੁਰ ਫੇਰ ਸੁਖ ਦੇਨਾ ਚਾਹੇ ਤਾਂ ਅਵੱਸ਼ਕ ਸਬੱਬ ਹੀ ਐਸਾ ਲੱਗ ਜਾਂਦਾ ਹੈ॥

(ਰੁਕੋ) ਬਾਬੂ ਜੀ ਈਸ਼ੁਰ ਦੀ ਤਰਫੋਂ ਕੇਹੜੇ ਰੋਗ ਹੁੰਦੇ ਨੇ॥

(ਬਾਬੂ) ਬੀਬੀ ਜੀ ਅੰਨਾ ਜੰਮਨਾ ਇਕੋ ਲੱਤ ਹੋਨੀ ਕੋਈ ਅੰਗ ਜੰਮਨਤੋਂ ਹੀਹੀਨ ਹੋਨਾ, ਭੈੜੀ ਸ਼ਕਲ ਹੋਨੀ, ਸੋਏਹ ਰੋਗ ਪਰਾਲਬਦੀ ਹਨ। ਇਨਾਂ ਦੀ ਜਦ ਅਵਸਥਾ ਪੂਰੀ ਹੁੰਦੀ ਹੈ ਤਦ ਈਸ਼ਰ ਇਨਾਂ ਤੋਂ ਖਲਾਸੀ ਕਰਾਂਦਾ ਹੈ ਨਹੀਂ ਤਾਂ ਨਹੀਂ।

(ਰੁਕੋ) ਬਾਬੂ ਜੀ ਪਰਾਲਬਦ ਕੀਹ ਹੁੰਦੀ ਹੈ॥

(ਬਾਬੂ) ਜੇਹੜੇ ਕਰਮਾਂਦੇ ਫਲ ਇਸਜਨਮਵਿਚੋਂ ਭੋਗਨੇ ਰਹਿ ਜਾਂਦੇ ਨੇ ਤੇ ਜੇਹੜੇ ਜੀਵ ਦੂਸਰੇ ਜਨਮ ਵਿਚ ਭੋਗਦੇ ਨੇ

ਉਨਾਂ ਦਾ ਨਾ ਪਰਾਲਬਦ ਹੈ ॥

(ਰੁਕੋ) ਜੀ ਤੇ ਸਾਨੂੰ ਹੁਣ ਏਹ ਖਬਰ ਤਾਂ ਨਹੀਂ ਕੇ ਅਸਾਂ ਪਾਪ ਕੀਤੇ ਨੇ ਤੇ ਕਿਨਾਂ ਦੇ ਫਲ ਭੋਗਦੇ ਹਾਂ। ਐਵੇਂ ਅਸਾਂ ਕਿਸ ਤਰ੍ਹਾਂ ਅਪਨਾ ਸੁਧਾਰ ਕਰੀਏ,ਜੇਕਰ ਪਤਾ ਹੋਵੇ ਤਾਂ ਹੁਣ ਓਹ ਕਰਮ ਨਾ ਕਰੀਏ॥

(ਬਾਬੂ) ਬੀਬੀ ਜੀ ਏਹ ਗਿਆਨ ਤਾਂ ਈਸ਼ੁਰਨੇ ਸਰਬਤ ਜੀਵਾਂ ਨੂੰ ਦਿੱਤਾ ਹੈ। ਕੇ ਜੇਹੀ ਕੋਈ ਚੀਜ਼ ਹੋਵੇ ਤੇਹਾ ਉਸ ਦਾ ਫਲ ਹੈ ਤੇ ਜੇਹਾ ਕੋਈ ਬੀਜੇ ਤਿਹਾ ਹੀ ਫਲ ਲਗੇਗਾ। ਤੁਸੀਂ ਜੇ ਕਨਕ ਬੀਜੋ ਤਾਂ ਉਸ ਨੂੰ ਕਨਕ ਹੀ ਲਗੇਗੀ, ਜੇਕਰ ਕਿਸੇ ਨਾਲ ਭਲਾ ਕਰੋਗੇ ਤਾਂ ਤੁਹਾਡਾ ਭੀ ਭਲਾ ਹੋਵੇਗਾ। ਇਸੇ ਤਰ੍ਹਾਂ ਜੀਵ ਜਾਣਦਾ ਹੈ ਕੇ ਮਾੜਾ ਕਰਮ ਕਰਨਾ ਹੱਛਾ ਨਹੀਂ ਪਰ ਫੇਰ ਲਾਲਚ ਵਿਚ ਆਕੇ ਕਰ ਲੈਂਦਾ ਹੈ,ਸੋ ਉਸ ਨੂੰ ਫਲ ਭੀ ਉਹਾ ਹੀ ਮਿਲਦਾ ਹੈ ॥

ਤੇ ਏਹ ਜੋ ਤੁਸੀਂ ਕਹਿਆ ਹੈ ਕੇ ਸਾਨੂੰ ਮਾਲੂਮ ਹੋਵੇ ਤਾਂ ਹੁਨ ਸੁਧਾਰ ਕਰ ਲਈਏ। ਏਹਤਾਂ ਪਰਤੱਖ ਹੈ ਕੇ ਜਿਸ ਦਿਨ ਤੁਸੀ ਜੰਮੇਸਾਓ ਕੋਈਹੋਰ ਭੀ ਉਸ ਘੜੀਉਸੇਵੇਲੇ ਜੰਮਿਆਂਸੀ ਪਰ ਹੁਨ ਉਨਾਂ ਸਭਨਾਂ ਨੂੰ ਇਕ ਜਗਾਹ ਕੱਠਾ ਕਰਕੇ ਤਾਂ ਦੇਖੋ। ਕੋਈ ਰਾਨੀ ਹੈ ਕੋਈ ਸ਼ਾਹਨੀ ਕੋਈ ਅੰਨੀ ਹੈ ਕੋਈ ਕਾਂਣੀ ਹੈ ਕੋਈ ਸੁਖੀ ਹੈ ਕੋਈ ਦੁਖੀਹੈ। ਇਸਥੋਂ ਜੀਵ ਸਮਝ ਲਏਕੇ ਪੂ-ਰਬਕਰਮਾਂਦਾ ਫਲਹੈ। ਜੇਕਰ ਈਸ਼ੁਰ ਅਗਲਾਜਨਮ ਸਭਨਾਂ ਨੂੰ ਯਾਦ ਰਖਾਂਦਾ ਤਾਂ ਫੇਰ ਦੁਨੀਆਂ ਵੱਸਦੀ ਕਿਸ ਤਰ੍ਹਾਂ।

ਇਕ ਜਨਾਨੀ ਨੂੰ ਅਪਨੇ ਅਗਲੇ ਜਨਮ ਦਾ ਭਰਤਾ ਜੋ ਯਾਦ ਰਹਿੰਦਾ ਯਾ ਪਿਓ ਨੂੰ ਪੁਤਰ ਯਾ ਮਾ ਨੂੰ ਬੱਚੇ ਯਾ ਭੈਨਾ ਨੂੰ ਭਰਾ ਤਾਂ ਰੋਜ ਦਿਹਾੜੀ ਆਪਸ ਵਿਚ ਖੂੰਨ ਕਰ ਕਰਕੇ ਮਰ ਜਾਂਦੇ। ਕਿਉਂ ਜੋ ਇਸਤਰੀ ਦੂਸਰੇ ਭਰਤੇ ਤੇ ਭਰਤਾ ਦੂਸਰੇ ਪੁਰਸ਼ ਪਾਸ ਇਸਤਰੀ ਨੂੰ ਇਸੇ ਤਰਾਂ ਮਾਂ ਪੁੱਤਰ ਨੂੰ ਪਿਉ ਧੀ ਨੂੰ ਭਰਾ ਭੈਨ ਨੂੰ ਨਾ ਦੇਖ ਸਕਦੇ ਈਸ਼ੁਰ ਸਰਬਵਿਆਪੀ ਸਰਬਗਜ਼ ਨੇ ਇਸ ਦੇ ਔਗਨ ਜਾਨ ਕੇ ਇਸ ਦਾ ਜਨਵਾਨਾ ਸਭਨਾ ਨੂੰ ਨਹੀਂ ਚਿਤਵਾਇਆ ॥

(ਰੁਕੋ) ਬਾਬੂ ਜੀ ਏਹ ਤਾਂ ਮੈਂ ਹਛੀ ਤਹ੍ਹਾਂ ਸਮਝ ਗਈਆਂ ਕੇ ਇਸ ਭੇਦ ਦਾ ਛਿਪਿਆ ਰੈਹਨਾ ਹੀ ਹਛਾ ਸੀ ਪਰ ਤੁਸੀਂ ਜੋ ਕੈਹੰਦੇ ਹੋ ਸਭਨਾਨੂੰ ਈਸ਼ੁਰ ਨੇ ਨਹੀਂ ਚਿਤਵਾਇਆ ਕਿਸੇ ਨੂੰ ਅਗਲਾ ਜਨਮ ਮਾਲੂਮ ਭੀ ਹੈ ॥

(ਬਾਬੂ) ਹਾਂ ਜੀ ਜੋ ਲੋਗ ਬੜੇ ਤਪ ਤੇ ਭਜਨ ਕਰ ਕੇ ਈਸ਼ੁਰਆਗਿਆ ਪਾਲਨ ਕਰਦੇ ਕਰਦੇ ਬੜੀ ਅਛੀ ਪਦਵੀ ਨੂੰ ਪਹੁੰਚ ਜਾਂਦੇ ਨੇ। ਉਨਾਂ ਨੂੰ ਅਪਨੇ ਅਗਲੇ ਜਨਮ ਦੀ ਸੁਧ ਹੁੰਦੀ ਹੈ ਪਰ ਓਹੋ ਲੋਗ ਇਨਾਂ ਦੁਨੀਆਂ ਦੇ ਵਿਵਹਾਰਾਂ ਤੇ ਲਾੜਿਆਂ ਨਾਲ ਪਰੀਤ ਹੀ ਨਹੀਂ ਕਰਦੇ ॥

(ਰੁਕੋ) ਮਹਾਰਾਜ ਬਾਬੂ ਜੀ ਹੁਨ ਮੈਂ ਸਮਝ ਗਈਆਂ ਤੁਸਾਂ ਮੈਨੂੰ ਬਖਸ਼ਨਾਂ ਕਿਉਂ ਜੋ ਮੈਂ ਝੱਲੀ ਜੇਹੀਨੇ ਤੁਹਾਡੇ ਦੋ ਤਰੈ ਘੰਟੇ ਐਵੇਂ ਗਵਾ ਦਿੱਤੇ ਨੇ ॥

(ਬਾਬੂ) ਨਹੀਂ ਜੀ ਬੀਬੀ ਜੀ ਏਹ ਕੀਹ ਗਲ ਹੈ ਮੈਂ ਤਾਂ

ਉਸ ਜਗ੍ਹਾ ਸਦਾ ਹੀ ਬੈਠਨਾ ਪਸੰਦ ਕਰਨਾਂ ਹਾਂ ਜਿਥੇ ਈਸ਼ੁਰ ਦੀਆਂ ਤੇ ਸੁਧਾਰ ਦੀਆਂ ਗੱਲਾਂ ਹੁੰਦੀਆਂ ਰੈਹਨ ॥

ਹੱਛਾ ਭੈਨ ਜੀ ਹੁਨ ਆਗਿਆ ਹੈ ਫੇਰ ਕਦੀ ਯਾਦ ਕਰੋਗੇ ਤੇ ਦਰਸ਼ਨ ਆ ਕਰਾਂਗਾ ॥

(ਸੇਠਨੀ) ਹੱਛਾ ਭਰਾਤਾ ਜੀ ਤੁਹਾਡੀ ਮਰਜੀ। ਹੁਨ ਹੋਰ ਕੀਹ ਆਖਾਂ। ਜੀ ਤੇ ਨਹੀਂ ਕਰਦਾ ਜੋ ਤੁਸੀਂ ਹੁਨ ਟੁਰ ਜਾਓ, ਪਰ ਮੈਂਨੂੰ ਏਹ ਖਬਰ ਨਹੀਂ ਕੇ ਤੁਹਾ ਨੂੰ ਕਿੱਡਾ ਕੂ ਕੰਮ ਹੈ ਇਸ ਵਾਸਤੇ ਮੈਂ ਹੁਨ ਰੋਕ ਨਹੀਂ ਸਕ ਦੀ, ਪਰ ਕਿਸੇ ਦਿਹਾੜੇ ਫੇਰ ਦਰਸ਼ਨ ਦਿਓਗੇ ਤਾਂ ਬੜੀ ਦਇਆ ਹੋਵੇਗੀ ॥

(ਬਾਬੂ) ਹੱਛਾ ਮਾਈਜੀ ਪੈਰੀ ਪੈਨਾਭੈਨਜੀ ਚਰਣਬੰਦਨਾ ਬੀਬੀ ਜੀ ਈਸ਼ੁਰ ਕ੍ਰਿਪਾ ਮਦਨਗੋਪਾਲ ਹੋਰੀ ਜਦ ਚਲੇ ਗਏ ਤਾਂ ਸੇਠਨੀ ਮਾਈ ਨੂੰ ਤੇ ਰੁਕੋ ਨੂੰ ਅਪਨੇ ਪਾਸ ਬੁਲਾ ਕੇ ਇਸ ਤਰਾਂ ਪੁਛਨ ਲੱਗੀ ॥

ਮਾਈ ਜੀ ਦੇਖਿਆ ਜੇ ਹੁਨ ਪੜਹੇ ਹੋਏ ਕਿਸ ਤਰਾਂ ਸੋਹਨੀਆਂ ਗੱਲਾਂ ਕਰਦੇ ਨੇ ਤੇ ਸੋਹਨੇ ਪਏ ਲੱਗਦੇ ਨੇ, ਕਿਉਂ ਰੁਕੋ ਤੈਨੂੰ ਕਿਸ ਤਰਾਂ ਸਮਝਾਇਆ ਸੂ ॥ ਪਿੰਡਾਂ ਵਿੱਚ ਐਹੋ ਜੇਹੇ ਆਦਮੀ ਕਿੱਥੇ ਮਿਲਦੇ ਨੇ ॥

(ਮਾਤਾ) ਕਿਉਂ ਬੱਚੀ ਏਹ ਵਿਵਾਹਿਆ ਹੋਇਆ ਹੈ ਕੇ ਨਹੀਂ ਅਜੇ ਮੈਂ ਤੇ ਕੈਹਨੀ ਹਾਂ ਜੇ ਸਾਡੀ ਜਾਤ ਤੇ ਏਹ ਦੀ ਜਾਤ ਮਿਲ ਜਾਵੇ ਤਾਂ ਮੈਂ ਰੁਕੋ ਨੂੰ ਇਸੇ ਨਾਲ ਵਿਵਾਹ ਛਡਾਂ। ਅਜੇ ਉਮਰ ਦਾ ਵੀ ਕੋਈ ਵਡਾ ਨਹੀਂ ॥

(ਸੇਠਨੀ) ਮਾਈਜੀ ਮੇਰੀ ਭੀ ਤਾਂ ਸਲਾਹ ਇਸੇ ਤਰ੍ਹਾਂ ਹੈ। ਫੇਰ ਸੇਠ ਹੋਰੀ ਆਵਨ ਤਾਂ ਕੁਛ ਖਬਰ ਪਵੇ,ਜਦ ਇਸ ਤਰ੍ਹਾਂ ਦੀਆਂ ਗੱਲਾਂ ਕਰਨ ਲਗ ਪਈਆਂ ਤਾਂ ਰੁਕੋ ਕੋਲੋਂ ਉੱਠਕੇ ਤੇ ਅੰਦਰ ਨੂੰ ਚਲੀ ਗਈ,ਤੇ ਅੰਦਰ ਜਾਕੇ ਹੱਥ ਜੋੜਕੇ ਈਸ਼ੁਰ ਅੱਗੇ ਪਰਾਰਥਨਾ ਕਰਕੇ ਕੈਹਨ ਲਗੀ ਹੇ ਪਰਮਾਤਮਾ ਕ੍ਰਿਪਾ ਕਰ ਕੇ ਮੇਰੇ ਸੰਜੋਗ ਇਸੇ ਬਾਬੂ ਨਾਲ ਕਰਾ ਦੇਈਂ। ਜਦ ਰੁਕੋ ਅੰਦਰ ਚਲੀ ਗਈ ਸੀ ਤਾਂ ਸੇਠਨੀ ਜੀ ਨੇ ਮਾਈਜੀ ਨੂੰ ਅੱਖ ਨਾਲ ਆਸ਼ਾਰਾ ਕਰ ਕੇ ਆਖਿਆ ਸੀ ਕੇ ਦੇਖ ਹੁਨ ਰੁਕੋ ਸਮਝ ਗਈਆ। ਤੇ ਮਾਈ ਜੀ ਨੇ ਅਗੋਂ ਜੁਆਬ ਦਿੱਤਾ ਸੀ ਬੱਚੀ ਅਜੇ ਵੀ ਨਹੀਂ ਸੂ ਸਮਝਨਾ। ਰੁਕੋ ਦੀ ਜਾਨਨਾਂ ਦੇ ਘਰ ਅੱਜ ਕੱਲ ਦੋ ਦੋ ਬਾਲ ਹੋਏ ਹੋਏ ਹਨ॥

(ਸੇਠਨੀ) ਮਾਈ ਜੀ ਮੈਂ ਰੁਕੋ ਨਾਲੋਂ ਕੋਈ ੭ ਵਰਹੇ ਵੱਡੀ ਹੋਵਾਂਗੀ ਤੇ ਅਜੇ ਮੇਰੇ ਕੋਈ ਬਾਲ ਨਹੀਂ, ਤੇ ਤੁਹਾਨੂੰ ਰੁਕੋ ਦਾ ਹੁਨੇ ਅਜੇਹਾ ਖਿਆਲ ਏਹ ਕਿਉਂ ਆਇਆ ਹੈ, ਤੁਸੀਂ ਝੂਠ ਮੰਨੋਂਗੇ ਮੈਂਨੂੰ ਪੰਜਛੇ ਵਰਹੇ ਵਿਵਾਹਿਆਂ ਹੋਇਆਂ ਹੋ ਗਏ ਨੇ, ਪਰ ਅਜੇ ਤਕ ਸੇਠ ਹੋਰਾਂ ਨੂੰ ਤੇ ਮੈਨੂੰ ਬਾਲਕ ਦਾ ਕਦੀ ਖਿਆਲ ਭੀ ਨਹੀਂ ਹੋਇਆ। ਮੈਂ ਕਦੀ ਕਿਸੇ ਦਾ ਜਿਕਰ ਭੀ ਕਰਨ ਲੱਗਾਂ ਤਾਂ ਸਦਾ ਹੀ ਏਹੋ ਜੁਆਬ ਦੇਂਦੇ ਹੁੰਦੇ ਨੇ ਕੇ ਕਚੇ ਸੂਤ ਦਾ ਧਾਗਾ ਕਦੀ ਪੱਕਾ ਨਹੀਂ ਹੁੰਦਾ ਜਿਸ ਸੂਤ ਨੂੰ ਹਛੀ ਤਰ੍ਹਾਂ ਪਕਾ ਕੇ ਤੇ ਧਾਗਾ ਬਨਾਇਆ ਜਾਂਦਾ ਹੈ ਫੇਰ ਨਹੀਂ ਟੁੱਟਦਾ॥

(ਮਾਤਾ) ਬੀਬੀ ਮੈਂ ਏਹ ਗਲ ਤੁਹਾਡੀ ਹੱਛੀ ਤਰ੍ਹਾਂ ਸਮਝੀ ਨਹੀਂ। ਮੈਨੂੰ ਇਤਨਾ ਤਾਂ ਦਸੋ ਕੇ ਤੁਹਾਨੂੰ ਤੇ ਸੇਠ ਹੋਰਾਂ ਨੂੰ ਪੁਤਰ ਧੀ ਦੀ ਖਾਹਸ ਕਿਉਂ ਨਹੀਂ ਹੁੰਦੀ॥

(ਸ਼ੇਠਨੀ) ਮਾਈ ਜੀ ਸੇਠ ਹੋਰੀ ਬੜੇ ਹੀ ਧਰਮਾਤਮਾਂ ਤੇ ਸ਼ਾਂਤੀ ਵਾਲੇ ਸ਼ਰੀਰ ਨੇ। ਉਨਾਂ ਤਾਂ ਮੇਰੀ ਚੇਸ਼ਟਾ ਅਗਨੀ ਨੂੰ ਅਪਨੇ ਗਿਆਨ ਦੇ ਪਾਨੀ ਨਾਲ ਐਸਾ ਠੰਡਾ ਕਰ ਛੱਡਿਆ ਹੈ ਕੇ ਕਦੀ ਮੈਂਨੂੰ ਭੀ ਚਿਤ ਨਹੀਂ ਆਂਵਦਾ ਅਥਵਾ ਦੁਖ ਨਹੀਂ ਦੇਂਦੀ, ਮਾਈ ਜੀ ਸਾਡੀਆਂ ਭੈਨਾਂ ਤੇ ਭਾਈਆਂ ਨੂੰ ਜੋ ਏਹ ਬਾਲਕਾਂ ਦੀਆਂ ਮਰਿਤਕਾਂ ਦੁਖ ਦੇਂਦੀਆਂ ਨੇ ਉਸ ਦੇ ਓਹ ਆਪ ਹੀ ਕਾਰਨ ਹੁੰਦੇ ਨੇ ਜੇ ਰੀਤੀ ਨਾਲ ਸਭ ਗਰਿਸਤ ਕਰਨ ਤਾਂ ਐਹੋ ਜੇਹੇ ਦੁਖ ਤੇ ਨਾਂ ਪਾਂਵਨ ਜੋਕਰ ਧਰਮਸ਼ਾਸਤ੍ਰ ਵਿੱਚੋਂ ਗ੍ਰਿਹਸਤ ਕਾਂਡ ਅਥਵਾ ਇਸਤਰੀ ਪੁਰਖ ਵਿਵਹਾਰ ਦੀ ਕਥਾ ਪੜਹਨ ਯਾ ਸੁਨਨ ਤਾ ਅਪਨੀ ਹੱਥੀਂ ਐਨੇ ਖੂਨ ਨਾ ਕਰਨ ਤੇ ਆਪ ਭੀ ਦੁਖਾਂ ਨਾਲ ਨਿਚੜ ਨਿਚੜ ਕੇ ਨਾ ਮਰਨ॥

(ਮਾਈ) ਬੀਬੀ ਜੀ ਧੰਨਜ ਹੈ ਤੂੰ ਤੇ ਧੰਨਜ ਹੈ ਤੇਰਾ ਸੁਆਮੀ। ਤੁਸੀਂ ਤਾਂ ਕੋਈ ਅਵਤਾਰ ਹੋ, ਬੱਚੀ ਅੱਜ ਕੱਲ ਦੀਆਂ ਮਾਵਾਂ ਅਥਵਾ ਸੱਸਾਂ ਵਾਂਗਰ ਜੇ ਵਿਵਾਹ ਹੋਏਹੋਏ ਵਰ੍ਹੂ ਹੋਜਾਵੇ ਤੇ ਬਾਲਕ ਹੋਵਨ ਦਾ ਕੋਈ ਚਿੰਨ ਜਾਹਰ ਨਾ ਹੋਵੇ ਤਾਂ ਫੇਰ ਮੁੰਡੇ ਨੂੰ ਦੋਸ ਦੇਵਨ ਲਗ ਪੈਂਦੀਆਂ ਨੇ। ਬੱਚੀ ਤੁਸਾਂ ਹੀ ਕੁਛ ਦੁਨੀਆਂ ਵਿੱਚ ਤੇ ਅੱਗੇ ਸੁਖ ਪਾਵਨਾ ਹੈ ਨਾ!

ਹਮਾਤੜਾਂ ਅਨਪੜ੍ਹਾਂ ਨੇ ਭੈੜੇ ਕੰਮ ਕੀਤੇ ਤਾਂ ਏਸ ਹਾਲਨੂੰ ਪਹੁੰਚੇ ਹਾਂ ਨਾ,ਅੱਛਾ ਹੁਨ ਤੁਸੀਂ ਮੇਰੀ ਰੁਕੋ ਨੂੰ ਤਾਂ ਜਰੂਰ ਅਪਨੇ ਜਿਹਾ ਹੀ ਹੋਵਨ ਦੀ ਮਤ ਦੇਨੀ। ਲੌ ਹੁਣ ਮੈਂ ਰੋਟੀ ਪਕਾਨੀ ਹਾਂ॥

(ਸੇਠਨੀ) ਬੀਬੀ ਰੁਕੋ ਭੈਨ ਰੁਕੋ ਤੂੰ ਕੀਹ ਖਈ ਕਰਨੀ ਹੈਂ॥

(ਰੁਕੋ) ਬੇਬੇ ਜੀ ਕਰਦੀ ਕੁਛ ਨਹੀਂ ਐਵੇਂ ਅੰਦਰ ਆ ਬੈਠੀ ਸਾਂ॥

(ਸੇਠਨੀ) ਐਵੇਂ ਅੰਦਰ ਕੀਹ ਭਲਾ, ਤੂੰ ਤਾਂ ਕਦੀ ਵੇਹਲੀ ਰੈਹਨ ਵਾਲੀ ਨਹੀਂ ਕੋਈ ਪੋਥੀ ਕੱਢ ਬੈਠੀ ਹੋਵੇਂਗੀ॥

(ਰੁਕੋ) ਨਹੀਂ ਜੀ ਪੋਥੀ ਤੇ ਕੋਈ ਨਹੀਂ ਕੱਢੀ, ਤੇ ਵੇਹਲੀ ਭੀ ਨਹੀਂ ਬੈਠੀ ਹੋਈ ਸਾਂ ਏਹ ਈਸ਼ੁਰ ਅਗੇ ਹੱਥ ਜੋੜਦੀ ਸਾਂ ਕੇ ਮੇਰੀ ਭੈਣੀ ਦੀ ਵੀ ਏਹ ਬੇਨਤੀ ਕਬੂਲ ਕਰੀਂ॥

(ਸੇਠਨੀ) ਕੇਹੜੀ ਬੇਨਤੀ ਤੇਰੀ ਹੈ। ਚੰਗਾ ਖਾਂਨ ਨੂੰ ਚੰਗਾ ਹੰਡਾਨ ਨੂੰ ਪੁਸਤਕ ਪੜਹਨ ਨੂੰ ਤੈਨੂੰ ਦਿੱਤੇ ਹੋਏ ਸੂ, ਹੋਰ ਕੀ ਬੇਨਤੀ ਤੇਰੀ ਕਬੂਲ ਕਰੇ। ਜੇ ਕਿਸੇ ਚੀਜ ਦੀ ਲੋੜ ਹਈ ਤਾ ਮੈਨੂੰ ਦੱਸ ਖਾਂ,ਮੈਨੂੰ ਹੀ ਤੇਰਾ ਕਰਜਦਾਰ ਬੀਬੀ ਬਨਾਇਆ ਹੋਇਆ ਸੂ॥

(ਰੁਕੋ) ਅੱਖੀਆਂ ਵਿੱਚ ਮਹੱਬਤ ਦੇ ਆਂਸੂ ਅਥਵਾ ਅੱਥਰੂ ਭਰ ਕੇ ਤੇ ਦੋਵੇਂ ਹੱਥ ਬੰਨ ਕੇ ਮੇਰੀ ਮਾਤਾ ਨਾਲੋਂ ਪਿਆਰੀ

ਬੇਬੇ ਜੀ ਮੈਂ ਕੀਹ ਗੁਨ ਤੁਹਾਡੇ ਵਰਨਨ ਕਰਾਂ। ਤੇ ਕਿੱਥੋਂ ਐਸਾ ਮੂੰਹ ਲਿਆਵਾਂ। ਮੇਰੇ ਰੋਮ ਰੋਮ ਨੂੰ ਪੁਛ ਕੇ ਦੇਖੋ ਕੀਹ ਕੈਹਿੰਦੇ ਨੇ। ਬੇਬੇ ਜੀ ਮੈਂ ਜਿਨਾਂ ਆਖਾਂ ਥੋੜਾ ਹੈ, ਜੋ ਜੋ ਧਰਮ ਤੁਸੀਂ ਮੇਰੇ ਨਾਲ ਕਰਦੇ ਹੋ ਉਸਦਾ ਬਦਲਾ ਸਿਵਾਏ ਪਰਮਾਤਮਾ ਸਰਬ ਵਿਆਪੀਦੇ ਕੌਨ ਦੇ ਸਕਦਾ ਹੈ। ਮੈਂ ਤਾਂ ਮਾਈ ਜੀ ਨੂੰ ਮੇਰੇ ਵਰ ਦੀ ਗਲ ਕਰ ਦਿਆਂ ਸੁਨਕੇ ਅੰਦਰ ਟੁਰ ਗਈ ਸਾਂ। ਇਸ ਗਲ ਤੋਂ ਡਰਦੀ ਕੇ ਮੈਂਨੂੰ ਤੁਸਾਂ ਯਾ ਓਹਨਾਂ ਕੁਛ ਪੁਛਿਆ ਤਾਂ ਭਾਵੇਂ ਕਿਹਾ ਜੁਆਬ ਦੇਨਾਂ ਪਇਆ ਸ਼ਰਮ ਕਰਨੀ ਪਵੇਗੀ। ਤੇ ਜਦ ਮੈਂ ਏਹ ਜਾਂਨ ਚੁੱਕੀ ਹਾਂ ਕੇ ਤੁਸੀਂ ਤੇ ਸੇਠ ਹੋਰੀ ਮੇਰੇ ਮਾਪਿਆਂ ਨਾਲੋਂ ਭੀ ਮੇਰੇ ਭਲੇ ਦੀ ਸੋਚ ਕੇ ਕਰਦੇ ਹੋ ਤਾਂ ਮੈਂ ਫੇਰ ਬੇਸ਼ਰਮ ਬਨ ਕੇ ਕੀਹ ਲੈਨਾ ਹੈ॥

(ਸੇਠਨੀ) ਰੁਕੋ ਤੂੰ ਅੰਦਰ ਜਾਕੇ ਕੁਛ ਵਿਚਾਰ ਕਰਨ ਲੱਗ ਪਈ ਹੋਵੇਂਗੀ। ਤੈਂਨੂੰ ਜੁਆਬ ਤਾਂ ਬਾਬੂ ਹੋਰੀ ਪੂਰੇ ਪੂਰੇ ਸਮਝੋਤੀਆਂ ਨਾਲ ਦੇ ਗਏ ਨੇ। ਰੁਕੋ ਬਗੈਰ ਹੱਥਾਂ ਹਲਾਇਆਂ ਤੇ ਯਤਨ ਅਥਵਾ ਉਪਾਉ ਕੀਤੀਆਂ ਦੇ ਕੋਈ ਚੀਜ਼ ਨਹੀਂ ਬਨ ਸਕਦੀ। ਕਿਉਂ ਜੋ ਹੱਥ ਪੈਰ ਕੰਨ ਨਕ ਅੱਖੀਆਂ ਦੌਲਤ ਤੇ ਔਸ਼ਦੀਆਂ ਇਸੇ ਸੁਖ ਵਾਸਤੇ ਬਨੀਆਂ ਨੇ। ਜੋ ਆਦਮੀ ਉਸ ਸੁਖ ਨੂੰ ਇਨਾਂ ਨਾਲ ਪਰਾਪਤ ਕਰੇ ਜੋ ਪਾਪ ਤੇ ਚਿੰਤਾ ਤੋਂ ਰਹਿਤ ਹੋਵੇ। ਜਦ ਆਦਮੀ ਦੁਖੀ ਹੋਵੇ ਤਾਂ ਸੁਖ ਦੇਨੇ ਵਾਲੀ ਔਸ਼ਦੀ ਨੂੰ ਢੂੰਡੇ ਤੇ ਯਤਨ ਕਰ ਕੇ ਸੁਖ ਪਾਵੇ॥

(ਰੁਕੋ) ਸੇਠਨੀਜੀ ਮੈਂ ਭੀ ਬਾਬੂ ਹੋਰਾਂ ਦੀਆਂ ਗੱਲਾਂ ਅੱਛੀ ਤਰ੍ਹਾਂ ਸਮਝ ਗਈ ਹਾਂ। ਤੇ ਜਾਨਦੀ ਭੀ ਹਾਂ ਕੇ ਸੱਚ ਇਸੇ ਤਰ੍ਹਾਂ ਹੈ ਪਰ ਹੁਨ ਮੈਂ ਤੁਹਾਨੂੰ ਕੀਹ ਦਸਾਂ ਮੇਰੇ ਨਾਲ ਤੇ ਹੋਰ ਗਲ ਆਂਨ ਬਨੀ, ਪਰ ਜੇ ਤੁਹਾਨੂੰ ਵੀ ਨਾ ਦਸਾਂ ਤਾਂ ਭੈੜੀਆਂ ਜਨਾਨੀਆਂ ਵਾਂਗਰ ਅੰਦਰ ਅੰਦਰ ਹੀ ਸੜਾਂ ਪਈ। ਉਪਾ ਮੇਰੀ ਗੱਲ ਦਾ ਤੁਹਾਡੇ ਹੀ ਹੱਥ ਜੋ ਹੋਇਆ ॥

(ਸੇਠਨੀ) ਰੁਕੋ ਨੂੰ ਗਲ ਨਾਲ ਲਗਾ ਕੇ ਤੇ ਘੁਟ ਕੇ ਪਿਆਰੀ ਭੈਨ ਝਬਦੇ ਦਸ ਕੀ ਗਲ ਹਈ ਵਦੀਕ ਤੇ ਘਟ ਨਾਂ ਦਸੀਂ ਮੈਂ ਉਪਾ ਕਰਾਂਗੀ ॥

(ਰੁਕੋ) ਖੁਸ਼ੀ ਤੇ ਸ਼ਰਮ ਦੀਆਂ ਅੱਥਰੂ ਅੱਖੀਆਂ ਵਿਚ ਭਰਕੇ ਅਤੇ ਫੇਰ ਤੁਸੀਂ ਹੁਨ ਮੈਂਨੂੰ ਏਹ ਏਹ ਏਹ ਏਹ, ਹੁਣ ਕੀ ਦਸਾਂ ਕਹੋਗੇ ਝੱਲੀ ਕੁੜੀ ਬਾਮਾਰਘੱਤੀ ਸੂ ॥

ਸੇਠਨੀ-ਫੇਰ ਜੱਫੀ ਪਾਕੇ ਤੇ ਗੋਡੇ ਤੇ ਰੁਕੋਦਾ ਸਿਰ ਧਰਕੇ ਭੈਂਨ ਤੂੰ ਹੱਦ ਕਰਨੀ ਹੈਂ ਅਜੇਹੀ ਗਲ ਕੀਹਹੈ ਜੋ ਮੈਨੂੰ ਨਹੀਂ ਦੱਸਦ ਹੱਲੀ ਜੇਹੀ ਪਿਆਰ ਨਾਲ ਗਲ ਤੇ ਧੱਪਾ ਮਾਰ ਕੇ ਦੱਸਖਾਂ ਦੱਸਦੀ ਹੈਂ ਕੇ ਨਾ। ਨਹੀਂ ਤੇ ਮੈਂ ਤੇਰੀ ਭੈਨ ਨਹੀਂ ਬਨਦੀ ॥

(ਰੁਕੋ) ਜੀ ਦੱਸਦੀ ਤੇ ਹਾਂ ਪਰ ਕੀਹ ਕਰਾਂ ਜਿਸ ਵੇਲੇ ਦਿਲ ਵਿਚੋਂ ਲਿਆ ਕੇ ਜੁਬਾਨ ਦੇ ਹਵਾਲੇ ਕਰਨੀ ਹਾਂ ਤਾਂ ਫੇਰ ਜੁਬਾਨ ਖੁਲਦੀ ਨਹੀਂ ॥

(ਸੇਠਨੀ) ਉਸਦੇ ਮੂੰਹ ਵਿਚ ਉਂਗਲੀ ਪਾਕੇ ਲੈ ਖਾਂ ਹੁਣ ਤੇ ਜੁਬਾਨ ਨਾ ਨਾ ਬੰਦ ਹੋਵੇਗੀ ਦੱਸ ਹੁਨ ਕੀਹ ਗਲਹਈ ॥

(ਰੁਕੋ) ਜੀ ਫੇਰ ਹੁਨ ਤੁਸੀਂ ਮੈਨੂੰ ਜੇ ਵਿਵਾਹਨਾ ਹੈ ਤਾਂ ਫੇਰ ਹੋਰ ਕੀਹ ਦੇਖਨਾ ਜੇ ਏਹ ਬਾਬਾ ਬਾਬਾ ਹੋਰ ਹੁਣ ਕੀ ਮੈਂ ਆਖਾਂ ॥

(ਸੇਠਨੀ) ਰੁਕੋ ਨੂੰ ਪਿਆਰ ਨਾਲ ਹਥੀਂ ਪਰੇ ਧਿਕ ਕੇ ਜਾ ਫੇਰ ਨਹੀਂ ਦਸਦੀ ਤੇ ਕਿਡੇ ਨਖਰੇ ਕਰਦੀ ਹੈ। ਭਲਾ ਤੂੰਭੀ ਕੋਈ ਦੂਸਰੀਆਂ ਕੁੜੀਆਂ ਵਾਂਗਨ ਅਨਪੜ੍ਹ ਹੈਂ। ਸੱਚੀ ਗਲ ਦਸ ਕੀਹ ਹੈ। ਕੌਨ ਵੇਲਾ ਹੋਗਿਆ ਹੈ ਮੈਂਨੂੰ ਮਿਨਤਾਂ ਤੇ ਤਰਲੇ ਲੈਂਦਿਆਂ, ਪਰ ਰੁਕੋ ਅਜੇ ਤਕ ਰੁਕੋ ਹੀ ਰਹੀ ॥

(ਰੁਕੋ) ਹੱਥ ਜੋੜ ਕੇ ਤੇ ਪੈਰਾਂ ਉਪਰ ਸਿਰ ਰੱਖ ਕੇ ਬੇਬੇ ਜੀ ਬਖਸ਼ੋ ਮੈਂ ਭੁਲ ਗਈ, ਭੈੜੀ ਜੁਬਾਨ ਨੂੰ ਕੀਹ ਆਖਾਂ ਲੋ ਸੁਨ ਪਰ ਮੈਂਨੂੰ ਦੋਸ਼ ਨਾ ਦੇਨਾ ਮੈਂਸਚ ਸਚ ਆਖਨ ਲੱਗੀ ਜੇ, ਮੇਰਾ ਦਿਲ ਤਾਂ ਏਹ ਚਾਂਹਦਾ ਜੇ ਕੇ ਬਾਬੂ ਮਦਨ ਗੋਪਾਲ ਮੈਂਨੂੰ ਵਰ ਲਵੇ ਤਾਂ ਫੇਰ ਮੇਰਾ ਜਨਮ ਸੁਫਲ ਹੋਏ ॥

(ਸੇਠਨੀ) ਰੁਕੋ ਨੂੰ ਘੁਟ ਕੇ ਤਾਂ ਗਲ ਨਾਲ ਲਾਕੇ ਮੇਰੀ ਪਿਆਰੀ ਭੈਨ ਰੁਕੋ ਮੈਂ ਜਿਥੋਂ ਤਕ ਹੋਵੇਗਾ ਤੇਰੇ ਇਸ ਕਾਰਜ ਵਿਚ ਯਤਨ ਕਰਾਂਗੀ। ਭਗਵਾਨ ਭਲੀ ਕਰੇਗਾ ਤੂੰ ਖਬਰਦਾਰ ਹੋਜਾ ਤੇ ਇਸ ਗਲ ਵਿਚ ਧਿਆਨ ਨਾਂ ਰਖ ਮੈਂ ਸੇਠ ਹੋਰਾਂ ਨਾਲ ਗਲ ਕਰਾਂਗੀ ॥

ਏਹ ਗਲ ਕਰਕੇ ਤੇ ਰੁਕੋ ਨੂੰ ਪਿਆਰ ਦਿਤਾ ਤੇ ਆਖਿ-ਆਸੂ ਦੇਖੀਂ ਕਿਧਰੇ ਬਾਹਰ ਨਾਂ ਅਜੇ ਗਲ ਕਰੀਂ। ਕਿਉਂ

ਜੋ ਉਸ ਬਾਬੂ ਦੀਆਂ ਕਈਕੁੜਮਾਈਆਂ ਪਈਆਂ ਆਉਂਦੀਆਂ ਨੇ। ਪਰ ਓਹ ਬਗੈਰ ਦੇਖੇ ਨਹੀਂ ਕਰਦਾ ॥

ਮਦਨ ਗੋਪਾਲ ਜਿਸ ਵੇਲੇ ਇਸ ਘਰੋਂ ਅਪਨੇ ਘਰ ਗਿਆ ਤਾਂ ਇਕੱਲਾ ਬੈਠ ਕੇ ਤੇ ਵਿਚਾਰਨ ਲੱਗਾ ਜੇਕਰ ਰੁਕੋ ਨਾਲ ਮੇਰਾ ਸੰਜੋਗ ਹੋ ਜਾਵੇ ਤਾਂ ਸਾਰੀ ਉਮਰ ਹੀ ਸੁਖਨਾਲ ਲੰਘ ਜਾਵੇਗੀ ਸੇਠ ਨਰਸਿੰਘ ਦਾਸ ਦੇ ਹੱਥ ਏਹ ਕਮ ਹੈ ਹੋਰ ਲੋਗ ਤਾਂ ਮੇਰੀਆਂ ਮਿਨਤਾਂ ਤੇ ਤਰਲੇ ਕਰਦੇ ਨੇ ਪਰ ਮੈਂਨੂੰ ਸੇਠ ਨਰਸਿੰਘ ਦਾਸ ਦੇ ਪਾਸ ਜਰੂਰ ਜਾਕੇ ਆਪਣੀ ਮਰਜੀ ਦਸਨੀ ਚਾਹੀਦੀ ਏ ਕਿਉਂ ਜੋ ਹੋਰ ਕੋਈ ਮੇਰੇ ਨਾਲੋਂ ਅੱਛਾ ਮਿਲ ਗਿਆ ਤਾਂ ਮੈਂਨੂੰ ਰੁਕੋ ਕਦ ਮਿਲੇਗੀ ਪਰ ਦਿਲ ਮੇਰਾ ਏਹ ਆਖਦਾ ਹੈ ਜੋ ਰੁਕੋ ਮੈਂਨੂੰ ਪਸੰਦ ਮੁਸ਼ਕਲ ਹੀ ਕਰੇਗੀ ਕਿਉਂ ਜੋ ਮੇਰੀ ਸੂਰਤ ਭੀ ਕੋਈ ਐਸੀ ਹੱਛੀ ਨਹੀਂ, ਤੇ ਕੋਈ ਆਮਦਨੀ ਭੀ ਨਹੀਂ ਪਰ ਖੈਰ ਅਪਨੀ ਤਰਫੋਂ ਯਤਨ ਕਰਨਾ ਬੜਾ ਜਰੂਰੀ ਹੈ, ਇਸ ਵਿਚ ਢਿਲ ਚੰਗੀ ਨਹੀਂ ॥

ਏਹ ਸੋਚ ਕੇ ਤਾਂ ਸੇਠ ਹੋਰਾਂ ਵਲ ਟੁਰ ਪਿਆ ॥

ਦੁਕਾਨ ਤੇ ਪਹੁੰਚ ਕੇ ਪਰਨਾਮ ਕੀਤੋਸੂ ਤੇ ਉਪਰ ਚੜ੍ਹ ਕੇ ਬੈਠ ਗਿਆ ॥

(ਸੇਠ) ਅਜ ਤੇ ਤੁਹਾਨੂੰ ਫੁਰਸਤ ਨਹੀਂ ਹੋਈ ਹੋਵੇਗੀ ਘਰ ਚਾਏ ਸਾਓ ॥

(ਬਾਬੂ) ਜੀ ਹਾਂ ਗਿਆ ਸਾਂ। ਭੈਨ ਜੀ ਹੋਰਾਂ ਨੂੰ ਦੇਖਿਆ

ਸੀ ਬਹੁਤ ਤਬੀਅਤ ਠੀਕ ਹੈ ਤੇ ਐਸ ਵੇਲੇ ਕੋਈ ਕਿਸੀ ਤਰ੍ਹਾਂ ਦੀ ਰੁਕਾਵਟ ਨਹੀਂ ਹੈ ਇਕ ਬੁਢੀ ਭੀ ਘਰ ਸੀ ਉਸ ਦੀ ਜਰਾ ਤਬ੍ਹਾ ਕੁਛ ਢਿਲੀ ਸੀ ਸੋ ਦਵਾਈ ਲਿਖਕੇ ਦੇਆਇਆ ਹਾਂ ॥

(ਸੇਠ) ਸੁਨਾਓ ਕੋਈ ਹੋਰ ਗਲ ਬਾਤ ਭੀ ਹੋਈ ਸੀ ॥

(ਬਾਬੂ) ਸੇਠ ਜੀ ਭੈਨ ਹੋਰੀ ਤਾਂ ਬੜੇ ਸੁਭਾਓ ਦੇ ਅੱਛੇ ਨੇ ਤੇ ਕੋਈ ਭਲੇ ਕਰਮ ਕਰਕੇ ਜੱਮੇ ਨੇ ਜੋ ਤੁਹਾਡੀ ਸਰਨੀ ਆਣ ਲਗੇ ਨੇ ਪਰ ਹੁਣ ਜੋ ਓਨਾਂਦੀ ਸੰਗਤ ਕਰਨ ਗੀਆਂ ਸੋ ਭੀ ਤਰ ਜਾਵਨਗੀਆਂ। ਜਿਸ ਤਰਹਾਂ ਚੰਦਨ ਦੀ ਖੁਸ਼ਬੂ ਅਥਵਾ ਸੁਗੰਤਾ ਹੋਰ ਦਵਾਲੈ ਦੇ ਬ੍ਰੂਟਿਆਂ ਵਿਚ ਰਚ ਕੇ ਤੇ ਓਨਾਂ ਨੂੰ ਭੀ ਅਪਨੇ ਜਿਹਾ ਬਨਾ ਲੈਂਦੀ ਹੈ ਏਸੇ ਤਰ੍ਹਾਂ ਵਿਦਜਾਵਾਨ ਸੁਘੜ ਜਨਾਨੀ ਭੀ ਕਈਆਂ ਨੂੰ ਅਪਨੇ ਜਿਹਾ ਹੀ ਕਰ ਲੈਂਦੀ ਹੈ। ਸੋ ਸੇਠ ਜੀ ਤੁਸਾਂ ਭੀ ਮੋਤੀ ਦਾਨ ਕੀਤੇ ਹੋਏ ਨੇ ਜੋ ਐਸੀ ਧਰਮਾਤਮਾਂ ਇਸਤਰੀ ਮਿਲੀ ਹੈ, ਪਰ ਉਸ ਮਾਂ ਦੀ ਧੀ ਰੁਕੋ ਭੀ ਐਸੀ ਹੋਨਹਾਰ ਮਾਲੂਮ ਹੁੰਦੀ ਹੈ ਕੇ ਮੈਂ ਕੀ ਆਖਾਂ। ਸੇਠ ਜੀ ਮੈਂ ਬਹੁਤ ਕੁੜੀਆਂ ਇਸ ਉਮਰ ਦੀਆਂ ਡਿਠੀਆਂ ਨੇ ਪਰ ਐਸੀ ਤੇਜ ਬੁੱਧਿ ਤੇ ਸਮਝ ਵਾਲੀਆਂ ਨਹੀਂ ਦੇਖੀਆਂ। ਸੋ ਹੁਨ ਮੈਂਨੂੰ ਭੀ ਏਹ ਖਿਆਲ ਹੋਇਆ ਹੈ ਕੇ ਇਸ ਰੁਕੋ ਨਾਲ ਜੇਕਰ ਮੇਰਾ ਸੰਜੋਗ ਹੋਜਾਵੇ ਤਾਂ ਚੰਗਾ ਹੈ, ਇਸੇ ਵਾਸਤੇ ਮੈਂ ਤੁਹਾਡੇ ਪਾਸ ਆਇਆ ਹਾਂ ॥

(ਸੇਠ) ਜੇਕਰ ਬਾਬੂ ਸਾਹਿਬ ਆਪ ਰਾਜੀ ਹੋ ਤਾਂ ਫੇਰ ਰੁਕੋ ਨੂੰ ਹੋਰ ਕੀਹ ਚਾਹੀਦਾ ਹੈ ॥

(ਬਾਬੂ) ਜੀ ਮੈਂ ਤਾਂ ਰਾਜੀ ਹਾਂ ਪਰ ਜੇ ਰੁਕੋ ਰਾਜੀ ਹੋਵੇ ਤਾਂ ਠੀਕ ਹੈ, ਤੁਸੀ ਅਪਨੀ ਮਰਜੀ ਤਾਂ ਪਿਛੋਂ ਵਰਤਨੀ ਪੈਹਲਾਂ ਇਸ ਗਲ ਦਾ ਭੇਦ ਸਚਾ ਸਚਾ ਲੈਕੇ ਤਾਂ ਮੈਂਨੂੰ ਦਸਨਾ ਕੇ ਰੁਕੋ ਦੀ ਅਸਲੀ ਮਰਜੀ ਕੀਹ ਹੈ, ਜੇਕਰ ਉਸ ਦੇ ਦਿਲ ਵਿਚ ਭੀ ਮੇਰੇ ਨਾਲ ਸੰਜੋਗ ਦੀ ਖਾਹਸ਼ ਹੋਵੇ ਤਾਂ ਸੇਠ ਜੀ ਫੇਰ ਮੈਂ ਹੋਰ ਕਿਦਰੇ ਨਹੀਂ ਦੇਖਾਂਗਾ । ਮੈਨੂੰ ਰੁਕੋ ਪਸੰਦ ਹੈ ॥

(ਸੇਠ) ਬਾਬੂ ਸਾਹਿਬ ਕਲਮ ਦਵਾਤ ਅੱਗੇ ਕਰਕੇ ਦੋ ਅੱਖਰ ਭਾਸ਼ਾ ਵਿਚ ਮੈਂਨੂੰ ਅਪਨੀ ਹਥੀਂ ਲਿਖ ਦਿਓ ਤਾਕੇ ਮੈਂ ਰੁਕੋ ਨੂੰ ਸਮਝਾ ਬੁਝਾਕੇ ਤੇ ਦਿਖਾ ਦੇਵਾਂਗਾ ਉਸਦੀ ਮਰਜੀ ਹੋਵੇਗੀ ਸੋ ਭੀ ਤੁਹਾਨੂੰ ਪਤਰ ਦੁਆਰਾ ਮਾਲੂਮ ਹੋ ਜਾਵੇਗੀ ॥

(ਬਾਬੂ) ਹਛਾ ਸੇਠ ਜੀ ਬਹੁਤ ਹਛਾ ਕੈਹ ਕੇ ਤਾਂ ਇਸ ਤਰ੍ਹਾਂ ਲਿਖ ਦਿਤਾ:—ਹੇ ਈਸ਼ੁਰ ਸਰਬ ਸ਼ਕਤੀਮਾਨ ਸਰਬ ਵਿਆਪੀ ਸਰ ਬਗਜ਼ ਮੈਂ ਤੇਰੀ ਸਭ ਕਿਰਪਾਂਓਂ ਦਾ ਧਨਬਾਦ ਕਿਸ ਤਰਹਾਂ ਕਰੂੰ ਜਿਸ ਤਰਹਾਂ ਹੋਰ ਸਾਰੇ ਸੁਖ ਮੈਂਨੂੰ ਦਿਤੇ ਨੀ ਕਿਰਪਾ ਕਰਕੇ ਮੈਂਨੂੰ ਰੁਕੋ (ਜਿਸਦੀ ਮੇਰੀ ਅੱਜ ਸੇਠ ਨਰਸਿੰਘ ਦਾਸ ਦੇ ਘਰ ਬਾਤ ਚੀਤ ਅਥਵਾ ਗਲ ਬਾਤ ਹੋਈ ਹੈ) ਭੀ ਗਰਹਿਸਤ ਆਸ਼੍ਰਮ ਦੇ ਨਿਰਬਾਹ ਵਾਸਤੇ ਦਾਨ ਦੇ ॥

ਹਸਤ ਅੱਖਰ—ਮਦਨ ਗੋਪਾਲ ਖਤਰੀ,

ਫਗਨੋਂ ੨੭ ਸੰਮਤ ੧੯੧੬॥

ਤੇ ਤੁਸਾਂ ਸੇਠ ਜੀ ਰੁਕੋ ਨੂੰ ਕੈਹ ਦੇਨਾ ਕੇ ਜੇਕਰ ਮੇਰੇ ਵਿਚ ਕੋਈ ਔਗਣ ਡਿਠਾ ਹੋਵੇ ਸੁ ਤਾਂ ਮੈਂਨੂੰ ਦਸ ਦੇਵੇ ਕੇ ਮੈਂ ਉਸ ਦੇ ਤਿਆਗ ਦਾ ਯਤਨ ਕਰਾਂ ॥

(ਸੇਠ) ਪੱਤਰ ਨੂੰ ਅਪਨੇ ਜੇਬ ਵਿਚ ਪਾਕੇ ਤੇ ਬਾਬੂ ਜੀ ਧਰਮ ਨਾਲ ਮੈਂ ਕੈਂਹਦਾ ਜੋ ਕੇ ਮੇਰੀ ਮਰਜੀ ਤਾਂ ਜਰੂਰ ਏਹ ਹੈ ਕੇ ਤੁਹਾਡਾ ਤੇ ਰੁਕੋ ਦਾ ਸੰਜੋਗ ਹੋ ਜਾਵੇ ਹੁਣ ਚਹੇ ਗਏ ਸਾਡੇ ਘਰੋਂ ਤੇ ਰੁਕੋ ਦੀ ਮਾਂ ਤੇ ਰੁਕੋ। ਜੇ ਉਨ੍ਹਾਂ ਦੀ ਮਰਜ਼ੀ ਇਸੇ ਤਰ੍ਹਾਂ ਹੋਈ ਤਾਂ ਬੱਸ ਫੇਰ ਈਸ਼ਰ ਕਿਰਪਾ ਸਮਝਨਾ ॥

(ਬਾਬੂ) ਹੱਥ ਜੋੜ ਕੇ ਲੌ ਫੇਰ ਪੈਰੀਪੈਨਾ ਆਗਿਆ ਕਰੋ ਤਾਂ ਮੈਂ ਜਾਵਾਂ। ਭਲ ਕੇ ਇਸ ਵੇਲੇ ਫੇਰ ਮੈਂ ਆਵਾਂਗਾ ਤੁਸਾਂ ਸਭ ਪੁੱਛ ਰੱਖਨਾ। ਇਸ ਤਰ੍ਹਾਂ ਕੈਹ ਕੇ ਬਾਬੂ ਸਾਹਿਬ ਅਪਨੇ ਘਰ ਨੂੰ ਚਲੇ ਗਏ ਤੇ ਸੇਠ ਹੋਰੀ ਹੱਟੀ ਬੰਦ ਕਰਕੇ ਅਪਨੇ ਘਰ ਆਗਏ, ਜਿਸ ਵੇਲੇ ਰੋਟੀ ਟੁੱਕਰ ਖਾ ਚੁਕੇ ਤਾਂ ਫੇਰ ਸੇਠ ਜੀ ਨੇ ਸੇਠਨੀ ਨੂੰ ਪੁਛਿਆ ਪਿਆਰੀ ਜੀ ਸੁਨਾਉ ਮਦਨਗੋਪਾਲ ਹੋਰਾਂ ਕਿਸ ਤਰ੍ਹਾਂ ਪਰਸ਼ਨ ਕੀਤੇ ਸਨ ਤੇ ਕੀਹ ਉੱਤਰ ਦਿੱਤੇ ਸਾਜੇ ॥

(ਸੇਠਨੀ) ਸਾਰਾ ਹਾਲ ਦੱਸ ਕੇ ਤਾਂ ਸੁਆਮਿਨ ਰੁਕੋ ਤਾਂ ਉਸੇ ਵੇਲੇ ਦੀ ਹੀ ਉਦਾਸ ਹੋ ਗਈ ਹੋਈ ਹੈ। ਮੈਨੂੰ ਆਪ ਆਖਿਆ ਸੂ ਕੇ ਇਸੇ ਬਾਬੂ ਨਾਲ ਜੇ ਸੰਜੋਗ ਹੋ ਜਾਵੇ ਤਾਂ ਬੜੀ ਚੰਗੀ ਗਲ ਹੈ, ਤੇ ਪਿਆਰੇ ਜੀ ਮੈਂ ਭੀ ਉਸ ਨੂੰ ਆ

ਖਿਆ ਹੈ ਕੇ ਧੀਰਜ ਰੱਖ ਇਸੇ ਤਰ੍ਹਾਂ ਹੋ ਜਾਵੇਗਾ,ਪਰ ਮੈਂਨੂੰ ਏਹ ਸੁਝਦਾ ਹੈ ਕੇ ਜੇ ਰੁਕੋ ਦਾ ਸੰਜੋਗ ਮਦਨਗੋਪਾਲ ਨਾਲ ਨਾ ਹੋਇਆ ਤਾਂ ਰੁਕੋ ਫੇਰ ਨਹੀਂ ਜੀਵੇਗੀ ॥

(ਸੇਠ) ਪਿਆਰੀ ਬੇਸ਼ੱਕ ਮੈਂ ਭੀ ਇਸੇ ਗਲ ਤੇ ਰਾਜ਼ੀ ਹਾਂ ਕੇ ਰੁਕੋ ਤੇ ਮਦਨਗੋਪਾਲ ਦੀ ਜੋੜੀ ਬਨ ਜਾਵੇ। ਤੂੰ ਅਪਨੀ ਮਰਜੀ ਭੀ ਤਾਂ ਦੱਸ ਖਾਂ ॥

(ਸੇਠਨੀ) ਸੁਆਮਿਨ ਮੈਂ ਬੇਅਕਲ ਕੀਹ ਜਾਣਾਂ ਕੇ ਕਿਸ ਕਿਸ ਗਲ ਵਿਚ ਮਦਨਗੋਪਾਲ ਤੇ ਕਿਸ ਕਿਸ ਗਲ ਵਿਚ ਰੁਕੋ ਅੱਛੇ ਨੇ। ਪਰ ਇਨਾਂ ਮੈਂ ਭੀ ਜਾਣਦੀ ਹਾਂ ਕੇ ਰੁਕੋ ਦਾ ਸੁਭਾਉ ਤੇ ਮਦਨਗੋਪਾਲ ਦਾ ਸੁਭਾਉ ਇਕੋ ਜੇਹੇ ਨੇ, ਤੇ ਉਮਰ ਭੀ ਠੀਕ ਨੇ। ਬਾਕੀ ਤੁਸਾਂ ਨੂੰ ਮਾਲੂਮ ਹੋਵੇ ਜੇਕਰ ਉਂਢ ਮੇਰੀ ਸਲਾਹ ਲੈਂਦੇ ਹੋ ਤਾਂ ਮੈਂ ਤੇ ਇਸ ਜੋੜੀ ਨੂੰ ਦੇਖ ਦੇਖ ਖੁਸ਼ ਹੋਵਾਂਗੀ। ਰੁਕੋ ਦੀ ਮਾਂ ਭੀ ਉਸੇ ਵੇਲੇ ਦੀਮੁੰਡਾ ਦੇਖ ਕੇ ਤੇ ਹੱਥ ਜੋੜਨ ਡਹੀ ਹੋਈ ਹੈ ਕੇ ਏਹੋ ਮੇਰਾ ਜਵਾਈ ਰੱਬਾ ਬਣਾਈਂ ॥

(ਸੇਠ) ਬੋਜੇ ਵਿਚ ਹਥ ਪਾਕੇ ਤੇ ਕਾਗਤ ਮਦਨਗੋਪਾਲ ਵਾਲਾ ਕੱਢਕੇ ਤੇ ਏਹ ਲੌ ਪਿਆਰੀ ਜੀ ਜੇ ਰਾਜ਼ੀ ਹੋ ਤਾਂ ਬਾਬੂ ਸਾਹਿਬ ਨੂੰ ਭੀ ਪਸੰਦ ਜੇ। ਲੌ ਵਧਾਈ ਹੋਵੇ ਜੇ। ਏਹ ਕਾਗਤ ਰੁਕੋ ਨੂੰ ਦਿਖਾ ਕੇ ਉਸਦੇ ਹੱਥੀਂ ਇਸੇ ਤਰ੍ਹਾਂ ਦੀ ਮਰਜੀ ਲਿਖਾ ਕੇ ਤੇ ਮੈਂਨੂੰ ਦੇ ਦਿਓ ਇਸ ਕੰਮ ਵਿਚ ਢਿਲ ਨਹੀਂ ਕਰਨੀ ॥

(ਸੇਠਨੀ) ਕਾਗਤ ਲੈਕੇ ਤੇ ਪੜਹ ਕੇ ਧੰਨਜ ਹੋ ਸੁਆਮੀ ਜੀ ਅਸਲ ਧਰਮਾਤਮਾਂ ਵਾਲੀ ਯੁਗਤੀ ਕੀਤੀ ਜੇ। ਲੌ ਤੁਸੀਂ ਮੈਨੂੰ ਆਗਿਆ ਦਿਓ ਤਾਂ ਮੈਂ ਰੁਕੋ ਨੂੰ ਜਾਕੇ ਤੇ ਪੁੱਛਾਂ ਤੇ ਇਸ ਦਾ ਜੁਆਬ ਭੀ ਲਿਖਾ ਲਿਆਵਾਂ। ਏਥੇ ਓਸ ਨੂੰ ਲਿਖਦਿਆਂ ਸ਼ਰਮ ਆਵੇਗੀ, ਨਾਲੇ ਓਸ ਅੰਦਰ ਕਾਨੀ ਕਾਗਤ ਤੇ ਦੁਆਤ ਪਏ ਹੋਏ ਨੇ।

(ਸੇਠ) ਜਾਓ ਪਰ ਝਬਦੇ ਮੁੜ ਆਨਾਂ ॥

ਜਦ ਸੇਠਨੀ ਜੀ ਦਰਵਾਜੇ ਕੋਲ ਗਈ ਤਾਂ ਰੁਕੋ ਦੀ ਆਵਾਜ ਗਾਯੱਤ੍ਰੀ ਮੰਤਰ ਪੜਹਨ ਦੀ ਸੁਨੀ, ਦਿਲ ਵਿੱਚ ਏਹ ਖਿਆਲ ਕਰਕੇ ਕੇ ਐਸ ਵੇਲੇ ਰੁਕੋ ਨੂੰ ਰੋਕ ਦੇਨਾ ਠੀਕ ਨਹੀਂ, ਬੂਹੇ ਦੇ ਨਾਲ ਖਲੋ ਗਈ ਤੇ ਰੁਕੋ ਵਲ ਧਿਆਨ ਕਰ ਕੇ ਸੁਨਨ ਲੱਗ ਪਈ, ਰੁਕੋ ਉਸ ਵੇਲੇ ਐਸੀ ਪਰੇਮ ਵਿਚ ਹੋਈ ਹੋਈ ਸੀ ਜੋ ਉਸ ਨੂੰ ਅਪਨੇ ਆਪ ਦੀ ਸੁਧ ਨਾ ਸੀ, ਜਦ ਮੰਤਰ ਸਭ ਪੜ੍ਹ ਚੁਕੀ ਤਾਂ ਪਿਛੋਂ ਹੱਥ ਜੋੜ ਕੇ ਇਸ ਤਰ੍ਹਾਂ ਬੋਲਨ ਲਗੀ, ਹੇ ਸਰਬ ਸ਼ਕਤੀਮਾਨ ਤੇਰੇ ਅਗੇ ਮੈਂ ਜੋਹੀ ਪਾਪਨ ਨੂੰ ਮਦਨਗੋਪਾਲ ਹੋਰਾਂ ਦੀ ਸੇਵਾ ਤੇ ਸੁਖ ਦੇਨ ਵਾਲੀ ਇਸਤਰੀ ਬਨਾਂ ਦੇਨਾ ਕੋਈ ਬੁਰੀ ਗਲ ਨਹੀਂ, ਤੂੰ ਮੇਰੇ ਦਿਲ ਦਾ ਸਭ ਹਾਲ ਜਾਨਦਾ ਹੈਂ ਤੇ ਮੈਂ ਭੀ ਤੇਰੀ ਅਨੰਤ ਮਹਿਮਾਂ ਦੇਖਦੀ ਹਾਂ, ਜਿਸ ਤਰ੍ਹਾਂ ਹੋਰ ਸਭ ਚੀਜਾਂ ਵੇਲੇ ਵੇਲੇ ਸਿਰ ਦੇਂਦਾ ਆਇਆ ਹੈਂ, ਹੁਨ ਭੀ ਸਮੇਂ ਸਾਰ ਮੈਨੂੰ ਮਦਨਗੋਪਾਲ ਹੀ ਭਰਤਾ ਦੇਗਾ। ਹੇ ਦਇਆਮੈ ਕ੍ਰਿਪਾ

ਕਰ ਕੇ ਮਦਨਗੋਪਾਲ ਹੋਰਾਂ ਦੇ ਦਿਲ ਵਿਚ ਭੀ ਮੇਰੀ ਪ-
ਰੀਤੀ ਦਾ ਬਿੰਬ ਲੈਜਾ ਕੇ ਉਨ੍ਹਾਂ ਦੀ ਪਰੀਤੀ ਮੇਰੇ ਵਲ
ਪਰੇਰ। ਅਗੇ ਤੂੰ ਸਰਬਗ੍ਯ ਹੈਂ ਜਿਸ ਤਰ੍ਹਾਂ ਕਰੇਂਗਾ ਸੋ
ਠੀਕ ਹੋਵੇਗੀ॥

ਇਸ ਤਰ੍ਹਾਂ ਪਰਾਰਥਨਾਂ ਕਰ ਕੇ ਤੇ ਰੁਕੋ ਨੇ ਜਦ
ਅੱਖੀਆਂ ਖੋਲੀਆਂ ਤੇ ਦਰਵਾਜੇ ਨਾਲ ਸੇਠਨੀ ਹੋਰਾਂ ਨੂੰ
ਲਗਾ ਹੋਇਆ ਡਿਠਾ ਤਾਂ ਝੱਟ ਹੱਥ ਜੋੜ ਕੇ ਤੇ ਪੈਰਾਂ ਉਪਰ
ਸਿਰ ਰਖਕੇ ਤੇ ਕੈਂਹਨ ਲੱਗੀ, ਬੇਬੇ ਜੀ ਬਖਸ਼ ਲੌ ਬਖਸ਼
ਲੌ, ਮੈਂ ਸੱਚ ਆਖਦੀ ਜੇ ਅੱਜ ਮੇਰਾ ਦਿਲ ਮੇਰੇ ਕਾਬੂ
ਵਿਚੋਂ ਨਿਕਲ ਗਿਆ ਜੇ॥

ਮੈਂ ਬੜੀ ਬੇਸ਼ਰਮ ਨਿਰਲੱਜ ਬੇਅਕਲ ਤੇ ਬੇਸੁਧ
ਅੱਜ ਹੋ ਗਈ ਜੇ ਮੈਂਨੂੰ ਤਾਂ ਮਦਨਗੋਪਾਲ ਹੋਰਾਂ ਦੀਆਂ ਮਿਠੇ
ਬਚਨਾ ਤੇ ਸੁੰਦਰ ਸੁਭਾਉ ਨੇ ਐਸਾ ਮੋਹਿ ਲਿਆ ਹੈ ਕੇ
ਕਿਧਰੇ ਧਿਆਨ ਹੀ ਨਹੀਂ ਪੈਂਦਾ, ਸੇਠਨੀ ਜੀ ਮੈਂਨੂੰ ਖਬਰ
ਨਹੀਂ ਕੀਹ ਹੋਗਿਆ ਹੈ॥

(ਸੇਠਨੀ) ਰੁਕੋ ਨੂੰ ਜਰਾ ਮੋਢੇ ਤੋਂ ਪਕੜ ਕੇ ਤੇ ਹਿਲਾ
ਕੇ ਰੁਕੋ ਤੈਂਨੂੰ ਕੀਹ ਹੋਇਆ ਹੈ। ਤੂੰ ਤੇ ਮੈਂਨੂੰ ਆਖਦੀ ਸਾਂ ਏਂ
ਅਜੇ ਵਿਵਾਹ ਵਰਹੇ ਨੂੰ ਕਰਨ ਤਾਂ ਅੱਛਾ ਹੈ। ਤੂੰ ਤਾਂ ਅਨ-
ਪੜਹਾ ਨਾਲੋਂ ਭੀ ਵਧ ਕਰਨ ਲਗ ਪਈ ਹੈਂ, ਏਹ ਨਹੀਂ
ਤੈਂਨੂੰ ਖਬਰ ਕੇ ਅਗਲੇ ਘਰ ਕਿਸੇ ਗਿਨਤੀ ਵਿਚ ਭੀ ਹੈਂ
ਕੇ ਨਹੀਂ, ਏਹ ਸੀਸ਼ਾ ਪਕੜ ਕੇ ਮੂੰਹ ਤਾਂ ਦੇਖ ਤੂੰ ਮਦਨ-

ਗੋਪਾਲ ਨਾਲ ਵਿਵਾਹੀ ਜਾਵਣ ਜੋਗਸ ਹੈਂ ਭੀ, ਪਹਿਲਾਂ ਅਪਨਾ ਆਪ ਦੇਖੀਏ ਫੇਰ ਕੋਈ ਖਿਆਲ ਕਰੀਏ ਕਦੀ ਨੈਹਰ ਤੇ ਦਰਯਾ ਵੀ ਇਕੋ ਜੇਹੇ ਹੋਏ ਨੇ। ਸੋ ਤੂੰ ਜਦ ਏਹ ਜਾਂਨਦੀ ਹੈਂ ਕੇ ਮਦਨਗੋਪਾਲ ਨੂੰ ਕਿੰਨੀਆਂ ਹੀ ਕੁੜਮਾਈਆਂ ਆ ਚੁਕੀਆਂ ਨੇ ਤਾਂ ਫੇਰ ਓਹ ਕਿਸੇ ਦੀ ਕੀਤੀ ਮੰਨੇਗਾ। ਬੀਬੀ ਤੂੰ ਹੋਸ਼ ਕਰ ਤੇ ਅਜੇਹਾਂ ਖਿਆਲਾਂ ਨੂੰ ਬੰਦ ਕਰ। ਤੈਂਨੂੰ ਜੋ ਮੈਂ ਆਖਿਆ ਸੀ ਕੇ ਕਿਧਰੇ ਜਾਹਰ ਨਾ ਹੋਨ ਦੇਈਂ, ਤੂੰ ਹੱਛੀ ਕੀਤੀ ਹੈ। ਜੇ ਹੁਨ ਤੇਰੀ ਮਾਂ ਏਹ ਸੁਨਦੀ ਹੁੰਦੀ ਤੇ ਕੀਹ ਆਖਦੀ, ਝੱਟ ਕੁਛ ਖਾ ਕੇ ਮਰਜਾਂਦੀ। ਅਜੇ ਰੁਕੋ ਓਹ ਵੇਲਾ ਨਹੀਂ ਆਇਆ ਕੇ ਇਸ ਗਲ ਨੂੰ ਜਹਾਂਨ ਚੰਗਾ ਆਖੇ ਜਦ ਵਿਦਿਆ ਅਪਣਾ ਚਾਨਣ ਸਭਨਾਂ ਨੂੰ ਦਿਖਾਵੇਗੀ ਤਦ ਫੇਰ ਏਹ ਗਲਾਂ ਬੁਰੀਆਂ ਨਾ ਸਮਝੀਆਂ ਜਾਵਣ ਗੀਆਂ ਬੀਬੀ ਅਜੇ ਤਾਂ ਜਿਸ ਧੀ ਦੇ ਮਾਪੇ ਏਹ ਸੁਣ ਲੈਂਣ ਕੇ ਧੀ ਹੁਣ ਮੂਹੋਂ ਵਰ ਮੰਗਦੀਏ ਓਹ ਤਾਂ ਫੇਰ ਖੱਜਲ ਖੁਆਰ ਹੋਵਣ ਤੋਂ ਮਰਜਾਣਾਂ ਚੰਗਾ ਜਾਨਦੇ ਨੇ। ਤੇ ਮੈਂ ਅਪਣੀ ਕੰਨੀ ਦੋ ਤਿੰਨ ਖੂਨ ਇਸੇ ਗੱਲ ਤੋਂ ਹੋਏ ਹੋਏ ਸੁਣ ਚੁੱਕੀ ਹਾਂ ਬੀਬੀ ਤੂੰ ਇਸ ਗਲ ਨੂੰ ਹੁਣੇ ਦਿਲ ਦੇ ਸੰਦੂਕ ਵਿਚ ਪਾਕੇ ਤੇ ਸ਼ਾਂਤਿ ਦਾ ਜੰਦਰਾ ਲਾਕੇ ਰੱਖ ਛੱਡ। ਤੇ ਇਸਦੀ ਕੁੰਜੀ ਮੈਨੂੰ ਦੇ ਛੱਡ ਫੇਰ ਜਦ ਵੇਲਾ ਆਵੇਗਾ ਮੈਂ ਤੈਂਨੂੰ ਆਪ ਖੋਲ ਦਿਆਂਗੀ॥

(ਰੁਕੋ) ਹੱਥ ਜੋੜ ਕੇ ਤੇ ਅਖੀਆਂ ਵਿਚ ਬੇਵੱਸੀ ਦੀਆਂ

ਅੱਥਰੂ ਭਰ ਕੇ ਬੇਬੇ ਜੀ ਹੁਣ ਬਖਸ਼ੋ। ਮੈਂ ਤਾਂ ਕਦੀ ਇਸ ਤਰ੍ਹਾਂ ਨਾ ਸੀ ਕੈਂਹਦੀ। ਪਰ ਏਹ ਤਾਂ ਮੇਰੇ ਕੋਲੋਂ ਅੱਜ ਹੋਣੀ ਨੇ ਕਰਾਇਆਏ। ਮੈਂ ਜਦ ਅੰਦਰ ਜਾ ਮੰਜੇ ਤੇ ਲੇਟੀ ਸਾਂ ਤਾਂ ਮੇਰੀਆਂ ਅੱਖੀਆਂ ਵਿਚਾਰ ਕਰਦਿਆਂ ਕਰਦਿਆਂ ਲਗ ਗਈਆਂ ਸਣ। ਤੇ ਮੈਂ ਨੀਂਦਰ ਵਿਚ ਕੀਹ ਦੇਖਣੀ ਹਾਂ ਜੋ ਇਕ ਤੁਹਾਡੇਜੇਹੀ ਸੂਰਤਮੰਦ ਜਨਾਨੀ ਮੇਰੇ ਹੱਥ ਇਕਕਾਗਤ ਪਕੜਾ ਕੇ ਤੇ ਆਖਣ ਲਗੀ ਏਹ ਲੈ ਪੜਹ ਤੇ ਇਸਦਾ ਜੁਆਬ ਲਿਖਦੇ। ਮੈਂ ਕਾਗਤ ਨੂੰ ਖੋਲ ਕੇ ਜੋ ਡਿਠਾ ਤਾਂ ਵਿਚ ਲਿਖਿਆ ਹੋਇਆ ਸੀ! (ਹੇ ਈਸ਼ੁਰ ਸਰਬ ਸ਼ਕਤੀਮਾਨ ਸਰਬ ਵਯਾਪੀ ਸਰਬਗਜ਼ ਮੈਂ ਤੇਰੀ ਸਭ ਕਿਰਪਾਉਂ ਦਾ ਧੰਨਜਬਾਦ ਕਿਸ ਤਰ੍ਹਾਂ ਕਰੂੰ, ਜਿਸ ਤਰ੍ਹਾਂ ਹੋਰ ਸਾਰੇ ਸੁਖ ਮੈਂਨੂੰ ਦਿੱਤੇ ਨੀ ਕਿਰਪਾ ਕਰ ਕੇ ਮੈਨੂੰ (ਰੁਕੋ ਜਿਸਦੀ ਮੇਰੀ ਅੱਜ ਸੇਠ ਨਰ-ਸਿੰਘਦਾਸ ਦੇ ਘਰ ਗਲ ਬਾਤ ਹੋਈ ਹੈ) ਭੀ ਗਰਹਿਸਤ ਆ-ਸ਼ਰਮ ਦੇ ਨਿਰਬਾਹ ਵਾਸਤੇ ਦਾਨ ਦੇ। ਬੇਬੇ ਜੀ ਏਹ ਕਾਗਤ ਮੈਂ ਪੜਹ ਕੇ ਤੇ ਉੱਠ ਬੈਠੀ ਸਾਂ ਨਾਈ ਫੇਰ ਕਾਗਤ ਸੀ ਨਾ ਕੋਈ ਜਨਾਨੀ ਸੀ। ਮੇਰੇ ਦਿਲ ਨੂੰ ਚਿੰਤਾ ਲਗ ਗਈ, ਫੇਰ ਮੈਂ ਆਕੇ ਇਥੇ ਸੰਧਿਆ ਕੀਤੀ ਤੇ ਵਿਚਾਰ ਕਰ ਕੇ ਪਰਾਰਥਨਾ ਕੀਤੀ ਜੇਹੜੀ ਤੁਸਾਂ ਭੀ ਸੁਨੀ ਹੈ। ਸੋ ਹੁਣ ਮੈਨੂੰ ਬਖਸ਼ੋ ਅੱਗੋਂ ਫੇਰ ਕਦੀ ਮੈਂ ਇਸ ਗਲ ਨੂੰ ਇਸ ਤਰ੍ਹਾਂ ਜਾਹਰ ਨਾ ਕਰਾਂਗੀ॥

(ਸੇਠਨੀ) ਹੈਰਾਨ ਹੋਕੇ ਤੇ ਦਿਲ ਵਿਚ ਸੱਚ ਜਾਨ ਕੇ

ਧਨਜ ਹੈ ਈਸ਼ੂਰ ਜੋ ਸਰਬਗਜ ਹੈ, ਤੇ ਜਿਸਦਾ ਸੱਚਾ ਸੇਵਕ ਸੱਚ ਹੀ ਕਰਦਾ ਸੱਚ ਹੀ ਵਿਚਾਰਦਾ ਤੇ ਸੱਚ ਹੀ ਸ੍ਵਪਨੇ ਵਿੱਚ ਦੇਖਦਾ ਹੈ। ਅਗੇ ਹੋਕੇ ਤੇ ਅਪਨੇ ਕੱਪੜੇ ਨਾਲ ਰੁਕੋ ਦੇ ਅਥਰੂ ਪੂੰਜਕੇ ਤੇ ਉਸਨੂੰ ਛਾਤੀਨਾਲ ਲਗਾਕੇ ਤੇ ਅਪਨੀਆਂ ਅੱਖੀਆਂ ਵਿੱਚ ਸੱਚੀ ਮਹੱਬਤ ਦੀਆਂ ਅੱਥਰੂ ਭਰਕੇ ਆਖਨ ਲੱਗੀ ਬੱਸ ਕਰ ਰੁਕੋ ਬੱਸ ਕਰ, ਭੈਨ ਤੂੰ ਬੜੀ ਪਰਮੇਸ਼ੁਰ ਦੀ ਪਿਆਰੀ ਹੈਂ। ਤੂੰ ਸੱਚੀ ਹੈਂ ਮੈਂ ਤੈਨੂੰ ਕੋਈ ਬੁਰੀ ਗੱਲ ਨਹੀਂ ਆਖਦੀ। ਬੇਸ਼ੱਕ ਪਰੀਤੀਤੇ ਹਰਖ ਦਿਲਵਿੱਚ ਵਧਾਉ ਤੇ ਮਦਨਗੋਪਾਲ ਦੇ ਗੁਣਾਂਵਾਦ ਗਾਉ, ਪਰ ਅਜਿਹਾ ਕਰੋ ਜੋ ਹੋਰ ਕੋਈ ਨਾ ਸੁਣੇ, ਪਿਆਰੀ ਭੈਣ ਏਹ ਲੈ ਓਹੋ ਪੱਤਰ ਜੋਹੜਾ ਤੂੰ ਸੁਪਨੇ ਵਿਚ ਦੇਖਿਆ ਹੈ। ਤੇ ਪੜਹ ਕੇ ਧੀਰਜ ਧਰੋ, ਫੇਰ ਇਸਦਾ ਉੱਤਰ ਲਿਖ ਲੈਣਾ, ਏਹ ਪੱਤਰ ਅਪਨੇ ਪਾਸ ਹੀ ਰੱਖਣਾ॥

ਜਦ ਪੱਤਰ ਰੁਕੋ ਨੇ ਦੇਖਿਆ ਤਾਂ ਅਪਨੇ ਆਪ ਨੂੰ ਸੁੱਤਾ ਹੋਇਆ ਸਮਝਿਆ ਤੇ ਅੱਖੀਆਂ ਮਲ ਮਲ ਕੇ ਘੜੀ ਮੁੜੀ ਇਧਰ ਉਧਰ ਦੇਖ ਦੇਖ ਕੇ ਹੈਰਾਨ ਹੋ ਹੋਕੇ ਅਪਣੇ ਆਪ ਨੂੰ ਹੀ ਪੁੱਛਣ ਲਗੀ, ਮੈਂ ਭੈੜੀ ਸੁੱਤੀ ਹੋਈਆਂ ਕੇ ਜਾਗਦੀ, ਭੈ ਫੇਰ ਸੇਠਣੀ ਜੀ ਨੂੰ ਹੱਥ ਨਾਲ ਟੋਹ ਕੇ ਤੇ ਅੱਖੀਆਂ ਨੂੰ ਫੋਲ ਦੇ ਦੇ ਕੇ ਤੇ ਹੱਸ ਪਈ, ਤੇ ਕਾਗਤ ਨੂੰ ਛਾਤੀ ਨਾਲ ਲਾਕੇ ਆਖਣ ਲਗੀ ਬੇਬੇਜੀ ਜੇ ਤੁਸੀਂ ਬੇਬੇ ਜੀ ਈਹੋ ਤਾਂ ਮੈਂਨੂੰ ਦੱਸੋ ਖਾਂ ਤੁਸਾਂ ਅੱਜ ਸਵੇਰੇ ਰੋਟੀ ਕਾਹਦੇ ਨਾਲ ਖਾਹਦੀ ਸੀ ਤੇ ਉਸ ਵੇਲੇਮੈਂ ਤੁਹਾਨੂੰ ਕੀਹ ਆਖਿਆਸੀ, ਸੇਠਨੀਜੀ ਨੇ ਏਹ ਸੁਣ ਕੇ

ਸਮਝ ਲੀਤਾ ਤੇ ਰੁਕੋ ਨੂੰ ਆਪਨੇ ਸੁੱਤੇ ਹੋਏ ਕੇ ਇਸ ਸਾਰੀ ਗੱਲ ਨੂੰ ਸੁਪਨਾ ਹੀ ਦੇਖਣਦਾ ਪੂਰਾ ਪੂਰਾ ਵਿਸ਼੍ਵਾਸ ਹੈ। ਇਸ ਵਾਸਤੇ ਇਸਨੂੰ ਹੋਸ਼ ਵਿਚ ਲਿਆਨਾ ਜਰੂਰੀ ਹੈ, ਸੋ ਉਸੇ ਵੇਲੇ ਕੈਹਣ ਲਗੀ ਰੁਕੋ ਹੋਸ਼ ਕਰ ਤੈਨੂੰ ਕੀਹ ਹੋਇਆ ਹੈ ਮੈਂ ਰੋਟੀ ਅਜ ਬਤਾਂਊਂ ਰਾਇਤੇ ਤੇ ਕੜ੍ਹੀਨਾਲ ਖਾਦੀ ਸੀ ਤੇ ਤੂੰ ਮੈਨੂੰ ਘੜੀ ਮੁੜੀ ਏਹੀ ਪੁਛਦੀ ਰਹੀ ਸਾਏਂ ਬੇਬੇ ਜੀ ਜਨਾਨੀਆਂ ਕਿਉਂ ਹੌਲੀ ਹੌਲੀ ਰੋਟੀ ਖਾਂਦੀਆਂਨੇ ਤੇ ਮਰਦ ਝਬਦੇ ਝਬਦੇ, ਤੇ ਮੈਂ ਤੈਨੂੰ ਦਸਦੀ ਰਹੀ ਸਾਂ ਕੇ ਜਨਾਨੀਆਂ ਸਦਾਹੀ ਵੱਡਾ ਸਾਰਾ ਗਰਾਹ ਪਾਕੇ ਮੀਂਦਦੀਆਂ ਰਹਿੰਦੀਆਂ ਨੇ ਤੇ ਮਰਦ ਛੋਟੀ ਗਰਾਹੀ ਪਾਕੇ ਝਬਦੇ ਝਬਦੇ ਨਿਗਲ ਜਾਂਦੇ ਨੇਂ। ਰੁਕੋ ਨੇ ਜਦ ਏਹ ਗੱਲ ਸੁਨੀ ਤਾਂ ਫੇਰ ਕੁਛ ਕੁਛ ਹੋਸ਼ ਵਿਚ ਆਈ, ਤੇ ਹਿਠਾਂ ਧਿਆਨ ਕਰਕੇ ਕੈਹਣ ਲੱਗੀ। ਹੇ ਈਸ਼੍ਵਰ ਕਿਰਪਾ ਕਰ ਏਹ ਕੀਹ ਬਨ ਰਹਿਆ ਹੈ ਮੈਂ ਤਾਂ ਕੁਛ ਸਮਝ ਨਹੀਂ ਸਕਦੀ। ਫੇਰ ਸੇਠਨੀ ਵਲ ਦੇਖ ਕੇ ਤੇ ਆਖਨ ਲਗੀ ਬੇਬੇ ਜੀ ਮੈਂ ਹਾਂਤੇ ਜਾਗਦੀ ਨਾਂ, ਮੈਨੂੰ ਸਚ ਦਸੋ ਥਾਂ ਮੈਨੂੰ ਕੁਛ ਚਮੜਿਆ ਹੋਇਆ ਤੇ ਨਹੀਂ ਨਾਂ॥

(ਸੇਠਨੀ) ਬੀਬੀ ਰੁਕੋ ਤੈਨੂੰ ਵਿਵਾਹੇ ਜਾਨੇ ਦਾ ਖਿਆਲ ਤੇ ਮਦਨ ਗੋਪਾਲ ਦੀ ਮਧਰ ਬਾਣੀ ਦੀ ਮੋਹਤ ਤੇ ਉਸਦੀ ਪਤਨੀ ਬਨਨ ਦੀ ਆਸ਼ਾ। ਏਹ ਤਿਨ ਭੂਤਨੇ ਚਮੜੇ ਹੋਏ ਨੇ ਸੋ ਵਿਚਾਰ ਮੰਤ੍ ਨਾਲ ਹੁਣੇ ਲੈਹ ਜਾਵਨਗੇ ਏਹ ਕਾਗਤ ਹਛੇ ਮਾਂਦਰੀ ਦੇ ਹਥਾਂ ਦਾ ਜੰਤਰ ਹੈ ਸੋ ਇਸਨੂੰ ਸੰਭਾਲ ਕੇ ਕੋਲ

ਰੱਖ। ਤੇ ਰੋਜ ਸਾਂਤਿ ਦੇ ਸ਼ਰਬਤ ਵਿਚ ਸਫਾ ਆਸ਼ਾ ਦਾ ਪਾਣੀ ਪਾਕੇ ਪੀਂਦੀ ਰਹਿਆ ਕਰ। ਤੇ ਸੰਧਜਾ ਵੇਲੇ ਆਨੰਦ ਦੇ ਮੰਦਰ ਵਿਚ ਸੰਧਜਾ ਤੇ ਪਰਾਰਥਨਾ ਦੀ ਚੌਕੀ ਦਿਤਾ ਕਰ ਫੇਰ ਬਸ ਤੇਰਾ ਨਾਉਮੈਦੀ ਦਾ ਭੂਤਨਾ ਆਪੇ ਹੀ ਉਤਰਕੇ ਚਲਾਜਾਵੇਗਾ॥

(ਰੁਕੋ) ਬੇਬੇ ਜੀ ਹੁਣ ਮੈਨੂੰ ਮਾਲੂਮ ਹੋਗਿਆ ਹੈ ਕੇ ਮੈਂ ਹੁਣ ਜਾਗਦੀ ਹਾਂ। ਪਰ ਅਗਿਆਨ ਨਿਦ੍ ਦੀ ਘੋਰੀ ਹੋਈ ਅਪਣਿਆਂ ਪ੍ਬਲ ਇੰਦਰਿਆਂ ਨੂੰ ਵਿਚਾਰ ਦੀ ਰਸੀ ਨਾਲ ਨਹੀਂ ਸਾਂ ਬਨ ਸਕਦੀ ਹੁਣ ਜੋ ਤੁਸਾਂ ਗਿਆਨ ਦਾ ਵੱਟ ਦੇਕੇ ਰਸੀ ਪੱਕੀ ਕਰ ਦਿਤੀ ਹੈ ਹੁਣ ਮੈਨੂੰ ਪੂਰਾ ਪੂਰਾ ਖਿਆਲ ਹੋਗਿਆ ਹੈ ਕੇ ਮੇਰੀ ਆਸ਼ਾ ਬਿਨਾ ਚਿੰਤਾ ਹੀ ਪੂਰੀ ਹੋਜਾਵੇਗੀ॥

(ਸੇਠਨੀ) ਸ਼ਾਬਾਸ਼ ਮੇਰੀ ਪਿਆਰੀ ਭੈਨ ਸ਼ਾਬਾਸ਼ ਠੀਕ ਹੈ ਜੋ ਕੁਛ ਤੂੰ ਆਖਨੀ ਹੈਂ। ਹੁਣ ਹੋਸ਼ ਵਿਚ ਆਕੇ ਤੇ ਗਲਾਂ ਕਰ ਨਾਂ॥

(ਰੁਕੋ) ਬੇਬੇ ਜੀ ਏਹ ਭੂਤਨੇ ਡੈਣਾਂ ਤੇ ਚੁੜੇਲਾਂ ਤਾਂ ਕੁਝ ਨਾਂ ਨਾ ਹੋਈਆਂ। ਤੇ ਏਹ ਰੰਨ੍ਹਾਂ ਜੋਹੜੀਆਂ ਖੇਡਦੀਆਂ ਨੇ ਤਾਂ ਫੇਰ ਕੂੜ ਹੀ ਕਰਦੀਆਂ ਹੋਈਆਂ ਨਾਂ॥

(ਸੇਠਨੀ) ਰੁਕੋ ਏਹ ਤਾਂ ਅੱਗੇ ਇਕਦਿਨ ਸੇਠ ਹੋਰਾਂ ਮੈਨੂੰ ਤੇ ਤੈਨੂੰ ਹਛੀ ਤਰ੍ਹਾਂ ਸਮਝਾਇਆ ਸੀ ਕੇ ਕਈ ਬੀਮਾਰੀਆਂ ਵਿਖਮ ਵਿਚ ਜਨਾਨੀਆਂ ਨੂੰ ਅਜਈਆਂ ਹੋ ਜਾਂਦੀਆਂ ਨੇ ਜਿਨ੍ਹਾਂ ਨਾਲ ਬੇਹੋਸ਼ੀ ਬੇਚੈਨੀ ਕਮਜੋਰੀ ਤੋ ਥਕਾਵਟ ਹੋਜਾਂਦੀ ਹੈ ਪਰ ਮੂਰਖ ਪੁਰਸ਼ ਉਸਵੇਲੇ ਕਿਸੇ ਖੜਾਵਨ ਵਾਲੇ ਨੂੰ ਲੈ

ਆਉਂਦੇ ਨੇ ਜੋਹੜੀ ਜਨਾਨੀ ਨੂੰ ਤੇ ਹੋਸ਼ ਆਜਾਂਦੀ ਏ ਓਹ ਤਾਂ ਝਟ ਉਠ ਕੇ ਤੇ ਅਪਣੇ ਘਰਵਾਲੇ ਨੂੰ ਕੈਹ ਦੇਂਦੀ ਹੈ ਕੇ ਮੈਨੂੰ ਕੁਛ ਚਮੜਿਆ ਹੋਯਾ ਨਹੀਂ ਤੇ ਜੋਹੜੀ ਕੋਈ ਭਲੀ ਬੇਹੋਸ਼ ਹੀ ਰਹਿੰਦੀ ਹੈ ਉਸ ਨੂੰ ਖਡਾਨ ਵਾਲਾ ਬਹੁਤ ਦੁਖ ਦੇਂਦਾ ਹੈ ਪਰ ਓਹ ਕੁਛ ਨਹੀਂ ਕਰ ਯਾ ਕੈਹ ਸਕਦੀ। ਰੁਕੋ ਜੋਹੜੀਆਂ ਜਨਾਨੀਆਂ ਸਿਰ ਮਾਰ ਮਾਰ ਕਰ ਖੇਡਦੀਆਂ ਨੇ ਓਹ ਜਨਾਨੀਆਂ ਜਰੂਰ ਭੈੜੀਆਂ ਹੁੰਦੀਆਂ ਨੇ ਓਨਾਂ ਨੂੰ ਯਾ ਤੋ ਕਾਮ ਚੇਸ਼ਟਾ ਤੰਗ ਕਰਦੀ ਹੈ ਯਾ ਪਤੀ ਪਰਦੇਸ ਹੁੰਦਾ ਹੈ ਯਾਂ ਘਰ ਵਿਚ ਕਦਰ ਨਹੀਂ ਹੁੰਦਾ ਤਾਂ ਫੇਰ ਕਿਸੇ ਭੈੜੀ ਜਨਾਨੀ ਦੀ ਸੋਹਬਤ ਨਾਲ ਭੈੜੇਭੈੜੇਕਮ ਕਰਕੇ ਅਪਨੀ ਮਰਜੀਆਂਪੂਰੀਆਂ ਕਰ ਲੈਂਦੀਆਂ ਹੈਨ ਸੋਤੂੰ ਏਹ ਸਚ ਜਾਣ ਲਈਂ ਕੇ ਸਵਾ ਚਿੰਤਾ ਦੁਖ ਤੇ ਕਾਮਨਾ ਦੇ ਹੋਰ ਕੋਈ ਚੀਜ਼ ਚਮੜਨ ਵਾਲੀ ਨਹੀਂ ॥

(ਰੁਕੋ) ਬੇਬੇ ਜੀ ਠੀਕ ਹੈ ਮੈਂ ਸਮਝ ਗਈਆਂ ਤੇ ਹੁਨ ਮੈਂ ਕਦੀ ਭੀ ਅਜੇਹੀ ਉਤਾਵਲੀ ਨਹੀਂ ਹੋਵਾਂਗੀ। ਜਦ ਈਸ਼ਰ ਨੇ ਮਦਨਗੋਪਾਲ ਜੇਹਾ ਮਹਾਤਮਾ ਦੇ ਦਿਲ ਵਿਚ ਮੈਂ ਗਰੀਬਨੀ ਦਾ ਮੋਹ ਤੇ ਹਰਖ ਪਾ ਦਿੱਤਾ ਹੈ। ਤਦ ਮੈਨੂੰ ਸਵਾ ਸ਼ਾਂਤੀ ਤੇ ਆਨੰਦ ਦੇ ਹੋਰ ਕੀਹ ਚਾਹੀਦਾ ਹੈ। ਬੇਸ਼ੱਕ ਮੈਂ ਹੁਣ ਕਿਸੇ ਗਲ ਵਿਚ ਇਸ ਗਲਦਾ ਨਾ ਭੀ ਨਾ ਲਵਾਂਗੀ। ਤੇ ਤੁਸਾਡੇ ਅਗੇ ਮੇਰੀ ਅਰਜ ਭੀ ਏਹੀ ਹੈ ਕੇ ਸੇਠ ਹੋਰਾਂ ਨੂੰ ਜਰੂਰ ਕੈਹ ਦੇਨਾ ਕੇ ਹੁਨ ਸਭ ਵਿਚਾਰ ਕੇ ਕਰਨਾ ਕਿਉਂ ਜੋ ਧਰਮ ਆਗਿਆ ਅਨੁਸਾਰ ਚਲਨਾ ਮੁਖ ਧਰਮ ਹੈ ॥

(ਸੇਠਨੀ) ਰੁਕੋ ਮੈਨੂੰ ਡੇਰ ਹੋਗਈ ਹੈ ਤੇ ਸੇਠ ਹੋਰੀ ਅਕੱਲੇ ਬੈਠੇ ਹੋਏ ਨੇ ਮਤਾਂ ਯਾਦ ਕਰਦੇ ਹੋਵਨ ਤੂੰ ਜੋ ਕੁਛ ਇਸਦਾ ਜੁਆਬ ਲਿਖਨਾ ਹੈ ਲਿਖ ਦੇ ॥

(ਰੁਕੋ) ਬੇਬੇ ਜੀ ਕੀਹ ਲਿਖ ਦਿਆਂ ਤੁਸੀਂ ਦਸੋ ॥

(ਸੇਠਨੀ) ਪਿਆਰੀ ਰੁਕੋ ਜਦ ਮਦਨਗੋਪਾਲ ਨੂੰ ਭਰਤਾ ਤੂੰ ਬਨਾਨਾ ਚਾਂਹਨੀ ਹੈਂ ਤਾਂ ਜੋ ਕੁਛ ਤੇਰੇ ਦਿਲ ਵਿਚ ਆਉਂਦਾ ਹੈ ਸੋ ਲਿਖ ਦੇਹ। ਮੈਂ ਕੀਹ ਦੱਸਾਂ ॥

(ਰੁਕੋ) ਜੀ ਓਹ ਤਾਂ ਪਰਮੇਸ਼ਰ ਅਗੇ ਪਰਾਰਥਨਾ ਕਰ ਕੇ ਤੇ ਮੈਂਨੂੰ ਦਾਨ ਮੰਗਦੇ ਨੇ। ਤੇ ਮੈਂ ਕੀਹ ਹੁਨ ਹੋਰ ਲਿਖਾਂ। ਕੋਈ ਪੱਤਰ ਮੇਰੇ ਨਾ ਦਾ ਤੇ ਨਹੀਂ ॥

(ਸੇਠਨੀ) ਪਿਆਰੀ ਰੁਕੋ ਈਸ਼ੁਰ ਪਰਮ ਪਿਤਾ ਹੈ ਉਸ ਕੋਲੋਂ ਮਦਨਗੋਪਾਲ ਤੈਨੂੰ ਅਪਨੀ ਪਤਨੀ ਬਨਾਨ ਵਾਸਤੇ ਦਾਨ ਮੰਗਦਾ ਹੈ। ਸੋ ਹੁਨ ਤੂੰ ਜਿਸ ਤਰਾਂ ਚਾਹਨੀ ਹੈਂ ਲਿਖ ਦੇਹ। ਕਿੰਉਂ ਜੋ ਏਹ ਪੱਤਰਤੇਰਾ ਦੇਖਕੇ ਫੇਰ ਮਦਨਗੋਪਾਲ ਹੋਰ ਜਗ੍ਹਾ ਨਾ ਢੂੰਡੇਗਾ।

(ਰੁਕੋ) ਕਾਗਤ ਕਲਮ ਤੇ ਦਵਾਤ ਕੱਢ ਕੇ ਤੇ ਲੌ ਜੋ ਕੁਛ ਹੁਣ ਮੇਰੇ ਦਿਲ ਵਿਚ ਹੈ ਲਿਖ ਦਿਆਂ ॥

(ਸੇਠਨੀ) ਹਾਂ ਬੀਬੀ ਜਲਦੀ ਕਰਨਾ। ਸੇਠ ਹੋਰੀ ਕੀਹ ਆਖਨਗੇ ਕੇ ਕਿਥੇ ਬੈਹ ਰਹੀ ਹੈ॥

(ਰੁਕੋ) ਵਿਚਾਰ ਵਿਚਾਰ ਕੇ ਇਸ ਤਰ੍ਹਾਂ ਲਿਖਿਆਂ ਹੇ ਜਗਤਨਾਥ ਸਰਬਗਜ ਸੱਚਦਾਨੰਦ ਤੇਰੀ ਮਹਮਾ ਦਾ ਕੋਈ

ਅੰਤ ਨਹੀਂ ਪਾ ਸੱਕਦਾ । ਜੇ ਤੂੰ ਕਿਰਪਾ ਕਰਕੇ ਮੈਨੂੰ ਬਾਬੂ ਮਦਨਗੋਪਾਲ ਦੀ ਪਤਨੀ ਗਰਹਿਤ ਦੇ ਨਿਰਬਾਹ ਵਾਸਤੇ ਉਸ ਮਹਾਤਮਾ ਦੀ ਪਰਾਰਥਨਾ ਪੂਰੀ ਕਰਨ ਵਾਸਤੇ ਕਰ ਕੇ ਉਸਦੀ ਟੈਹਲ ਸੇਵਾਵਿਚ ਲਗਾ ਕੇ ਖੁਸ਼ ਹੋਵੇਂ ਤਾਂ ਮੈਂ ਦਾਸੀ ਹਜਾਰ ਹਜਾਰ ਧੰਨਜਵਾਦ ਕਰਾਂਗੀ ॥

ਹਸਤਾਖਰ ਰੁਕੋ ਕੰਨਜਾਂ
ਫੱਗਨ ੨੭ ਸੰਮਤ ੧੯੧੧

ਤੇ ਫੇਰ ਸੇਠਨੀ ਜੀ ਨੂੰ ਦੇ ਕੇ ਤੇ ਕਹਿਆ ਲੌ ਬੇਬੇ ਜੀ ਹੋਰ ਹੁਨ ਕੀਹ ਲਿਖਨਾ ਹੈ ॥

(ਸੇਠਨੀ) ਰੁਕੋ ਬੱਸ ਏਹੀ ਠੀਕ ਹੈ,ਹੋਰ ਕੀਹ ਲਿਖਨਾਈ ਹੁਣ ਤੁਸੀਂ ਦੋਵੇਂ ਕਾਬੂ ਆਗਏ ਹੋ, ਲੈ ਹੁਨ ਤੂੰ ਸੌ ਰਹੋ ॥

ਤੇ ਮੈਂ ਜਾਨੀ ਹਾਂ, ਏਹ ਕੈਹ ਕੇ ਸੇਠਨੀ ਜੀ ਅਪਨੇ ਅੰਦਰ ਆ ਗਈ ਤੇ ਰੁਕੋ ਅਪਨੇ ਅੰਦਰ ਜਾਕੇ ਸੌ ਰਹੀ ॥

ਦੂਸਰੇ ਦਿਨ ਮਦਨਗੋਪਾਲ ਜਿਸ ਵੇਲੇ ਦੁਕਾਨ ਉਤੇ ਸੇਠ ਹੋਰਾਂ ਪਾਸ ਆਇਆ ਉਨ੍ਹਾਂ ਨੇ ਓਹ ਕਾਗਤ ਰੁਕੋ ਦਾ ਲਿਖਿਆ ਹੋਇਆ ਉਸਨੂੰ ਦੇਕੇ ਕੈਹਾ ਲੌ ਬਾਬੂਜੀ ਹੁਣ ਤੁਸੀ ਸਮਝੋ ਕੇ ਤੁਹਾਡਾ ਤੇ ਰੁਕੋ ਦਾ ਸੰਜੋਗ ਹੋ ਜਾਵੇਗਾ, ਅਗੇ ਜੋ ਈਸ਼ੁਰ ਦੀ ਮਰਜੀ । ਮੈਂ ਪੰਡਤ ਜੀ ਨੂੰ ਲੋਕਕ ਵਿਵਹਾਰ ਕਰ ਕੇ ਦਿਨ ਥਿੱਤ ਵਾਰ ਸਭ ਪੁਛ ਛੱਡਾਂਗਾ। ਫੇਰ ਤੁਹਾਡੇ ਘਰ ਸਗਨ ਭੇਜ ਦਿਆਂਗਾ ॥

ਇਸੇ ਤਰ੍ਹਾਂ ਆਪਸ ਵਿਚ ਥੋੜਾਕੁ ਚਿਰ ਗਲਾਂ ਕਰਕੇ

ਤੇ ਮਦਨਗੋਪਾਲ ਅਪਨੇ ਘਰ ਓਹ ਕਾਗਤ ਲੈਕੇ ਚਲਾ ਗਿਆ ਤੇ ਸੇਠ ਹੋਰੀ ਅਪਨੇ ਕੰਮ ਧੰਦੇ ਵਿਚ ਲਗ ਗਏ।

(ਰੁਕੋ) ਬੱਚਾ ਇਧਰ ਤਾਂ ਮੇਰੀ ਕੁੜਮਾਈ ਬਾਬੂ ਮਦਨਗੋਪਾਲ ਨਾਲ ਹੋਗਈਸੀ, ਉਧਰ ਦੇਖ ਪਰਮੇਸ੍ਵਰ ਮੇਰੇ ਪਿਤਾ ਨਾਲ ਕਿਸਤਰ੍ਹਾਂ ਕੀਤੀ। ਜਿਸ ਦਿਨ ਪਿਤਾ ਮੇਰਾ ਮੈਂਨੂੰ ਤੇ ਮੇਰੀ ਮਾਤਾ ਨੂੰ ਸਰਾਂ ਵਿਚ ਸੁਤਿਆਂ ਛਡ ਗਿਆ ਸੀ। ਓਹ ਉੱਥੋਂ ਟੁਰਕੇ ਤੇ ਇਕ ਹੱਛੇ ਰੌਨਕ ਵਾਲੇ ਸ਼ੈਹਰ ਵਿਚ ਜਾ ਪਹੁੰਚਾ ਓਥੋਂ ਜਾਕੇਤੇ ਮੇਹਨਤ ਮਜੂਰੀ ਕਰਨ ਲਗਪਿਆ ਦੋ ਤਰੈ ਮਹੀਨੇ ਇਸ ਤਰ੍ਹਾਂ ਕਰਦਾ ਰਹਿਆ ਤੇ ਜਦ ਕੁਛ ਪੰਜ ਦਸ ਰੁਪੈ ਪੱਲੇ ਹੋਗਿਉ ਸੂ ਫੇਰ ਉਸਨੇ ਸਬਜੀ ਦੀ ਹੱਟੀ ਪਾ ਲੀਤੀਸੀ॥ਵਰੇਹ ਦਿਨ ਵਿਚ ਉਸਦਾਕੱਮ ਹੱਛਾ ਬਨਗਿਆ ਰੁਪੈ ਦੋ ਚਾਰ ਸੈ ਪਾਸ ਹੋਗਿਆਸੂ॥ ਫੇਰ ਉਸਨੇ ਇਕ ਦਿਨ ਦਿਲ ਵਿਚ ਖਿਆਲ ਕੀਤਾ ਜੋ ਹੁਨ ਮੈਂ ਪੰਜ ਦਸ ਦਿਨ ਲਾਕੇ ਤੇ ਕਿਦਰੋਂ ਅਪਨੀ ਜਨਾਨੀ ਤੇ ਧੀ ਨੂੰ ਟੋਲ ਲਿਆਵਾਂ। ਏਹ ਸਲਾਹ ਦਿਲ ਨਾਲ ਕਰਕੇ ਤੇ ਓਹ ਇਕ ਦਿਨ ਓਥੋਂ ਟੁਰਪਿਆ ਤੇ ਆਕੇ ਓਸੇ ਸਰਾਂ ਵਿਕ ਦੇਖਨ ਲਗਾ ਬਥੇਰਾ ਏਧਰ ਓਧਰ ਪੁਛਿਆ ਗਿਆ ਪਰ ਕਿਸ ਨੂੰ ਪਤਾ ਸੀ ਕੇ ਅਸੀਂ ਕਿਥੋਂ ਸਾਂ। ਫੇਰ ਜਦ ਕੋਈ ਪਤਾ ਨਾ ਮਿਲਾ ਤਾਂ ਉਸੇਪਿੰਡ ਜਿਥੋਂ ਅਸੀਂ ਨਿਕਲੇ ਸਾਂ ਗਿਆ। ਉਸਥਾਂ ਦਿਆਂ ਲੋਕਾਂ ਨੇ ਉਸ ਨੂੰ ਬਥੇਰਾ ਕਿਹਾ ਕੇ ਹੁਨ ਏਥੇ ਰੈਹ ਪਵੋ ਪਰ ਨਾਂ ਰਹਿਆ ਫੇਰ ਮੇਰੇ ਨਾਨਕੇ ਗਿਆ। ਏਸੇ ਤਰ੍ਹਾਂ

ਜਿਥੇ ਜਿਥੇ ਸਾਡੇ ਸਾਕ ਹੁੰਦੇ ਸਨ ਫਿਰਿਆ, ਜਦ ਕਿਧਰੇ ਨਾ ਪਤਾ ਮਿਲਿਆ ਤਾਂ ਏਹ ਸਮਝਕੇ, ਕੇ ਕਿਧਰੇ ਚਲੀਆਂ ਚਾਈਆਂ ਹੋਵਨ ਗੀਆਂ ਯਾਂ ਕਿਧਰੇ ਮੁਸਲਮਾਨ ਹੋਗਈਆਂ ਹੋਵਨ ਗੀਆਂ। ਫੇਰ ਮੁੜਕੇ ਅਪਨੇ ਓਸੇ ਸ਼ਹਿਰ ਵਿਚ ਆ ਰਹਿਆ ਤੇ ਸਬਜੀ ਦੀ ਦੁਕਾਨ ਛਡ ਕੇ ਤੇ ਹਲਵਾਈ ਦੀ ਹੱਟੀ ਕਰਨੇ ਲਗ ਪਿਆ। ਚਾਰ ਵਰ੍ਹੇ ਕਮ ਹਛਾ ਚਲਿਆ ਤੇ ਰੁਪੈ ੫੦੦੦ ਹਜਾਰ ਦਾ ਮਾਲਕ ਹੋ ਗਿਆ ਫੇਰ ਤਾਂ ਉਸ ਨੂੰ ਏਹ ਬੜਾ ਖਿਆਲ ਹੋਗਿਆ ਕੇ ਮੈਂ ਹੁਨ ਕੋਈ ਜਨਾਨੀ ਕਰਾਂ। ਬਹੁਤ ਢੂੰਡ ਢਾਂਡ ਕੀਤੀਓ ਸੂ। ਪਰ ਕੋਈ ਮਿਲਦੀ ਜਾਤ ਦਾ ਸਾਕ ਹਥ ਨਾਂ ਆਇਆ। ਰੈਹ ਰਹਾ ਕੇ ਉਸਨੇ ਇਕ ਨੀਵੀਂ ਜਾਤ ਦੀ ਜਨਾਨੀ ਅਪਨੇ ਘਰ ਵਸਾ ਲਈ। ਤੇ ਲੋਕਾਂ ਨੂੰ ਕੈਹ ਦਿਤਾ ਕੇ ਮੇਰੀ ਜਨਾਨੀ ਲਭ ਪਈ ਹੈ। ਇਸੇ ਤਰ੍ਹਾਂ ਰੈਂਹਦਿਆਂ ਰੈਂਹਦਿਆਂ ਉਸ ਦੇ ਘਰ ਉਸ ਜਨਾਨੀ ਵਿਚੋਂ ਏਹ ਮੁੰਡਾ ਜੋੜ੍ਹਾ ਸਾਮਨੇ ਬੈਠਾ ਹੋਇਆ ਹੈ ਜੰਮਿਆ। ਏਹ ਬੋਲਾ ਤੇ ਝੱਲਾ ਹੈ। ਇਸ ਦਾ ਹਾਲ ਮੈਂਨੂੰ ਮਿਲਨ ਦਾ ਤੈਂਨੂੰ ਪਤਾ ਲਗ ਜਾਵੇਗਾ। ਹੁੰਦਿਆਂ ਹੁੰਦਿਆਂ ਮੇਰੇ ਪਿਉਦਾ ਕੱਮ ਵਧਗਿਆ। ਤੇ ਵਡਿਆਂ ਵਡਿਆਂ ਸਾਹੂਕਾਰਾਂ ਨਾਲ ਆਨ ਹੱਥ ਜੋੜਨ ਲਗਾ ਇਕ ਵੇਰੀ ਹੋਨੀ ਨੇ ਐਸਾ ਚੱਕਰ ਦਿੱਤਾ ਕੇ ਫੇਰ ਅਗੇ ਨਾਲੋਂ ਭੀ ਰੈਹਗਿਆ ਕਿਸਤਰ੍ਹਾਂ ਜੋ ਸ਼ਾਹੂਕਾਰ ਨਾਲ ਮਿਲਕੇ ਉਸਨੇ ਛੋਲੇ ਅੱਸੀ ਹਜਾਰ ਦੇ ਖਰੀਦੇ। ਛੋਲੇ ਭਾ ਵਿਚ ਟੁਟ ਗਏ। ਰਕਮ ੩੦

ਹਜ਼ਾਰ ਦਾ ਘਾਟਾ ਪਿਆ । ਫੇਰ ਸਾਹੂ ਕਾਰ ਤਾਂ ਸਾਕਾਂ ਅੰਗਾਂ ਵਾਲੇ ਸਨ ਨਾਲੇ ਪੁਰਾਨੇ ਸਾਹੂਕਾਰ ਸਨ,ਓਹਤਾਂ ਭਰ ਗੁਜਰੇ ਪਰ ਇਨ੍ਹਾਂ ਦਾ ਸਭ ਕੁਛ ਵਿਕ ਵਿਕਾ ਕੇ ਭੀ ਰਕਮ ਘਟਦੀ ਪੂਰੀ ਨਾਂ ਹੋਈ । ਬਾਕੀ ਵਿਚ ਉਨ੍ਹਾਂ ਨੇ ਮੇਰੇ ਪਿਉ ਨੂੰ ੮ ਰੁਪੈ ਮੈਹੀਨੇ ਦਾ ਨੌਕਰ ਹੱਟੀ ਤੇ ਹੁੱਕਾ ਪਾਨੀ ਪਿਆਂਨਤੇ ਆਏ ਗਏ ਦੀ ਟੈਹਲ ਸੇਵਾ ਕਰਨ ਵਾਸਤੇ ਰਖ ਲੀਤਾ । ਸਮਾ ਮਹਿੰਗਾ ਸੀ ਓਹ ਜਨਾਨੀ ਇਸ ਮੁੰਡੇ ਦੀ ਮਾਂ ਤਾਂ ਇਸੇ ਗਮ ਵਿਚ ਮਰਗਈ ਸੀ ਫੇਰ ਏਹ ਨੂੰ ਪਾਲਨਾ ਹੋਰ ਕਿਸ ਨੇ ਸੀ ਸੋ ਇਸਦਾ ਹਾਲ ਇਸੇ ਤਰ੍ਹਾਂ ਭੈੜਾ ਤੇ ਖਰਾਬ ਹੋਚਿਆ ਭੈੜੀ ਤਰ੍ਹਾਂ ਪਲਨ ਵਿਚ ਹੀ ਝੱਲਾ ਤੇ ਬੋਲਾ ਹੋ ਗਿਆ ਪਰ ਖੈਰ ਕੰਮ ਧੰਦਾ ਕਰਦਾ ਰੈਂਹਦਾ ਹੁੰਦਾ ਸੀ । ਜਦ ਉਹਨਾਂ ਦਾ ਰੁਪਈਆ ਪੂਰਾ ਹੋ ਗਿਆ ਫੇਰ ਉਨ੍ਹਾਂ ਨੇ ਮੇਰੇ ਪਿਉ ਨੂੰ ਜੁਆਬ ਦੇ ਦਿੱਤਾ। ਓਹ ਫੇਰ ਓਥੋਂ ਟੁਰ ਕੇ ਤੇ ਓਸੇ ਸੈਹਰ ਵਿੱਚ ਆ ਰਹਿਆ ਜਿਥੇ ਅਸੀਂ ਮਾ ਤੇ ਧੀ ਰਹਿੰਦੀਆਂ ਸਾਂ, ਤੇ ਇਕ ਲਕੜੀਆਂ ਵੇਚਨ ਵਾਲੇ ਕੋਲ ਨੌਕਰ ਆਂਨ ਰਹਿਆ ਓਹ ਉਸ ਕੋਲੋਂ ਆਪਨਾ ਕੰਮ ਭੀ ਸਾਰਾ ਕਰਵਾਂਦਾ ਹੁੰਦਾ ਸੀ ਤੇ ਜਿਥੇ ਕਿਥੇ ਕੋਈ ਹੋਰ ਲਕੜੀ ਖਰੀਦਨ ਵਾਲਾ ਲਕੜੀਆਂ ਸੁਟਾਨਾਂ ਚਾਹੁੰਦਾ ਹੁੰਦਾਸੀ ਓਥੇ ਭੀ ਭੇਜਦੇਂਦਾ ਹੁੰਦਾਸੀ ਤੇ ਏਹ ਮੁੰਡਾ ਤਦੋਂ ਨਾਲ ਹੀ ਸਾਸੂ। ਸ਼ੈਹਰਾਂ ਵਿੱਚ ਕਿਸੇ ਨੂੰ ਕੀਹ ਪਤਾ ਲਗਨਾ ਸੀ । ਏਸੇ ਤਰ੍ਹਾਂ ਰੈਂਹਦਾ ਰਿਹਾ, ਇਕ ਦਿਨ ਮੇਰੀ ਮਾਂ ਨੂੰ ਇਕ ਅਠੂੰਏਂ ਨੇ ਡੰਗ ਮਾਰਿਆ ਤੇ ਬੇ-

ਹੋਸ਼ ਹੋ ਗਈ। ਤਰੈ ਦਿਨ ਇਕੋ ਤਪ ਚੜ੍ਹਿਆ ਰਿਹਾ, ਚੌਥੇ ਦਿਨ ਉਸ ਨੂੰ ਸੰਘੋਂ ਲਹੂ ਆਵਨ ਲਗ ਪਿਆ ਪੰਜਵੇਂ ਦਿਨ ਬਹੁਤ ਘਟ ਗਈ ਤੇ ਮੈਨੂੰ ਕੋਲ ਬੁਲਾ ਕੇ ਕੈਹਨ ਲਗੀ।

(ਮਾਤਾ) ਧੀਏ ਰੁਕੋ (ਅਖੀਆਂ ਵਿਚ ਅੱਥਰੂ ਭਰ ਕੇ) ਹੁਨ ਤੂੰ ਕੀਹ ਕਰੇਂਗੀ ਮੈਂ ਤਾਂ ਹੁਨ ਨਹੀਂ ਬੱਚਦੀ ਜਾਪਦੀ ਤੇਰਾ ਵਿਵਾਹ ਦੇਖ ਲੈਂਦੀ ਤਾਂ ਮੈਂ ਬੜੀ ਰਾਜੀ ਹੋਕੇ ਮਰਦੀ ਹੋਰ ਕੀਹ ਮੈਂ ਬਨਾਨਾ ਸੀ ॥

(ਰੁਕੋ) ਮਾਤਾ ਜੀ ਦਾ ਏਹ ਹਾਲ ਦੇਖ ਕੇ ਮੈਨੂੰ ਭੀ ਬੜੀ ਚਿੰਤਾ ਹੋਈ। ਤੇ ਮੇਰੇ ਅੱਥਰੂ ਭਰ ਗਏ। ਤੇ ਮੈਂ ਹੱਥ ਜੋੜ ਕੇ ਆਖਿਆ ਮਾਤਾ ਜੀ ਤੁਸੀਂ ਅਜੇਹੀਆਂ ਗਲਾਂ ਕਿਉਂ ਕਰਨ ਲਗ ਪਏ ਹੋ। ਤੁਸੀਂ ਮੈਨੂੰ ਕਿਧਰੇ ਬਿਲੇ ਲਾਕੇ ਤੇ ਫੇਰ ਚੱਲਨ ਦਾ ਨਾ ਲੈਂਨਾ। ਮੈਂ ਤਾਂ ਤੁਹਾਡੇ ਬਿਨਾਂ ਰੋਂਦੀ ਹੀ ਮਰਜਾਵਾਂਗੀ। ਤੁਸੀਂ ਹੋਸ਼ ਕਰੋ ਕੁਛ ਖਾਂਨ ਪਾਨ ਵਾਸਤੇ ਦਸੋ ਤਾਂ ਮੈਂ ਹੁਨੇ ਬਨਾਵਾਂ ॥

(ਮਾਤਾ) ਪਿਆਰੀ ਧੀਏ ਰੁਕੋ ਮੈਂ ਝੂਠ ਨਹੀਂ ਆਖਦੀ ਹੁਨ ਮੈਂਨੂੰ ਮਾਲੂਮ ਹੁੰਦਾ ਹੈ ਕੇ ਮੈਂ ਨਹੀਂ ਬਚਾਂਗੀ। ਤੂੰ ਸੇਠਨੀ ਜੀ ਨੂੰ ਸਦ ਤੇ ਮੈਂ ਤੇਰੀ ਬਾਂਹ ਉਸ ਨੂੰ ਪਕੜਾ ਜਾਵਾਂ। ਸ੍ਵਾਸਾਂ ਦਾ ਕੀਹ ਭਰੋਸਾ ਹੈ। ਫੇਰ ਦਿਲ ਦੀ ਦਿਲ ਵਿਚ ਨਾ ਰਹ ਜਾਏ, ਹੋਰ ਮੈਨੂੰ ਤੇਰਾ ਕੋਈ ਫਿਕਰ ਨਹੀਂ ਤੇ ਨਾ ਹੀ ਮੈਨੂੰ ਕਿਸੇ ਅਪਨੇ ਸਾਕ ਅੰਗ ਦੀ ਮੋਹ ਮਾਇਆ ਹੈ। ਮੈਂ ਹੱਛੀ ਤਰ੍ਹਾਂ ਜਾਨਨੀ ਹਾਂ ਕੇ ਸੇਠ ਹੋਰੀ ਜੋ ਜੋ ਕੰਮ ਕਰ

ਚੁਕੇ ਨੇ ਤੇ ਕਰਨਗੇ ਸਭ ਤੈਂਨੂੰ ਸੁਖ ਦੇਵਨਗੇ, ਸੇਠਨੀ ਜੀ ਦੀ ਪਰੀਤੀ ਤਾਂ ਮੈਂ ਅਪਨੇ ਨਾਲੋਂ ਤੇਰੇ ਨਾਲ ਵਧੀਕ ਦੇਖਦੀ ਹਾਂ ਤੇ ਹੈ ਭੀ। ਸੋ ਮੇਰੇ ਭੈੜੇ ਦਿਲ ਨੂੰ ਤਾਂ ਖਾਲੀ ਇਸ ਗਲ ਦੀ ਚਿੰਤਾ ਲਗ ਰਹੀ ਹੈ ਕੇ ਮੈਂ ਤੈਂਨੂੰ ਅਪਨੇ ਘਰ ਵਸ ਦਿਆਂ ਨਹੀਂ ਡਿਠਾ। ਹੱਛਾ ਜੋ ਉਸਦੀ ਮਰਜੀ ਸੋਈ ਠੀਕ ਹੈ। ਕਿਸੇ ਦੇ ਕੀਹ ਵਸ ਹੈ ਕਿੱਥੇ ਨੇ ਸੇਠਨੀ ਹੋਰੀ। ਉਨਾ ਨੂੰ ਜੇ ਜਾਗਦੀਆਂ ਨੇ ਤੇ ਬੁਲਾ ਲਿਆ ਖਾਂ॥

ਏਹ ਸੁਣਕੇ ਮੈਂ ਸੇਠਨੀ ਹੋਰਾਂ ਵਲ ਗਈ ਤੇ ਜਾਕੇ ਇਸ ਤਰ੍ਹਾਂ ਕੈਹਾ॥

(ਰੁਕੋ) ਬੇਬੇ ਜੀ ਤੁਹਾਨੂੰ ਤੇ ਮਾਂ ਪਈ ਯਾਦ ਕਰਦੀ ਹੈ ਤੇ ਕੈਂਹਦੀਏ ਜਾ ਬੁਲਾ ਸੂ ਇਸ ਵਾਸਤੇ ਮੈਂ ਤੁਹਾਡੇ ਕੋਲ ਆਈ ਹਾਂ॥

(ਸੇਠਨੀ) ਜੋ ਆਪਨੀ ਸੰਥਾ ਯਾਦ ਕਰ ਰਹੀ ਸੀ ਪੁਸਤਕ ਨੂੰ ਸੰਤੋਖ ਕੇ ਤੇ ਈਸ਼ਰ ਈਸ਼ਰ ਈਸ਼ਰ ਆਖ ਕੇ ਪੁਛਨ ਲਗੀ। ਰੁਕੋ ਹੁਣ ਮਾਈ ਦਾ ਕੀਹ ਹਾਲ ਹੈ ਹੋਸ਼ ਵਿਚ ਹੈ ਨਾਂ।

(ਰੁਕੋ) ਬੇਬੇ ਜੀ ਮੈਂ ਕੀਹ ਦਸਾਂ ਓਹ ਤਾਂ ਘੜੀ ਮੁੜ ਇਹੋ ਕੈਹੰਦੀ ਹੈ ਰੁਕੋ ਹੁਣ ਨਹੀਂ ਮੈਂ ਬਚਨਾ। ਮੈਂ ਤਾਂ ਕੋਲ ਬੈਠ ਕੇ ਅਜੇਈਆਂ ਗਲਾਂ ਸੁਣ ਸੁਣ ਕੇ ਸਰੋਂ ਐਵੇਂ ਬੇ ਅਰਥ ਪਈ ਰੋਨੀ ਹਾਂ। ਤੁਸੀ ਚਲੋ ਖਾਂ ਚਲ ਕੇ ਹੌਂਸਲਾ ਤੇ ਦਿਓ ਸੂ।

(ਸੇਠਨੀ) ਮੇਰੇ ਨਾਲ ਓਸ ਅੰਦਰ ਆਕੇ ਜਿਥੇ ਮਾਤਾ ਜੀ ਲੇਟੇ ਹੋਏ ਸੀ ਇਸਤਰ੍ਹਾਂ ਕੈਹਨ ਲਗੀ ਮਾਈ ਜੀ ਹੇ ਮਾਈ

ਜੀ ਸੁਨਾਓ ਹੁਣ ਕੀਹ ਹਾਲ ਹੈ ਤੁਸੀ ਹਛੀ ਤਰ੍ਹਾਂ ਅਪਨਾ ਹਾਲ ਹਵਾਲ ਦਸੋ ਤਾਂ ਫੇਰ ਓਸੇ ਤਰ੍ਹਾਂ ਦਾ ਇਲਾਜ ਕਰਾਈਏ ॥

(ਮਾਤਾ) ਧੀਏ ਪਰਮੇਸ਼ਰ ਤੈਨੂੰ ਭਾਗ ਲਾਵੇ ਸਦਾ ਸੁਹਾਗਨ ਰਖੇ ਸਤ ਪੁਤਰੀ ਕਰੇ ਮੈਂ ਕੋਈ ਅਪਨਾ ਹਾਲ ਦਸਨ ਵਿਚ ਸ਼ਰਮ ਤੇ ਨਹੀਂ ਕੀਤੀ ਮੇਰੀ ਦੇਹੀ ਹੁਣ ਪੁਰਾਣੇ ਚਰਖੇ ਵਾਙਣ ਹੋ ਗਈਏ ਹੁਣ ਏਹ ਕਿਸੇ ਕਮ ਜੋਗੀ ਨਹੀਂ ਸੋ ਹੁਣ ਇਹੋ ਪਇਆ ਸੁਝਦਾ ਹੈ ਕੇ ਹੋਰ ਇਕ ਦੋ ਦਿਨਾਂ ਵਿਚ ਜਮਦੂਤ ਲੈਜਾਂਵਣਗੇ ਤੇ ਕਿਸੇ ਭੈੜੀ ਜੂਨ ਵਿਚ ਜਾ ਜਨਮ ਲਵਾਂਗੀ। ਧੀਏ ਮੈਂ ਤਾਂ ਏਹ ਹੀ ਹੱਥ ਜੋੜਨੀ ਹਾਂ ਕੇ ਈਸ਼ੁਰ ਜੇ ਕਿਸੇ ਭੈੜੀ ਜੂਨ ਵਿਚ ਵੀ ਪਾਵੇ ਤੇ ਕਿਸੇ ਤੁਹਾਡੇ ਜਹੇ ਦੇ ਚਰਨਾਂ ਵਿਚ ਰੱਖੇ ॥

(ਸੇਠਨੀ) ਮਾਈ ਜੀ ਤੁਸੀ ਬੜੇ ਧਰਮ ਵਾਲੇ ਸ਼ਰੀਰ ਹੋ ਤੁਸਾਡੀ ਕਲਿਆਣ ਈਸ਼ੁਰ ਕਰੇਗਾ ਏਹ ਗਲਾਂ ਛਡੋ ਤੇ ਮੈਨੂੰ ਦਸੋਖਾਂ ਕਿਸੇ ਚੀਜ ਦੀ ਆਸ਼ਾ ਹੈਜੇ ਜੋ ਤੁਸੀ ਹੁਕਮ ਕਰੋ ਹੁਣੇ ਪੂਰਾ ਕਰਦਿਆਂ। ਦਸੋ ਹੁਣ ਫੇਰ ਵੇਲਾ ਜੇ ॥

(ਮਾਤਾ) ਧੀਏ ਏਹ ਸੁਣ ਮੈਂ ਤੈਨੂੰ ਦਸਨੀਹਾਂ। ਜੇ ਮੈਂ ਮਰਗਈ ਤਾਂ ਮੇਰੀ ਧੀਨੂੰ ਅਪਨੀ ਧੀ ਜਾਨ ਕੇ ਤੇ ਕਿਧਰੇ ਥਿਲੇ ਲਾਈਂ। ਤੇ ਫੇਰ ਭੀ ਇਸਦੀ ਪਾਲਣਾ ਕਰਦੀ ਰਹੀਂ ਹੋਰ ਮੈਂ ਹੁਣ ਕੀਹ ਆਖਾਂ ਬਸ ਤੇ ਭਗਵਾਨ ਦੇ ਵਸ ॥

(ਸੇਠਨੀ) ਮੇਰੀ ਬਾਂਹ ਪਕੜ ਕੇ ਤੇ ਮਾਈ ਵਲ ਧਿਆਨ ਕਰਕੇ ਮਾਈ ਜੀ ਏਹ ਰੁਕੋ ਤਾਂ ਮੇਰੀ ਭੈਨ ਹੈ ਪਰ ਅਜ ਜੋ

ਤੁਸਾਂ ਮੈਨੂੰ ਏਹ ਹੁਕਮ ਕੀਤਾ ਹੈ ਕੇ ਏਹਨੂੰ ਅਪਨੀ ਧੀ ਜਾਣੀ ਤੁਹਾਨੂੰ ਕੋਈ ਮੇਰੀ ਤੇ ਰੁਕੋ ਦੀ ਪਰੀਤੀ ਵਿਚ ਸੰਸ਼ਾ ਹੋਇਆ ਹੈ, ਕਿਉਂ ਰੁਕੋ ਤੂੰ ਦਸਖਾਂ ਤੂੰ ਕਦੀ ਮੈਨੂੰ ਅਪਨੇ ਨਾਲ ਗੁਸੇ ਯਾਂ ਤੰਗ ਹੁੰਦਿਆਂ ਡਿਠਾ ਹੈ । ਸੇਠ ਹੋਰਾਂ ਨੇ ਰੁਕੋ ਨੂੰ ਭੈਨ ਆਖਿਆ ਹੋਇਆ ਹੈ ਮੈਂ ਤਾਂ ਉਸੇ ਦਿਨ ਦੀ ਇਸ ਨੂੰ ਸੇਠ ਹੋਰਾਂਦੀ ਤੇ ਆਪਣੀ ਸਕੀ ਭੈਨ ਜਾਨਦੀ ਹਾਂ ॥

(ਮਾਤਾ) ਧੀਏ ਮੈਨੂੰ ਕੋਈ ਸੰਸ਼ਾ ਨਹੀਂ ਮੈਂ ਰੁਕੋ ਨੂੰ ਅਪਨੀਆਂ ਅਖੀਆਂ ਸਾਮਨੇ ਤੇਰੀ ਸਪੁਰਦ ਕਰਨੀ ਹਾਂ । ਰੁਕੋ ਏਹ ਤਾਂ ਜਾਨੇਗੀ ਕੇ ਮੇਰੀ ਮਾਂਦੀ ਮੇਰੇ ਨਾਲ ਪਰੀਤੀ ਅੰਤ ਤਕ ਰਹੀ ਹੈ । ਨਾਲੇ ਧੀਏ ਹੁਣ ਰੁਕੋ ਨੂੰ ਤੁਸਾਂ ਬਾਬੂ ਮਦਨਗੋਪਾਲ ਨਾਲ ਵਿਵਾਹ ਦੇਨਾ ਕਿਉਂ ਜੋ ਧੀ ਕਿਧਰੇ ਦੁਖੀ ਨਾਂ ਹੋਵੇ ਤਾਂ ਮਾਪਿਆਂ ਨੂੰ ਸਦਾ ਹੀ ਆਨੰਦ ਹੁੰਦਾ ਹੈ ॥

(ਸੇਠਨੀ) ਮਾਈ ਜੀ ਤੁਸੀਂ ਕੀਹ ਗਲਾਂ ਕਰਦੇ ਹੋ ਅਗੇ ਕਦੀ ਕਿਸੇਨੂੰ ਅਨੂੰਏਂ ਨਹੀਂ ਲੜੇ ਇਕ ਦੋ ਦਿਨਦੀ ਤਕਲੀਫ਼ ਹੈ ਸੀ ਸੋ ਹੁਣ ਪੰਜ ਦਿਨ ਹੋ ਗਏ ਨੇ ਅਰਾਮ ਹੋ ਜਾਵੇਗਾ। ਤੁਸੀਂ ਰੁਕੋ ਦੇ ਵਿਵਾਹ ਵਿਚ ਸਭ ਕੁਛ ਆਪ ਅਪਨੀ ਹਥੀਂ ਕਰਨਾ ਪਰਮੇਸ਼ੁਰ ਕੋਲੋਂ ਸਦਾ ਸ਼ੁਭ ਸ਼ੁਭ ਮੰਗਿਆ ਕਰੋ ॥

(ਮਾਂ) ਧੀਏ ਨੂਏਂ ਤੋ ਮੈਨੂ ਵੀ ਕਈ ਵੇਰੀ ਲੜੇ ਨੇ ਪਰ ਐਹ ਜੇਹੜਾ ਸੰਘੋ ਲਹੂ ਆਵਨ ਲਗ ਪਿਆ ਏ ਏਹ ਮੌਤ ਦਾ ਸਨੇਹਾ ਹੁੰਦਾ ਹੈ ਇਸਦੇ ਆਵਨ ਨਾਲ ਮੇਰੀ ਉਮਰ ਦੀ ਜਨਾਨੀ ਯਾਂ ਮਰਦ ਵੀਹ ਵਿਸਵੇ ਤਾਂ ਮਰ ਹੀ ਜਾਂਦੇ ਨੇ ਤੇ ਮੈਨੂੰ

ਕੋਈ ਮਰਨ ਦਾ ਡਰ ਤੇ ਨਹੀਂ ਧੀਏ ਅਜ ਵੀ ਚਲਣਾਂ ਹੋਰ ਵਰੇ ਦਿਨ ਨੂੰ ਭੀ ਚਲਨਾ ਅਕਸਰ ਮਰਨਾ ਹੀ ਹੈ ਨਾਂ ਸੋ ਫੇਰ ਮਰਨ ਦਾ ਕੀਹ ਡਰ ਹੈ ਜਦ ਭਗਵਾਨ ਬੁਲਾਵੇ ਤਦ ਹੀ ਸਹੀ ਮੈਨੂੰ ਜੋ ਚਿੰਤਾ ਹੈਸੀ ਸੋ ਮੈਂ ਤੈਨੂੰ ਹੁਣ ਦਸ ਛਡੀ ਹੈ, ਹੁਣ ਮੈਨੂੰ ਕਿਸੇ ਚੀਜ ਦੀ ਲੋੜ ਨਹੀਂ ਤੁਸੀ ਹੁਣ ਅਪਨੀ ਤਸੱਲੀ ਕਿਸੇ ਸਿਆਨੇ ਨੂੰ ਬੁਲਾਕੇ ਤੇ ਕਰ ਲੌ ਕਿਉਂ ਜੋ ਮੈਂ ਹੁਨ ਘੜੀ ਘੜੀ ਹਿਠਾਂ ਹਿਠਾਂ ਹੀ ਹੁੰਦੀ ਜਾਂਦੀ ਜੇ ॥

(ਸੇਠਨੀ) ਲੱਖੀ ਲੱਖੀ ਵੇ ਲੱਖੀ (ਏਹ ਗਲੀ ਵਿਚ ਇਕ ਗਰੀਬਣੀ ਦਾ ਪੁਤਰ ਸੀ) ਬੁਲਾਕੇ ਕੈਹੋ ਸੂ, ਬੀਬਾ ਜਾਖਾਂ ਹੱਟੀ ਤੇ ਸੇਠ ਹੋਰਾਂ ਨੂੰ ਆਖ ਕੇ ਮਾਈ ਦੇ ਸੰਘੋ ਲਹੂ ਜਾਂਵਦਾ ਹੈ ਕਿਸੇ ਹਕੀਮ ਨੂੰ ਲੈਕੇ ਤੇ ਘਰ ਆਵਣ ॥

(ਲਖੀ) ਹੱਛਾ ਜੀ ਏਹ ਲੌ ਮੈਂ ਹੁਣੇ ਗਿਆ ਤੇ ਝਟ ਹੱਟੀ ਵਲ ਭੱਜ ਗਿਆ । ਜਾਕੇ ਤੇ ਸੇਠ ਹੋਰਾਂ ਨੂੰ ਕੈਹਿਓ ਸੂ, ਸੇਠ ਜੀ ਮਾਈ ਹੋਰਾਂ ਦੇ ਸੰਘੋਂ ਲਹੂ ਆਵਨ ਲਗ ਪਿਆ ਹੈ ਤੇ ਸੇਠਨੀ ਜੀ ਨੇ ਆਖਿਆ ਹੈ ਕਿਸੇ ਹਕੀਮ ਨੂੰ ਲੈਕੇ ਤੇ ਘਰ ਆਵੋ ॥

(ਸੇਠ) ਏਹ ਸੁਨਕੇ ਤੇ ਦਿਲ ਵਿਚ ਸੋਚ ਕੇ ਲਹੂ ਆਵਨਾ ਬੜਾ ਭੈੜਾ ਹੈ। ਕੈਹਨ ਲਗੇ ਤੂੰ ਚਲ ਕੇ ਆਖ ਮੈਂ ਕੈਹ ਆਇਆਂ ਤੇ ਓਹ ਹਕੀਮ ਨੂੰ ਲੈਕੇ ਤੇ ਆਂਵਦੇ ਨੇ। ਲੱਖੀ ਤਾਂ ਭੱਜਕੇ ਘਰ ਨੂੰ ਗਿਆ ਤੇ ਸਨੇਹਾ ਜਾ ਦਿੱਤੋ ਸੂ। ਤੇ ਸੇਠ ਹੋਰੀ ਉਠ ਕੇ ਹਰਗੋਪਾਲ ਤੇ ਮਦਨ ਗੋਪਾਲ ਹਕੀਮਾਂ

ਵਲ ਚਲੇ ਗਏ। ਤੇ ਦੁਵਾਂ ਨੂੰ ਬੁਲਾ ਕੇ ਤੇ ਘਰ ਲੈ ਗਏ॥

ਜਦ ਦੁਵਾਂ ਨੇ ਜਾਕੇ ਦੇਖਿਆ ਤਾਂ ਮਾਲੂਮ ਹੋਇਆ ਕੇ ਜ਼ਹਰ ਦਾ ਅਸਰ ਬਹੁਤ ਹੋ ਗਿਆ ਹੋਇਆ ਹੈ ਤੇ ਦਵਾਈ ਕੁਛ ਫ਼ਾਇਦਾ ਕਰ ਨਹੀਂ ਸਕਦੀ। ਤੇ ਫੇਰ ਦੁਵਾਂਨੇ ਉਰੇ ਹੋਕੇ ਤੇ ਸੇਠ ਹੋਰਾਂ ਨੂੰ ਕੈਹਾ ਕੇ ਮਾਈ ਹੁਨ ਬਚੇਗੀ ਨਹੀਂ ਮਸਾਂ ਇਕ ਦਿਨ ਸਵਾਸ ਲਏਗੀ। ਜ਼ਹਰ ਜ਼ੋਰ ਵਿਚ ਹੋਗਿਆ ਹੋਇਆ ਹੈ, ਤੁਸੀਂ ਕੁਛ ਪੁੰਨ ਦਾਨ ਕਰਵਾਨਾ ਹੈ ਤਾਂ ਕਰਾਓ, ਤੇ ਥੋੜਾ ਥੋੜਾ ਅਰਕ ਜਵੈਨ ਪਾਨੀ ਦੀ ਜਗਾ ਦੇਂਦੇ ਰਹੋ। ਤੇ ਸਾਨੂੰ ਹੁਨ ਆਗਿਆ ਦਿਓ॥

ਸੇਠ ਹੋਰੀ ਉਨ੍ਹਾਂ ਨੂੰ ਟੋਰ ਕੇ ਤੇ ਆਪ ਅੰਦਰ ਆਏ ਤੇ ਸੇਠਨੀ ਨੂੰ ਬੁਲਾ ਕੇ ਜੋ ਜੋ ਹਾਲ ਹੈਸੀ ਸਭ ਸਮਝਾ ਦਿੱਤਾ। ਤੇ ਕੈਹਾ ਕੇ ਮਾਈ ਹੁਨ ਨਹੀਂ ਬਚੇਗੀ। ਸੋ ਹੁਨ ਤੂੰ ਰੁਕੋ ਨੂੰ ਗਿਆਨ ਉਪਦੇਸ਼ ਕਰਨ ਲਗ ਪਉ ਤਾਂ ਕੇ ਰੁਕੋ ਫੇਰ ਹੈਰਾਂਨ ਤੇ ਦੁਖੀ ਨਾ ਹੋਵੇ। ਏਹ ਗਲ ਕੈਹ ਕੇ ਤੇ ਆਪ ਅਰਕ ਲੈਂਨ ਵਾਸਤੇ ਚਲੇ ਗਏ ਤੇ ਰੁਕੋ ਤੇ ਸੇਠਨੀ ਜੀ ਮਾਈ ਕੋਲ ਜਾਬੈਠੀਆਂ ਤੇ ਇਸ ਤਰ੍ਹਾਂ ਗਲਾਂ ਕਰਨ ਲਗੀਆਂ॥

(ਸੇਠਨੀ) ਰੁਕੋ ਮਦਨਗੋਪਾਲ ਹੋਰਾਂਦਾ ਦਰਸ਼ਨ ਤਾਂ ਅੱਜ ਭੀ ਹੋ ਗਿਆ ਹੈ। ਪਰ ਹੁਨ ਮਦਨਗੋਪਾਲ ਹੋਰੀ ਸ਼ਰਮ ਕਰਨ ਲਗ ਪਏ ਨੇ। ਏਹ ਸਮਝ ਕੇ ਜੋ ਅਸਾਂ ਹੁਨ ਇਸ ਘਰ ਢੁੱਕਨਾ ਹੈ। ਤੇਰੇ ਦਿਲ ਵਿੱਚ ਤੇ ਅੱਜਵੀ ਕੁਛ ਪਰਸ਼ਨ ਪੁੱਛਨ ਦੀ ਸਲਾਹ ਹੋਈ ਹੋਵੇਗੀ॥

(ਮੈ) ਬੇਬੇ ਜੀ ਭਲੇ ਪੁਰਸ਼ਾਂ ਦੇ ਦਰਸ਼ਣ ਤੇ ਗਿਆਨ ਉਪਦੇਸ਼ ਨਾਲ ਕਦੀ ਛਿੱਝ ਭਰ ਘੱਤਦਾ ਹੈ ਏਹ ਤਾਂ ਸਦਾ ਹੀ ਵੱਦ ਤੋਂ ਵਦ ਚੇਸ਼ਟਾ ਉਤਪੰਨ ਕਰਦੇ ਰੈਂਹਦੇ ਨੇ। ਪਰ ਹੁਨ ਤਾਂ ਮੈਨੂੰ ਭੀ ਕੋਈ ਕਿਸੇ ਤਰ੍ਹਾਂ ਦੀ ਚਿਤਵਨਾਂ ਨਹੀਂ ਹੋਈ ਮੇਰਾ ਧਿਆਨ ਮਾਤਾ ਜੀ ਵਲ ਹੈ। ਤੇ ਮੈਂ ਦੇਖ ਦੇਖ ਪਈ ਵਿਚਾਰਨੀ ਹਾਂ ਕੇ ਹੁਨ ਮਾਤਾ ਜੀ ਕਿਸ ਤਰ੍ਹਾਂ ਦੁਖ ਪਾ ਰਹੇ ਨੇ। ਬੇਬੇ ਜੀ ਸ਼ਰੀਰ ਨਾਲ ਕਈ ਤਰ੍ਹਾਂ ਦੇ ਝਗੜੇ ਜੀਵ ਨੂੰ ਕਰਨੇ ਪੈਂਦੇ ਨੇ ਪਰ ਏਹ ਸ਼ਰੀਰ ਜੀਵ ਨਾਲ ਕਦੀ ਜਾਂਦਾ ਭੀ ਹੈ॥

(ਰੁਕੋ) ਰੁਕੋ ਤੂੰ ਕਹੀਆਂ ਭੋਲੀਆਂ ਗਲਾਂ ਕਰਨੀ ਹੈਂ। ਏਹ ਪਰੀਤੀ ਜੀਵ ਦੀ ਸ਼ਰੀਰ ਨਾਲ ਨਹੀਂ ਹੁੰਦੀ। ਜੀਵ ਅਪਨੇ ਆਪਨੂੰ ਸੁਖੀ ਰੱਖਣ ਵਾਸਤੇ ਸਰੀਰਦੀ, ਸਭ, ਸਨਤ, ਬਨਤ ਬਣਾਂਦਾ ਰਹਿੰਦਾ ਹੈ। ਇਸ ਤਰ੍ਹਾਂ ਜਿਸ ਤਰ੍ਹਾਂ ਘਰ ਪੁੱਤਰ ਕੱਪੜੇ ਇਸਤਰੀ ਤੇ ਸੰਬੰਧੀਆਂ ਨਾਲ ਪਰੀਤ ਹੋ ਜਾਂਦੀ ਹੈ। ਤੇ ਫੇਰ ਵਿਛੜਣ ਲਗਿਆਂ ਬੜੀ ਦੁਖਦਾਈ ਹੁੰਦੀ ਹੈ। ਜੀਵ ਦੀ ਪਰੀਤੀ ਦੇਹੀ ਨਾਲ ਸੁਖ ਸਨਬੰਧ ਕਰ ਕੇ ਵਧ ਜਾਂਦੀ ਹੈ। ਫੇਰ ਦੇਹਾਂਤ ਦੇ ਵੇਲੇ ਬੜੀ ਦੁਖਦਾਈ ਹੁੰਦੀ ਹੈ। ਜੀਵ ਨੂੰ ਚਾਹੀਦਾ ਏ ਜੋ ਪਰੀਤ ਜਥਾਜੋਗ ਰਖੇ ਅਥਵਾ ਨਾ ਬਹੁਤੀ ਤੇ ਨਾ ਥੋੜੀ। ਜਦ ਤਕ ਸਨਬੰਧ ਬਨਿਆਂ ਰਹੇ ਉਸਨੂੰ ਰੀਤੀ ਅਨੁਸਾਰ ਕਰਦਾ ਰਹੇ। ਜਦ ਵਿਛੋੜਾ ਹੋ ਜਾਵੇ ਤਾਂ ਚਿੰਤਾ ਨਾ ਕਰੇ॥

(ਮੈ) ਬੇਬੇ ਜੀ ਅਕਸਰ ਜਦ ਇਕ ਚੀਜ ਅਥਵਾ

ਜੀਵ ਨਾਲ ਪਰੀਤੀ ਹੋ ਜਾਂਦੀ ਹੈ ਤਾਂ ਵਿਛੜਨ ਦਾ ਹੋਰਵਾ ਤਾਂ ਜਰੂਰ ਹੀ ਲਗਦਾ ਹੈ ਨਾਂ ਨਹੀਂ ਤਾਂ ਫੇਰ ਲੋਕ ਵਿਛੋੜੇ ਨੂੰ ਕਿਉਂ ਰੋਂਵਦੇ ਨੇ ॥

(ਸੇਠਨੀ) ਰੁਕੋ ਏਹ ਤਾਂ ਸਾਰਾ ਸੰਸਾਰ ਜਾਨਦਾ ਹੈ ਕੇ ਜੋ ਆਦਮੀ ਅਥਵਾ ਇਸਤਰੀ ਮਰਜਾਂਦੀ ਹੈ ਫੇਰ ਉਸ ਨੂੰ ਰੋ ਰੋ ਕੇ ਯਾਦ ਕਰਨ ਨਾਲ ਓਹ ਕਦੀ ਭੀ ਨਹੀਂ ਆਂਵਦੀ ਤੇ ਨਾ ਹੀ ਓਹ ਦੇਖਦੀ ਹੈ ਕੇ ਮੈਨੂੰ ਪਿਛਲੇ ਬੜੇ ਦੁਖੀ ਹੋ ਹੋ ਰੋਂਦੇ ਨੇ । ਖਾਲੀ ਲੌਕਕ ਵਿਵਹਾਰ ਪੂਰਾ ਕਰਣ ਨੂੰ ਰੋਂਨੇ ਤੇ ਝਾਟੇ ਖੋਹਣੇ ਬਣੇ ਹੋਏ ਨੇ। ਜੋ ਬੁੱਧੀਵਾਂਨ ਜੀਵ ਹੈਨ ਹੁਣ ਓਹ ਤਾਂ ਕਦੀ ਭੀ ਇਸ ਗਲ ਦੀ ਚਿੰਤਾ ਨਹੀਂ ਕਰਦੇ । ਤੂੰ ਏਹ ਤਾਂ ਦੇਖਿਆ ਹੈ ਕੇ ਨਾ ਕੇ ਜਿਸ ਜੁਆਨ ਇਸਤਰੀ ਦਾ ਪਹਲਾ ਬੱਚਾ ਵਰਹੇ ਯਾ ਦੂੰ ਦਾ ਹੋਕੇ ਮਰਜਾਂਦਾ ਹੈ ਉਸ ਨੂੰ ਰੋਂਣ ਭੀ ਨਹੀਂ ਆਂਵਦਾ ਤੇ ਨਾ ਹੀ ਉਸ ਨੂੰ ਰੋਵਨ ਦੇਂਦੀਆਂ ਨੇ । ਤੇ ਜਦ ਓਹ ਵਡੀ ਹੁੰਦੀ ਹੈ ਤੇ ਉਸਦਾ ਕੋਈ ਪੁਤ ਯਾਂ ਪੋਤਾ ਮਰਦਾ ਹੈ ਤਾਂ ਫੇਰ ਕਈ ਮਹੀਨੇ ਰੋਨਾ ਹੀ ਪਿਆ ਰਹਿੰਦਾ ਹੈ ॥ ਇਸ ਤਰ੍ਹਾਂ ਜੁਆਨ ਪਿਓ ਮਾਂ ਨੂੰ ਪੁਤਰ ਧੀਆਂ ਰੋਂਦੇ ਨੇ ਤੇ ਬੁਢੇ ਨੂੰ ਹਸ ਹਸ ਕੇ ਸਾਜ਼ ਫੂਕ ਆਉਂਦੇ ਨੇ ਜੇ ਏਹ ਪਰੀਤੀ ਇਕੋ ਜਹੀ ਹੁੰਦੀ ਤਾਂ ਸਭ ਵੇਲੇ ਇਕੋ ਜਹੇ ਰੈਹਿੰਦੇ ॥ ਲੋਕ ਲੌਕਿਕ ਵਿਹਾਰ ਕਰਕੇ ਝੂਠਦੀਆਂ ਪੰਡਾਂ ਅਪਨੇ ਉੱਪਰ ਚੁਕ ਲੈਂਦੇਨੇ ਤੇ ਕਰਨੀ ਪਰਵਾਨ ਨ ਕਰਕੇ ਦੁਖ ਪਾਂਦੇ ਰੈਂਹਦੇ ਨੇ। ਬੁੱਧੀ

ਮਾਨ ਜੀਵ ਈਸ਼ੁਰ ਕਰਨੀ ਨੂੰ ਸਦਾ ਹੀ ਅੱਛਾ ਜਾਂਣਦੇ ਨੇ। ਤੇ ਆਏ ਯਾ ਗਏ ਦਾ ਹਰਖ ਸੋਗ ਨਹੀਂ ਕਰਦੇ। ਤੂੰ ਭੀ ਤਾਂ ਪੜ੍ਹ ਚੁਕੀ ਹੈਂ ਕੇ ਈਸ਼ੁਰ ਨਿਆਏ ਕਾਰੀ ਹੈ। ਜਦ ਅਪਨੇ ਨਿਆਏਂ ਦੁਵਾਰਾ ਓਹ ਕਿਸੇ ਜੀਵ ਨੂੰ ਇਕ ਦੇਹੀ ਵਿਚੋਂ ਦੂਸਰੀ ਦੇਹੀ ਵਿਚ ਭੇਜਦਾ ਹੈ। ਤਾਂ ਫੇਰ ਉਸਦੇ ਨਿਆਂ ਉਤੇ ਆਦਮੀ ਨੂੰ ਕਿਉਂ ਚਿੰਤਾ ਤੇ ਰੁਧਨ ਕਰਨਾ ਚਾਹੀਦਾ ਹੈ। ਮੂਰਖ ਲੋਗ ਰੋ ਰੋ ਕੇ ਅਪਨਾ ਆਪ ਖਰਾਬ ਤੇ ਨਕੰਮਾਂ ਕਰ ਲੈਂਦੇ ਨੇ। ਬਹੁਤ ਮਾਵਾਂ ਤੇ ਧੀਆਂ ਨੂੰ ਰੋਗ ਹੋ ਜਾਂਦੇ ਨੇ। ਤੇ ਬਾਕੀ ਸਰੀਰ ਉਪਰ ਪਏ ਦੁੱਖ ਪਾਂਦੇ ਨੇ। ਸੋ ਰੁਕੋ ਜਦ ਕੋਈ ਜੀਵ ਇਸ ਦੇਹੀ ਤੋਂ ਦੂਸਰੀ ਦੇਹੀ ਵਿਚ ਜਾਵੇ ਕਦੀ ਭੀ ਸੋਗ ਨਹੀਂ ਕਰਨਾ ਚਾਹੀਦਾ। ਹਾਂ ਇਨਾਂ ਜਰੂਰ ਵਿਚਾਰਨਾ ਜੋਗ ਹੁੰਦਾ ਹੈ। ਕੇ ਜਿਸ ਤਰ੍ਹਾਂ ਓਹ ਜੀਵ ਕੋਈ ਪਿਆਰੀ ਚੀਜ ਯਾ ਜੀਵ ਅਪਨੇ ਨਾਲ ਨਹੀਂ ਲੈਜਾ ਸੱਕਦਾ ਇਸੇ ਤਰ੍ਹਾਂ ਕੋਈ ਭੀ ਨਹੀਂ ਲੈ ਜਾਵੇਗਾ। ਸੋ ਇਸ ਵਿਚਾਰ ਤੋਂ ਸਭ ਜੀਵ ਮਾਤਰ ਨੂੰ ਗਿਆਨ ਸਿੱਖਨਾਂ ਜਰੂਰੀ ਹੁੰਦਾ ਹੈ। ਕੇ ਓਹ ਭੀ ਵਿਚਾਰ ਕੇ ਹਰ ਇੱਕ ਨਾਲ ਰੀਤੀ ਅਨੁਸਾਰ ਪਰੀਤੀ ਰਖੇ, ਤਾਂ ਫੇਰ ਉਸ ਨੂੰ ਕੋਈ ਦੁੱਖ ਨਹੀਂ ਲੱਗਦਾ ॥

(ਮੈਂ) ਬੇਬੇ ਜੀ ਸਚ ਆਖਿਆ ਜੇ। ਪਰਮਾਤਮਾ ਦੀ ਕੀਤੀ ਨੂੰ ਕਦੀ ਭੀ ਬੁਰਾ ਨਹੀਂ ਮਨਨਾ ਚਾਹੀਦਾ। ਲੌਕਿਕ ਵਿਵਹਾਰ ਭੀ ਸਤ ਅਸਤ ਦੇਖਕੇ ਤੇ ਵਿਚਾਰਕੇ ਕਰਨੇ ਚਾਹੀਦੇ ਨੇ ਜਿਸ ਲੌਕਿਕ ਵਿਵਹਾਰ ਤੋਂ ਈਸ਼ਰ ਪਰਮਾਤਮਾ ਦੀ ਕੀਤੀ ਦੀ

ਨਿੰਦਾ ਅਥਵਾ ਹਾਨਤਾ ਹੋਵੇ ਓਹ ਕਦੀ ਭੀ ਨਹੀਂ ਕਰਨਾ ਚਾਹੀਦਾ ਹੈ। ਮੈਂ ਜਨਾਨੀਆਂ ਹੀ ਰੋਂਦੀਆਂ ਦੇਖਨੀਆਂ ਕਦੀ ਆਦਮੀਆਂ ਨੂੰ ਰੋਂਦੇ ਨਹੀਂ ਡਿੱਠਾ ॥

(ਸੇਠਨੀ) ਰੁਕੋ ਏਹ ਅਗਿਆਨ ਸਾਡੀਆਂ ਭੈਨਾਂ ਦੇ ਹੀ ਨਸੀਬ ਹੋਇਆ ਹੋਇਆ ਹੈ। ਆਦਮੀ ਨੂੰ ਬੜੀ ਵਿਚਾਰ ਹੌਸਲਾ ਬੁੱਧਿ ਤੇ ਸਾਂਤ ਹੈ। ਪਰ ਏਹ ਕਿਉਂ, ਕਿਉਂ ਜੋ ਇਨ੍ਹਾਂ ਦੀ ਮਾਤਾ ਵਿਦਿਆ ਨੂੰ ਜੋ ਓਹ ਆਪਨੇ ਹਿਰਦੇ ਵਿਚ ਨਿਵਾਸ ਦੇਂਦੇ ਨੇ। ਸੋ ਰੁਕੋ ਜਿਸ ਜੀਵ ਆਦਮੀ ਅਥਵਾ ਇਸਤ੍ਰੀ ਨੂੰ ਵਿਦਿਆ ਬੋਧ ਹੈ। ਉਸ ਨੂੰ ਸਦਾ ਹੀ ਅਜੇਹੀਆਂ ਗਲਾਂ ਤੋਂ ਪਰੇ ਰੈਹਨਾਂ ਪਸੰਦ ਹੈ ॥

(ਮੈਂ) ਬੇਬੇ ਜੀ ਬਹੁਤ ਹੀ ਚੰਗੀ ਗਲ ਆਖੀ ਜੋ ਰੋਨੇ ਤੇ ਸਿਰ ਖੋਨੇ ਸਭ ਗਲਾਂ ਹੀ ਨੇ। ਜਿਨਾਂ ਚਿਰ ਲੌਕਿਕ ਵਿਵਹਾਰ ਹੁੰਦਾ ਹੈ ਉਨਾਂ ਚਿਰ ਹੀ ਰੈਹੰਦੇ ਨੇ ਫੇਰ ਕੌਂਨ ਪਿਆ ਰੋਂਦਾ ਹੈ ॥ ਐਵੇਂ ਭੈੜੀਆਂ ਜਨਾਨੀਆਂ ਅਪਨੇ ਆਪਦੀ ਮਿਟੀ ਖਰਾਬ ਕਰ ਛਡਦੀਆਂ ਨੇ। ਬੇਸ਼ਕ ਜੀਵ ਜਾਤੀ ਨੂੰ ਉਸ ਜੀਵ ਵਲੋਂ ਚਲਦਾ ਦੇਖਕੇ ਕੁਛਨਾਂ ਕੁਛਪਰੀਤੀ ਸੰਸਾਰ ਸੁਖਦਾਇਕ ਚੀਜਾਂ ਤੇ ਜੀਵਾਂ ਨਾਲੋਂ ਹਟਾਨੀ ਚਾਹੀਦੀ ਹੈ ਮੈਂਤਾਂ ਹੁਨ ਅਛੀ ਤਰ੍ਹਾਂ ਜਾਨ ਗਈ ਹਾਂ। ਜੋ ਜੀਵ ਮਰਦਾ ਕਦੀ ਭੀ ਨਹੀਂ। ਕਦੀ ਕਿਸੇ ਜੂਨੀ ਕਦੀ ਕਿਸੇ ਜੂਨੀ ਆਂਵਦਾ ਜਾਂਦਾ ਰਹਿੰਦਾ ਹੈ। ਸੋ ਇਸ ਵਾਸਤੇ ਉਸਦੀ ਚਿੰਤਾ ਕਰਨੀ ਬੜੀ ਭਾਰੀ ਚੂਕ ਹੈ। ਬੇਬੇ ਜੀ ਜਦ ਅਪਨੀ ਦੇਹੀ ਦਾ ਭੀ ਇਸੇ ਤਰ੍ਹਾਂ ਹਾਲ

ਹੋਣਾ ਹੋਇਆ ਤਾਂ ਫੇਰ ਕਿਸੇਦੇ ਵਾਸਤੇ ਕੀਹ ਫਿਕਰ ਤੇ ਚਿੰਤਾ ਕਰਨੀ ਹੋਈ ॥ ਮੈਂਤਾਂ ਜਾਨ ਦੀ ਹਾਂ ਕੇ ਫਿਕਰ ਤੇ ਚਿੰਤਾ ਅਪਨੀ ਕਰਨੀ ਸੁਧਾਰ ਦੀ ਹੀ ਕਰਨੀ ਚਾਹੀਦੀ ਹੈ ॥

(ਸੋਠਨੀ) ਹਾਂ ਰੁਕੋ ਸਚ ਹੈ ਤੂੰ ਆਪ ਸਭ ਕੁਛ ਪੜ੍ਹੀ ਹੋਈ ਹੈ। ਤੇ ਸਭ ਵਿਦਿਆਵਾਨ ਏਹੀ ਚਿੰਤਾ ਕਰਦੇ ਆਏ ਨੇ ਕਿਉਂ ਜੋ ਧਰਮ ਧਨ ਪਲੇ ਲੈਜਾਵਨ ਦੇ ਸਿਵਾ ਕੋਈ ਚੀਜ ਨਾਲ ਨਹੀਂ ਜਾਂਦੀ। ਸੋ ਓਹ ਮਹਾਤਮਾ ਲੋਗ ਜਿਨਾਂ ਨੂੰ ਗਿਆਨ ਹੋ ਜਾਂਦਾ ਹੈ ਕਦੀ ਭੀ ਇਸ ਸੰਸਾਰ ਨਾਲ ਪਰੀਤੀ ਨਹੀਂ ਗੰਡਦੇ ਸਦਾ ਹੀ ਸੱਚਦਾ ਅਨੰਦ ਈਸ਼ਰ ਪਰਮਾਤਮਾ ਦੀ ਅਰਾਧ ਗਤੀ ਨੂੰ ਵਿਚਾਰਦੇ ਰੈਂਹਦੇ ਨੇ। ਤੇ ਰੁਕੋ ਖਟਕੇ ਭੀ ਓਹੀ ਕੁਜਲੈਜਾਂਦੇ ਨੇ ਨਾਂ। ਹੋਰ ਹਮਾਤੜਾਂ ਪਾਪੀਆਂ ਦਾ ਤਾਂ ਇਸ ਜਗ ਵਿਚ ਵੀ ਭੈੜਾ ਹਾਲ ਤੇ ਉਸ ਜਗ ਵਿਚ ਭੀ ਮੂੰਹ ਕਾਲਾ ਹੋਨਾ ਹੈ ॥

(ਮੈਂ) ਬੇਬੇ ਜੀ ਸੁਨੋਂ ਤੇ ਸਹੀ ਮਾਤਾ ਜੀ ਕੀਹ ਆਖਦੇ ਸੋ। ਕੁਛ ਬੋਲਿਆ ਤੇ ਹੈਨ ਨੇ ॥

(ਮਾਂ) ਧੀਏ ਤੂੰ ਕਿਉਂ ਏਹ ਪਈ ਆਖਨੀ ਹੈ। ਭੈੜਾ ਹਾਲ ਤੇ ਮੂੰਹ ਕਾਲਾ ਮੇਰੇ ਜਈਆਂ ਦਾ ਹੁੰਦਾ ਹੈ। ਤੇਰੇ ਜਾਈਆਂ ਵਾਸਤੇ ਏਥੇਭੀ ਨੌਕਰ ਟੈਹਲੀਏ ਕਮ ਧੰਦਾ ਕਰਨ ਵਾਲੇ ਤੇ ਓਥੇ ਭੀ ਸਭ ਸੁਖ ਦਾਇਕ ਚੀਜਾਂ ਅਗੇ ਹੀ ਤਿਆਰ ਹੋ ਜਾਂਦੀਆਂ ਨੇ ॥ ਧੀਏ ਮੇਰੇ ਜੀਉਂਦਿਆਂ ਤੂੰ ਇਸ ਤਰ੍ਹਾਂ ਨਾ ਕਹੋ। ਮੈਂਨੂੰ ਸੁਨ ਕੇ ਤੇ ਚਿਤ ਵਿਚ ਬੜੀ ਕਾਹਲੀ ਪੈਂਦੀ ਹੈ।

ਤੂੰ ਅਜੇਹੀ ਗਿਆਨ ਵਾਨ ਇਸ ਉਮਰ ਵਿਚ ਹੈਂ ਤੇ ਅੱਗੇ ਕੀਹ ਖਬਰੇ ਅਜੇ ਸਿਖੇਂਗੀ॥ ਫੇਰ ਐਸੇ ਭਰਤੇ ਨਾਲ ਤੇਰਾ ਸੰਯੋਗ ਹੋਇਆ ਹੈ। ਤੈਨੂੰ ਜੇ ਪਰਮੇਸ਼ਰ ਮੇਰੀ ਆਸੀਸਾਂ ਮੰਨੇ ਤਾਂ ਸੁਵਰਗਲੋਕ ਦੀ ਰਾਨੀ ਬਨਾਵੇ। ਹੋਰ ਮੈਂ ਕੀਹ ਹੁਨ ਆਖਾਂ॥

(ਮੈਂ) ਹਸਕੇ ਬੜੀ ਰਾਜੀ ਹੋਕੇ ਤੇ ਅਗਾਂਹ ਕੋਲ ਜਾਕੇ ਪੁਛਿਆ ਮਾਤਾ ਜੀ ਹੁਣ ਤੇ ਤੁਹਾ ਨੂੰ ਅਰਾਮ ਹੈ ਨਾ॥ ਲਹੂ ਤਾਂ ਬੰਦ ਹੋਗਿਆ ਹੈ। ਬੇਬੇ ਜੀ ਹੁਣ ਤਾਂ ਚੇਹਰੇ ਉੱਤੇ ਭੀ ਕੁਛ ਲਾਲੀ ਮਾਲੂਮ ਹੁੰਦੀਏ॥

(ਮਾਂ) ਧੀਏ ਰੁਕੋ ਮੈਂਨੂੰ ਆਰਾਮ ਕੋਈ ਨਹੀਂ॥ ਪਰ ਏਹ ਸੁਝਦਾ ਹੈ ਜੋ ਸੇਠਨੀ ਜੀ ਦਾ ਗਿਆਨ ਸੁਣਨ ਕਰਕੇ ਪੀੜਾਂ ਘਟ ਹੋਗਈਆਂ ਨੇਤੇ ਬ੍ਰਿਤੀ ਭੀ ਹੋਰ ਹੋਗਈ ਹੈ॥ ਕਿਸੇ ਚੀਜ ਦੀ ਚਿੰਤਾ ਨਹੀਂ ਰਹੀ। ਪਰਮੇਸ਼ਰ ਦੀ ਦਰਗਾਹ ਵਲ ਧਿਆਨ ਹੈ॥ ਤੇ ਇਹੋ ਪਈ ਸੋਚਣੀ ਹਾਂ ਕੇ ਓਥੇ ਲੇਖਾ ਪੂਰਾ ਨਿਕਲੇ ਤਾਂ ਹੀ ਕੁਛ ਬਣੇਗਾ ਮੈਂ ਤਾਂ ਹੱਥ ਜੋੜਦੀ ਹਾਂ ਕੇ ਹੇ ਪਰਮਾਤਮਾ ਜੇ ਮੈਂਨੂੰ ਜੀਵ ਜੂਨੀ ਦੇਨੀ ਹਈ ਤਾਂ ਫੇਰ ਇਨ੍ਹਾਂ ਦੁਆਂ ਸਰੀਰਾਂ ਦੇ ਚਰਨਾਂ ਵਿਚ ਰਖੀਂ ਰੁਕੋ ਤੂੰ ਬੜੀ ਭਾਗਾਂ ਵਾਲੀ ਹੈਂ। ਮੈਂ ਇਸ ਸੰਸਾਰ ਵਿਚੋਂ ਨਿਸਚਿੰਤ ਤੇਰੇ ਵੱਲੋਂ ਹੋਕੇ ਜਾਨੀ ਹਾਂ। ਕਿਉਂ ਜੋ ਤੂੰ ਮੇਰੇ ਨਾਲੋਂ ਸੌ ਗੁਨਾਂ ਚੰਗਿਆਂ ਦੇ ਲੜ ਲਗੀ ਹੋਈ ਹੈਂ ਸੇਠਨੀ ਜੀ ਧੰਨ ਹੋ ਤੁਸੀਂ ਤੇ ਧੰਨਜ ਹੈਨ ਸੇਠ ਹੋਰੀ ਮੈਨੂੰ ਈਸ਼ੁਰ ਕੋਲੋਂ

ਅਪਨੀ ਦਾਸੀ ਕਰਕੇ ਮੰਗ ਲਵੋ ਤੁਹਾਡੇ ਬਾਲ ਬੱਚੇ ਖੜਾਂਦੀ ਰਹਾਂ ਕਰਾਂਗੀ ॥

(ਸੇਠਨੀ) ਮਾਈ ਜੀ ਈਸ਼ੁਰ ਦਾ ਨਾਮ ਲੌ। ਕੀਹ ਗਲਾਂ ਕਰਨ ਲਗ ਪਏ ਹੋ। ਮੈਂ ਪਾਪਨ ਅਪਰਾਧਨ ਕਿਸ ਗਿਨਤੀ ਵਿਚ ਹਾਂ ਤੁਸੀਂ ਪਰਮਾਤਮਾ ਦੀ ਇਛਿਆ ਅਨੁਸਾਰ ਸਭ ਕੁਛ ਹੋਨੇ ਦਿਓ। ਹੁਣ ਏਹ ਗਲਾਂ ਘੜੀ ਮੁੜੀ ਨਾ ਪਏ ਆਖੋ। ਮੇਰੇ ਦਿਲ ਵਿਚ ਅਭਮਾਨ ਉਤਪੰਨ ਕਰਨਗੀਆਂ ਤੇ ਮੈਨੂੰ ਅਪਨੇ ਜੋਗੀ ਭੀ ਨਾ ਰੈਹਨ ਦੇਵਨਗੀਆਂ। ਤੁਸੀਂ ਸਰਬਗ਼ ਈਸ਼ੁਰ ਦੇ ਗੁਨ ਗਾਵੋ, ਤੇ ਉਸੀ ਨੂੰ ਸਭ ਕੁਛ ਕਰਨ ਵਾਲਾ ਸਮਝੋ ॥

(ਮੈਂ) ਮਾਤਾ ਜੀ ਜੋ ਕੁਛ ਸੇਠਨੀ ਜੀ ਨੇ ਆਖਿਆ ਹੈ ਸੱਚ ਹੈ। ਤੁਸੀਂ ਸਰਬ ਸ਼ਕਤੀਮਾਨ ਈਸ਼ੁਰ ਦਾ ਧਿਆਨ ਧਰੋ ਤੇ ਗਾਯੱਤ੍ਰੀ ਮੰਤਰ ਦੀ ਰਟਨਾ ਰਟੋ। ਹੋਰ ਹੁਣ ਕੋਈ ਵਿਸਵਾਸ ਨਾ ਕਰੋ ਦੇਖੋ ਈਸ਼ੁਰ ਕੀਹ ਕਰਦਾ ਹੈ। ਐਹ ਲੌ ਸੇਠ ਹੋਰੀ ਭੀ ਆ ਗਏ ਜੇ, ਤੁਹਾਡੇ ਵਾਸਤੇ ਦੁਵਾਈ ਲੈ ਆਏ ਨੇ ਸੇਠ ਜੀ ਤੁਹਾਨੂੰ ਭੀ ਅੱਜ ਬਹੁਤ ਬੇਅਰਮਾਨੀ ਹੋਈ ਹੈ ਪਰ ਖੈਰ ਅਪਨੀ ਮਾਂ ਹੀ ਜੇ ਨਾ। ਜਿਤਨੀ ਟੈਹਲ ਕਰੋਗੇ ਅਪਨੀ ਹੀ ਵਡਿਆਈ ਜੇ।

(ਸੇਠ) ਮਾਈ ਜੀ ਲੌ ਅਰਕ ਪੀਓ। ਸੁਚੀ ਹੱਟੀ ਤੋਂ ਲਿਆਇਆਂ ਹਾਂ ॥

(ਮਾਂ) ਅੱਖੀਆਂ ਹੱਛੀ ਤਰ੍ਹਾਂ ਖੋਲ ਕੇ ਤੇ ਸੇਠ ਹੋਰਾਂ ਦਾ

ਦਰਸ਼ਨ ਕਰ ਕੇ ਕੌਲ ਹੱਥ ਵਿਚ ਪਕੜ ਲਿਆ ਤੇ ਇਕ ਦੋ ਘੁੱਟ ਪੀ ਕੇ ਕੈਹਨ ਲਗੀ ਸੇਠ ਜੀ ਹੁਨ ਮੈਨੂੰ ਤੁਸੀਂ ਖਾਦਾ ਪੀਤਾ ਬਖਸ਼ੋ। ਹੁਨ ਮੈਂ ਤੁਹਾਡੀ ਸੇਵਾ ਕਰਨ ਜੋਗੀ ਨਹੀਂ ਹੋਨਾ ਤੇ ਨਾ ਮੈਂ ਹੁਣ ਹੋਰ ਜੀਵਨ ਦੀ ਆਸ਼ਾ ਕਰਨੀ ਹਾਂ ॥

(ਸੇਠ) ਮਾਈ ਜੀ ਮੈਂ ਤੁਹਾ ਨੂੰ ਕੀਹ ਬਖਸ਼ਾਂ ਮੇਰਾ ਤੁਸਾਂ ਕੋਈ ਦੇਨਾ ਨਹੀਂ, ਮੈਂ ਸਗੋਂ ਤੁਹਾਡਾ ਕਰਜਾ ਦੇਨਾ ਹੈ, ਕਿਉਂ ਜੋ ਤੁਸਾਂ ਮੇਰੀ ਮਾਤਾ ਦੀ ਤਰਹਾਂ ਪਾਲਨਾ ਕੀਤੀ ਹੈ ਤੇ ਮੈਂ ਤੁਹਾਡੀ ਕੋਈ ਟੈਹਲ ਨਹੀਂ ਕੀਤੀ। ਹੁਣ ਤੁਸੀ ਏਹ ਦਸੋ ਕੇ ਕੁਛ ਪੁੰਨ ਕਰਨਾ ਅਥਵਾ ਮਨਸਨਾ ਚਾਹੁੰਦੇ ਹੋ ਮੈਂ ਹੁਨ ਤੁਹਾਡੇ ਸਾਹਮਣੇ ਬੈਠਾ ਹਾਂ ਜੋ ਮਰਜੀ ਹੋਵੇ ਹੁਕਮ ਕਰ ਦਿਓ। ਮੈਂ ਲੱਖ ਰੁਪਏ ਦਾ ਮਾਲਕ ਹਾਂ। ਜੇਕਰ ਪੰਜਾਹ ਹਜਾਰ ਤਾਕਨ ਦਾਨ ਕਰੋ ਤਾਂ ਤੁਸੀਂ ਕਰ ਸਕਦੇ ਹੋ। ਹੁਣ ਜੋ ਹੁਕਮ ਕਰੋ ਵੇਲਾ ਜੇ ਮੈਂ ਹਾਜ਼ਰ ਕਰ ਦਿਆਂ ॥

(ਮਾਂ) ਹਰੇ ਹਰੇ ਹਰੇ ਬੱਚਾ ਮੈਂ ਭੈੜੀ ਇਸ ਜੋਗਨ ਕਦ ਹੋਈ। ਮੇਰਾ ਦਾਨ ਤਾਂ ਏਹ ਹੈ ਕੇ ਰੁਕੋ ਨੂੰ ਵਿਵਾਹ ਦੇਨਾ। ਤੇ ਜੋ ਕੁਛ ਤੁਹਾਥੋਂ ਸਰੇ ਬਨੇ ਦੇ ਦੇਨਾ, ਜੇਕਰ ਕਦੀ ਰੁਕੋ ਦਾ ਪਿਉ ਸਬੱਬ ਨਾਲ ਆ ਜਾਵੇ ਤਾਂ ਮੇਰਾ ਹੱਥ ਜੋੜਕੇ ਪਰਨਾਮ ਕੈਹ ਦੇਨਾ, ਤੇ ਕੈਹਦੇਨਾ ਕੇ ਮੈਂ ਤੁਹਾਥੋਂ ਬੇਮੁਖ ਨਹੀਂ ਹੋਈ, ਤੇ ਜੇਕਰ ਓਹ ਤੰਗ ਹੋਵੇ ਤਾਂ ਉਸਦੀ ਪਾਲਨਾ ਕਰਨਾ, ਬੱਸ ਏਹੀ ਮੇਰਾ ਦਾਨ ਹੈ ॥

(ਸੇਠ) ਮਾਈ ਜੀ ਏਹ ਗਲਾਂ ਤੇ ਹੁਣ ਹੋਹੀ ਜਾਵਣ ਗੀਆਂ ਤੁਸੀਂ ਕੋਈ ਅਪਨੀ ਹੱਥੀਂ ਦਾਨ ਕਰੋ ਤਾਂ ਤੁਹਾਡਾ ਅੱਗੇ ਸੁਧਾਰ ਹੋਵੇ ॥

(ਮਾਂ) ਰੁਕੋ ਧੀਏ ਸੇਠ ਹੋਰਾਂ ਨੂੰ ਉਸ ਛਾਣ ਵਾਲੇ ਭਾਂਡੇ ਵਿਚੋਂ ਸਾਲੂ ਦੀ ਟਾਕੀ ਬੱਧੀ ਬਧਾਈ ਲਿਆ ਦੇਣਾ । ਜੋ ਇੱਛਾ ਇਨ੍ਹਾਂ ਦੀ ਹੋਵੇਗੀ ਸੋ ਕਰਨਗੇ ॥

(ਮੈਂ) ਟਾਕੀ ਦੀ ਗੰਡ ਬੱਧੀ ਹੋਈ ਲਿਆ ਕੇ ਤੇ ਮਾਤਾ ਜੀ ਏਹ ਜੇ, ਕੇ ਹੋਰ ਕੋਈ ॥

(ਮਾਂ) ਹਾਂ ਬੱਚੀ ਏਹੀ ਹੈ, ਦੇਹ ਨੇ ॥

(ਮੈਂ) ਸੇਠ ਹੋਰਾਂ ਵਲ ਕਰਕੇ ਲੌਂਜੀ, ਮੈਂ ਏਹ ਅੱਜ ਡਿੱਠੀ ਜੇ । ਖਬਰੇ ਮਾਤਾ ਜੀ ਨੇ ਕੀਹ ਕੁਛ ਜੋੜਿਆ ਹੋਇਆ ਹੈ ॥

(ਸੇਠ) ਗੰਡ੍ਹ ਨੂੰ ਖੋਲ ਕੇ ਤੇ ਵਿਚੋਂ ੮੦) ਰੁਪਏ ਦਾ ਨਿਕ ਛੁਕ ਗਿਣਕੇ ਮਾਈ ਜੀ ਇਸ ਨੂੰ ਕੀਹ ਕਰਾਂ ॥

(ਮਾਂ) ਏਹ ਕਿਸੇ ਨੂੰ ਦੇ ਦਿਆ ਜੇ, ਏਹ ਪੈਸਾ ਸਭ ਤੁਹਾਡੇ ਜੀ ਘਰਦੇ ਛਾਣ ਬੂਰੇ ਤੇ ਅਲੜ ਪੱਲੜ ਦਾ ਬਣਿਆ ਹੋਇਆ ਹੈ ਤੇ ਇਸਦੇ ਤੁਸੀਂ ਹੀ ਮਾਲਕ ਹੋ । ਸੋ ਇਸ ਵਾਸਤੇ ਏਹ ਹੁਣ ਤੁਹਾਡੀ ਮਰਜੀ ਜਿਥੇ ਚੰਗਾ ਸਮਝੋ ਲਗਾ ਦਿਓ । ਏਹ ਮੇਰੇ ਸਿਰ ਤੁਹਾਡਾ ਕਰਜਾ ਸੀ ਤੇ ਮੈਂ ਕਿਸੇ ਹੋਰ ਮਰਜੀ ਨਾਲ ਨਹੀਂ ਸੀ ਜੋੜਿਆ ਏਹੋ ਧਿਆਨ ਸੀ ਕੇ ਜਦ ਗਈ ਦੇ ਜਾਵਾਂਗੀ ॥

(ਸੇਠ) ਮਾਈ ਜੀ ਤੁਸੀਂ ਏਹ ਜਿਸ ਨੂੰ ਕਹੋ ਦੇ ਦਿਆਂ ਤੇ ਤੁਸੀਂ ਮੇਰੇ ਧਨ ਵਿਚੋਂ ਪੁੰਨ ਕਰੋ। ਮੈਂ ਕੋਈ ਨਾਲ ਲੈ ਜਾਵਣਾਂ ਹੈ ॥

(ਮਾਂ) ਬੱਚਾ ਤੇਰਾ ਧਨ ਤੂੰ ਆਪ ਜਿੱਥੇ ਚੰਗਾ ਸਮਝੇਂਗਾ ਲਾਈਂ ਮੇਰੇ ਪਾਸ ਅਪਨੀ ਕਮਾਈ ਦੀ ਇਕ ਪਾਈ ਭੀ ਨਹੀਂ ਜੋ ਕੁਛ ਖਾਦਾ ਪੀਤਾ ਤੇ ਹੰਡਾਇਆ ਹੈ ਸੋ ਭੀ ਤੇਰਾ ਹੀ ਸੀ। ਪਰ ਖੈਰ ਮੈਂ ਅਪਨੀ ਨੌਕਰੀ ਦਾ ਹੱਕ ਸਮਝਿਆ ਹੈ ਤੇ ਏਹ ਜੋਹੜਾ ਤੁਹਾਡਾ ਛਾਣ ਬੂਰੇ ਤੇ ਅੱਲੜ ਪੱਲੜ ਦਾ ਕੱਠਾ ਹੋਇਆ ਹੋਇਆ ਹੈ ਏਹ ਮੈਂ ਅਪਨਾ ਧਰਮ ਰਖਿਆ ਹੈ। ਕਿਉਂ ਜੋ ਮੈਂ ਤੁਹਾਡੀ ਟੈਹਲਣ ਸਾਂ, ਤੁਸਾਂ ਜੋ ਹੁਣ ਮੈਨੂੰ ਏਹ ਮਾਂਣ ਦੇਂਦੇ ਹੋ ਕੇ ਕੁਛ ਮਨਸੋ ਸੋ ਤੁਹਾਡੀ ਭਲਾਈ ਤੇ ਵਡਿਆਈ ਹੈ ਤੇ ਜੋ ਮੈਂ ਏਹ ਗਲ ਨਾ ਕਰਾਂ ਤਾਂ ਮੇਰੀ ਰੈਹ ਆਈ ਤੇ ਧਰਮ ਪਾਲਣਾ ਹੈ। ਬੱਚਾ ਤੂੰ ਆਪ ਸਿਆਣਾਂ ਹੈਂ ਇਸ ਪੁੰਨ ਦਾ ਮੈਨੂੰ ਕੋਈ ਫਲ ਮਿਲੀਗਾ, ਜੇ ਮੈਂ ਕੁਛ ਕਰਾਂ ਭੀ ਤਾਂ ਅਪਨੇ ਸਿਰ ਭਾਰ ਲੈ ਮਰਾਂ। ਤੁਸੀਂ ਜੋ ਮਰਜੀ ਹੋਵੇਗੀ ਜੇ ਪਏ ਕਰੀਓ, ਮੈਂ ਤਾਂ ਏਹ ਆਖਨੀ ਹਾਂ ਕੇ ਮੇਰੇ ਮਰਨ ਪਿਛੋਂ ਮੇਰੀ ਏਹ ਦੇਹੀ ਭੀ ਜੇ ਕਿਸੇ ਤੁਹਾਡੇ ਯਾਂ ਹੋਰ ਜੀਵ ਦੇ ਕੰਮ ਆਜਾਵੇ ਤਾਂ ਜਥਾਜੋਗਜ ਕਰ ਦੇਨਾ ਪਰ ਮੈਂ ਅਪਨੀ ਕਰਨੀ ਵਲ ਧਿਆਂਨ ਕਰਨੀ ਹਾਂ ਤਾਂ ਦਿਲ ਵਿਚ ਇਹੋ ਖਿਆਲ ਆਉਂਦਾ ਹੈ ਕੇ ਮੇਰੀ ਦੇਹੀ ਨੂੰ ਤੇ ਕਾਂ ਕੁੱਤੇ ਭੀ ਨਹੀਂ ਖਾਵਣਗੇ ॥

(ਸੇਠ) ਮਾਈ ਜੀ ਸਭ ਸੱਚ ਕਹਿਆ ਜੇ ਸੱਚ ਨੂੰ ਹੁਨ ਮੈਂ ਕੀ ਕਹਾਂ। ਹੱਛਾ ਜੋ ਇੱਛਾ ਈਸ਼ੁਰ ਦੀ,ਮੈਂ ਹੁਣ ਤੁਹਾਨੂੰ ਇਸ ਗਲ ਵਾਸਤੇ ਕੁਛ ਨਹੀਂ ਆਖਦਾ। ਏਹ ਧਨ ਭਲ ਕੇ ਗਰੀਬਸ਼ਾਲਾ ਵਿਚ ਦੇ ਦਿਆਂਗੇ। ਤੇ ਸ਼ਰੀਰ ਦਾ ਦਾਹ ਕਰਨਾ ਅਵੱਸ਼ ਹੋਵੇਗਾ ਕਿਉਂਜੋ ਸਰਕਾਰ ਮਨੁਸ਼ ਦੀ ਦੇਹ ਕਾਢਾਂ ਕੁੱਤਿਆਂ ਨੂੰ ਨਹੀਂ ਪਾਵਨ ਦੇਂਦੀ। ਤੇ ਸੋ ਜੋ ਹੁਕਮ ਤੁਹਾਡੇ ਹੋਰਹੈਨ ਸੋ ਜਥਾ ਸ਼ਕਤੀ ਓਹ ਔਸਰ ਔਸਰ ਤੇ ਕੀਤੇ ਜਾਂਵਣਗੇ॥

(ਮਾਤਾ) ਹੱਛਾ ਬੱਚਾ ਰਾਜੀ ਰਹੋ ਤੇ ਸੁਖ ਭੋਗੋ ਮੈਂ ਬੜੀ ਪਰਸੰਨ ਹਾਂ॥

(ਮੈਂ) ਸੇਠ ਜੀ ਤੁਸੀਂ ਅਜੇਹੀਆਂ ਗੱਲਾਂ ਪਏ ਕਰਦੇ ਹੋ ਕਿਉਂ ਹੁਣ ਮਾਤਾ ਜੀ ਨਹੀਂ ਬਚਨਗੇ॥

(ਸੇਠ) ਬੀਬੀ ਰੁਕੋ ਹਕੀਮ ਭੀ ਕੈਂਹਦੇ ਨੇ ਕੇ ਰੋਗ ਵਧ ਗਿਆ ਹੈ। ਤੇ ਮਾਈ ਭੀ ਇਸੇ ਤਰ੍ਹਾਂ ਕੈਂਹਦੀ ਹੈ, ਤੇ ਰੁਕੋ ਮਰਨ ਦਾ ਵਿਸਾਹ ਭੀ ਕੀਹ ਹੈ। ਕੋਈ ਰਾਜੀ ਬਾਜੀ ਨਹੀਂ ਮਰਜਾਂਗੇ। ਸੋ ਜਿਸ ਤਰ੍ਹਾਂ ਈਸ਼ੁਰ ਇਛਾ ਹੈ ਸੋ ਹੋਨੀ ਹੈ ਹੀ। ਬੱਚ ਰੈਂਹਨ ਗੇ ਤਾਂ ਭੀ ਅਸੀਂ ਰਾਜ਼ੀ ਹਾਂ,ਜੇ ਦੂਸਰੀ ਦੇਹੀ ਵਿਚ ਜਾਨਗੇ ਤਾਂ ਭੀ ਰਾਜ਼ੀ ਹਾਂ। ਤੂੰ ਦੱਸ ਖਾਂ ਤੈਨੂੰ ਕੀਹ ਭਾਸਦਾ ਹੈ ਤੇ ਤੇਰਾ ਦਿਲ ਕੀਹ ਆਖਦਾ ਹੈ ਤੇਰੀ ਮਾਂ ਜੋ ਹੋਈ॥

(ਮੈਂ) ਸੇਠ ਜੀ ਮੈਂ ਕੀਹ ਜਾਨਾਂ ਜੇਕਰ ਹਕੀਮ ਕੈਂਹਦੇ ਨੇ ਤਾਂ ਠੀਕ ਹੈ, ਮਾਈ ਹੋਰੀ ਭੀ ਘੜੀ ਮੁੜੀ ਹੁਣ ਇਹੋ

ਲਈ ਬੈਠੇ ਨੇ ਕੇ ਹੁਣ ਨਹੀਂ ਬਚਨਾ । ਸੋ ਮੈਂ ਕੀਹ ਜਾਨਾਂ ਏਹ ਤਾਂ ਯਾਂ ਦੁਖੀਆ ਜਾਨੇ ਯਾ ਵੈਦ । ਤੇ ਮੇਰੇ ਦਿਲ ਦਾ ਕੀਹ ਪੁਛਦੇ ਹੋ ਮੈਨੂੰ ਤਾਂ ਜੀਵ ਦੇ ਕਰਤਬ ਜਨਮ ਤੇ ਨਾਸ਼ ਦੇਖ ਦੇਖ ਕੇ ਏਹ ਗੰਡ ਪੱਕੀ ਦਿਲ ਵਿਚ ਬਜ ਗਈ ਹੈ। ਕੇ ਇਸਦੀ ਦੇਹ ਬੁਲ ਬੁਲੇ ਦੀ ਨਿਆਈਂ ਹੈ । ਤੇ ਮਿਤ੍ਰੂ ਕੋਈ ਚੀਜ ਹੀ ਨਹੀਂ । ਜਿਸ ਤਰ੍ਹਾਂ ਦਿਨ ਭਰ ਵਿਚ ਆਦਮੀ ਅਥਵਾ ਇਸਤਰੀ ਦੇ ਖਿਆਲ ਕਈ ਤਰ੍ਹਾਂ ਆਉਂਦੇ ਜਾਂਦੇ ਤੇ ਵਿਚਰਦੇ ਰਹਿੰਦੇ ਨੇ ਇਸੇ ਤਰ੍ਹਾਂ ਜੀਵ ਦੀ ਅਵਸਥਾ ਦਾ ਭੀ ਕੋਈ ਵਿਸ਼ਵਾਸ ਨਹੀਂ, ਕਦੀ ਕੋਈ ਰੂਪ ਕਦੀ ਕੋਈ ਰੂਪ ਕਦੀ ਕਿਸੇ ਦੇਸ਼ ਕਦੀ ਕਿਸੇ ਦੇਸ਼ ਕਦੀ ਕਿਸੇ ਘਰ ਕਦੀ ਕਿਸੇ ਘਰ ਜਨਮ ਕਰਨੀ ਅਨੁਸਾਰ ਧਾਰਨ ਕਰਦਾ ਫਿਰਦਾ ਹੈ । ਸੋ ਸੇਠ ਜੀ ਜਦ ਜੀਵ ਨੇ ਏਹ ਵਿਵਹਾਰ ਸਦਾ ਹੀ ਕਰਦੇ ਰੈਂਹਨਾ ਹੈ ਤਾਂ ਫੇਰ ਚਿੰਤਾ ਕਿਸ ਗਲਦੀ ਕਰਨੀ ਹੋਈ । ਅੱਛਾ ਜੇਕਰ ਈਸ਼ੁਰ ਇੱਛਿਆ ਇਸੇ ਤਰ੍ਹਾਂ ਹੈ ਤਾਂ ਫੇਰ ਮੈਂ ਯਾ ਹੋਰ ਕੋਈ ਕੀਹ ਕਰ ਸਕਦਾ ਹੈ ॥

(ਸੇਠ) ਹਾਂ ਬੀਬੀ ਰੁਕੋ ਸੱਚ ਹੈ, ਇਸੇ ਤਰ੍ਹਾਂ ਜੀਵਦਾ ਵਿਵਹਾਰ ਹੁੰਦਾ ਰੈਂਹਦਾਹੈ, ਜੋਹੜੇ ਆਦਮੀ ਇਸ ਕਿਰਆ ਨੂੰ ਬੁਰਾ ਜਾਨਕੇ ਚਿੰਤਾ ਤੇ ਰੁਧਨ ਕਰਦੇ ਹਨ ਸਰੋਂ ਕੁਛ ਹੋਰ ਅਪਨਾ ਨੁਕਸਾਨ ਕਰ ਲੈਂਦੇ ਨੇ, ਸੋ ਜੋ ਭਲੇ ਤੇ ਆਗਿਆ ਕਾਰੀ ਪੁਰਖ ਨੇ ਓਹ ਇਨ੍ਹਾਂ ਗਲਾਂ ਤੋਂ ਰੈਹਤ ਨੇ ॥

(ਸੇਠਨੀ) ਸੁਆਮਿਨ ਮਾਈ ਹੋਰਾਂ ਵਲੋਂ ਤਾਂ ਦੇਖੋ ਘੁਰੜ

ਪੁਰੜ ਕਿਉਂ ਕਰਨ ਲਗ ਪਈ ਜੇ, ਮਾਈ ਜੀ ਮਾਈ ਜੀ ਹੇ ਮਾਈਜੀ ਮਾਈ ਜੀ ਤਾਂ ਭਾਵੇਂ ਚੱਲੇ ॥

(ਸੇਠ) ਪਿਆਰੀ ਜੀ ਝੱਟ ਲੇਪਣ ਦੇ ਦਿਓ ਤੇ ਸਭ ਸਾਮਿੱਗਰੀ ਤਿਆਰ ਕਰੋ ॥

(ਮੈਂ) ਸੇਠ ਜੀ ਕਿਉਂ ਹੁਣ ਬੱਸ ਮਾਤਾ ਜੀ ਗਏ ॥

(ਸੇਠ) ਰੁਕੋ ਹੁਣ ਤੁਸੀਂ ਸੁੱਚੇ ਰੇਸ਼ਮੀ ਕਪੜੇ ਕਰ ਲੌ ਤੇ ਇਨ੍ਹਾਂ ਦੇ ਪਾਸ ਬੈਠ ਜਾਓ ਤੇ ਜੋ ਜੋ ਲੌਕਿਕ ਵਿਵਹਾਰ ਅੱਛਾ ਹੈ ਉਸਨੂੰ ਭੁਗਤੋ ਤੇ ਭੁਗਤਾਓ। ਪਰ ਦੇਖਨਾ ਰੋਨਾਂ ਨਹੀਂ, ਕੁਛ ਪੜਹੋ। ਯਾ ਦੇਖੋ ਤੇ ਵਿਚਾਰੋ ਕੇ ਕਿਸ ਤਰ੍ਹਾਂ ਜੀਵ ਚਲਦਾ ਹੈ ॥

ਏਹ ਸੁਨਕੇ ਮੈਂ ਤੇ ਸੇਠਨੀ ਹੋਰੀ ਅਪਨੇ ਕਪੜੇ ਬਦਲ ਜੋ ਜੋ ਚੀਜ਼ ਪਾਸ ਰਖਨੀ ਸੀ ਲਿਆ ਕੇ ਪੋਚਾ ਫੇਰ ਮਾਤਾ ਜੀ ਨੂੰ ਭੂੰਮ ਆਸਨ ਕਰਾ ਪਾਸ ਬੈਠ ਗਏ, ਤੇ ਸੇਠ ਹੋਰੀ ਪਾਸ ਗੀਤਾ ਪਾਠ ਕਰਨ ਲਗ ਪਏ, ਰਾਤ ਦੇ ਦਸ ਬਜੇ ਦੇ ਵੇਲੇ ਮਾਤਾ ਜੀ ਨੇ ਪਰਾਨ ਦੇ ਦਿੱਤੇ ॥

ਕਈ ਜਨਾਨੀਆਂ ਤੇ ਮਰਦ ਉਸ ਵੇਲੇ ਆਇ ਕੱਠੇ ਹੋਏ। ਤੇ ਯਥਾਜੋਗ ਕਿਰਿਆ ਕਰਨ ਕਰਾਵਨ ਲਗੇ ਸਵੇਰ ਹੋਣ ਤਕ ਸਭ ਕੁਛ ਤਿਆਰ ਹੋਗਿਆ। ਦਸ ਬਜੇ ਦਿਨ ਦੇ ਦੇਹ ਨੂੰ ਸਮਸ਼ਾਨ ਭੂਮੀ ਵਿਚ ਲੈ ਗਏ ਮਰਦ ਤੇ ਜਨਾਨੀਆਂ ਬਹੁਤ ਨਾਲ ਗਏ ॥

ਜਦ ਸ਼ਮਸਾਨ ਭੂਮੀ ਵਿਚ ਬੈਠੇ ਤੇ ਸਸਕਾਰ ਕਰਣ ਦੀ

ਵਿਧੀ ਸੋਚ ਰਹੇ ਸਨ ਤਾਂ ਮੇਰੀ ਨਜਰ ਝਟ ਇਕ ਬੁਢੇ ਆਦਮੀ ਤੇ ਮੁੰਡੇ ਵਲ ਪੈ ਗਈ। ਓਹ ਓਥੇ ਲਕੜੀਆਂ ਸੁੱਟਣ ਆਏ ਸਨ। ਮੈਂਨੂੰ ਏਹ ਮਾਲੂਮ ਹੋਇਆ ਕੇ ਓਹ ਆਦਮੀ ਹੂਬਹੂ ਮੇਰੇ ਪਿਤਾ ਦੀ ਸ਼ਕਲ ਦਾ ਹੈ ਪਰ ਮੈਂ ਏਹ ਨਾ ਜਾਨਿਆਂ ਕੇ ਹੈ ਹੀ ਓਹ। ਮੇਰੇ ਦਿਲ ਵਿਚ ਕਈ ਵੇਰੀ ਏਹ ਗਲ ਆਈ ਕੇ ਸੇਠ ਹੋਰਾਂ ਨੂੰ ਆਖਾਂ ਕੇ ਓਹ ਪੁੱਛਨ ਪਰ ਮੈਂ ਕੁਛ ਡਰਦੀ ਹੀ ਰਹੀ ਤੇ ਸੋਚਿਆ ਕੇ ਖਬਰੇ ਮੇਰੀਆਂ ਅੱਖੀਆਂ ਧੋਖਾ ਖਾਂਦੀਆਂ ਨੇ ਇਤਨੇ ਵਿਚ ਓਹ ਬੁੱਢਾ ਅੱਗੇ ਹੋਕੇ ਤੇ ਉਨ੍ਹਾਂ ਆਦਮੀਆਂ ਕੋਲੋਂ ਪੁਛਣ ਲਗ ਪਿਆ॥

(ਬੁਢਾ) ਕਿਉਂ ਲਾਲਾ ਜੀ ਏਹ ਸੇਠ ਹੋਰਾਂ ਦੀ ਮਾਤਾ ਸੀ। ਤੇ ਸੇਠ ਹੋਰਾਂ ਮੁੰਡਣ ਕਿਉਂ ਨਹੀਂ ਕਰਾਇਆ॥

(ਲਾਲਾ) ਭਾਈ ਸੱਕੀ ਮਾਤਾ ਨਹੀਂ ਸੀ ਧਰਮ ਮਾਤਾ ਸੀ॥

(ਬੁਢਾ) ਤਾਂ ਭੀ ਅਪਨੀ ਜਾਤ ਦੀ ਕੋਈ ਚਾਚੀ ਤਾਇ ਹੋਵੇਗੀ ਨੇ॥

(ਲਾਲਾ) ਭਾਈ ਮੈਂ ਤੇ ਏਹ ਸੁਨਿਆ ਹੋਇਆ ਹੈ ਕੇ ਸੇਠ ਦੇ ਘਰ ਇਕ ਏਹ ਜਨਾਨੀ ਤੇ ਇਕ ਏਹਦੀ ਧੀ ਰੈਂਹਦੀਆਂ ਨੇ। ਤੇ ਸੇਠ ਇਸ ਨੂੰ ਮਾਤਾ ਤੇ ਉਸਨੂੰ ਭੈਨ ਬਨਾਇਆ ਹੋਇਆ ਹੈ। ਤੇ ਘਰ ਵਿਚ ਕਿਸੇ ਨੂੰ ਪਤਾ ਨਹੀਂ ਕੇ ਸਕੀਆਂ ਨੇ ਕੇ ਮਤੇਈਆਂ, ਕਿਉਂ ਜੋ ਸੇਠਨੀ ਬੜੀ ਅਕਲ ਮੰਦ ਹੈ ਤੇ ਉਨ੍ਹਾਂ ਨੂੰ ਸੱਕਿਆਂ ਤੋ ਵਧ ਰੱਖ ਦੀ ਹੈ॥

(ਬੁਢਾ) ਜੀ ਇਸ ਜਨਾਨੀ ਦਾ ਨਾ ਕੀ ਸੀ ॥

(ਲਾਲਾ) ਭੁਲਿਆ ਲੋਕਾ ਮੈਨੂੰ ਜਨਾਨੀ ਦਾ ਨਾ ਕੀ ਪੁੱਛਨਾ ਹੈਂ ਮੈਂ ਕੀਹ ਜਾਨਾਂ ਤੇ ਤੈਨੂੰ ਇਨ੍ਹਾਂ ਗਲਾਂ ਦੀ ਕੀਹ ਪਈ ਹੈ ॥

(ਮੈਂ) ਇਸ ਗਲ ਤੋਂ ਮੇਰਾ ਦਿਲ ਬੜਾ ਉਛਲਿਆ ਤੇ ਚਾਹੁੰਦਾ ਸੀ ਕੇ ਮੈਂ ਆਪ ਜਾਕੇ ਉਸ ਨੂੰ ਨਾ ਦੱਸਾਂ ਪਰ ਫੇਰ ਸੇਠ ਹੋਰਾਂ ਦਾ ਖਿਆਲ ਦਿਲ ਵਿਚ ਆਗਿਆ ਕੇ ਕੀਹ ਆਖਣਗੇ, ਨਾਲੇ ਸਭ ਜਨਾਨੀਆਂ ਬੈਠੀਆਂ ਹੋਈਆਂ ਸਨ, ਪਰ ਉਸ ਬੁੱਢੇ ਨੂੰ ਸਭੋਂ ਵਧੀਕ ਤੋਂ ਵਧੀਕ ਚੈਟਕ ਪੁੱਛਣ ਦੀ ਲਗ ਪਈ, ਤੇ ਓਥੋਂ ਉਠਕੇ ਤੇ ਇਕ ਸਾਂਭੀ ਉਸੇ ਗਲੀ ਦੀ ਮਿਸ਼ਰਾਨੀ ਕੋਲ ਜੋਹੜੀ ਵੱਖਰੀ ਹੋਕੇ ਬੈਠੀ ਹੋਈ ਸੀ ਜਾਬੈਠਾ । ਪਰ ਮੈਂ ਭੀ ਧਿਆਨ ਉਸ ਵੱਲੋਂ ਨਾ ਹਟਾਇਆ ਤੇ ਘੜੀ ਮੁੜੀ ਮੇਰੇ ਦਿਲ ਵਿਚ ਏਹੋ ਖਿਆਲ ਪਇਆ ਆਵੇ ਜੋ ਮੇਰੇ ਪਿਉ ਦੀ ਸਾਰੀ ਸਕਲ ਇਸਦੇ ਨਾਲ ਮਿਲਦੀ ਸੀ ॥

ਫੇਰ ਉਸਨੇ ਮਿਸਰਾਨੀ ਕੋਲੋਂ ਜਾਕੇ ਤੇ ਇਸ ਬੁਢੇ ਪੁਛਿਆ ॥

(ਬੁਢਾ) ਬੇਬੇ ਤੁਸੀ ਇਸ ਬੁੱਢੀ ਦਾ ਨਾਂ ਜਾਨਦੇ ਹੋ ॥

(ਮਿਸ਼ਰਾਨੀ) ਆਹੋ ਭਾਈ ਜਾਨਦੀ ਹਾਂ ਤੂੰ ਕੀਹ ਆਖਨਾ ਹੈਂ ॥

(ਬੁਢਾ)ਜੀ ਨਾ ਕੀਹ ਸਾਸੂ ਤੇ ਇਸਦੀ ਧੀ ਦਾ ਕੀਹ ਨਾ ਹੈ ॥

(ਮਿਸ਼ਰਾਨੀ) ਭਾਈ ਇਸਦਾ ਨਾ ਜੈਦੇਈ ਜੈਦੇਈ ਕਹਿੰਦੇ ਸਨ, ਤੇ ਏਸਦੀ ਧੀ ਦਾ ਨਾ ਰੁਕੋ ਹੈ ॥

(ਬੁਢਾ) ਦੋਵੇਂ ਨਾ ਸੁਨਕੇ ਤੇ ਹੈਰਾਨ ਹੋ ਗਿਆ ਤੇ ਕੈਹਣ ਲਗਾ ਮਿਸਰਾਨੀ ਜੀ ਏਹ ਕਦੋਂਕੂ ਦੀ ਸੇਠ ਹੋਰਾਂ ਦੇ ਘਰ ਰੈਂਹਦੀ ਸੀ ਤੇ ਏਹ ਦੀ ਧੀ ਕੇਡੀ ਕੂ ਹੈ ਤੇ ਹੁਣ ਕਿੱਥੇ ਸੂ ॥

(ਮਿਸ਼ਰਾਨੀ) ਕੋਈ ਪੰਜ ਯਾ ਛੇ ਰਵਹੇ ਹੋਏ ਨੇ, ਤੇ ਧੀ ਏਹਦੀ ਔਹ ਦੇਖਾਂ ਬੈਠੀ ਹੋਈ ॥

ਬੁਡੇ ਜਦ ਮੇਰੇ ਵਲ ਧਿਆਨ ਕੀਤਾ ਤੇ ਮੈਂ ਉਸਦੇ ਵੱਲ ਸਾਡੇ ਦੁਵਾਂ ਵਿਚ ਲੋਹੂ ਨੇ ਅਪਨਾ ਜੋਰ ਇਸ ਤਰ੍ਹਾਂ ਕੀਤਾ ਕੇ ਮੈਂ ਤਾਂ ਇਸ ਤਰ੍ਹਾਂ ਹੋ ਗਈ ਕੇ ਮੇਰੇ ਲੂੰ ਲੂੰ ਵਿਚੋਂ ਧੂਆਂ ਨਿਕਲਨ ਲਗ ਪਿਆ ਤੇ ਮੇਰੇ ਪਿਤਾ ਦੀਆਂ ਅੱਖੀਆਂ ਮੇਰੇ ਵਲ ਇਸ ਤਰ੍ਹਾਂ ਲਗੀਆਂ ਹੋਈਆਂ ਸਨ ਕੇ ਜਿਸ ਤਰ੍ਹਾਂ ਕਿਸੇ ਮਹਾਂ ਰਿਖੀ ਦੀਆਂ ਤਾੜੀ ਵਿਚ ਲਗ ਜਾਂਦੀਆਂ ਨੇ। ਮੇਰੇ ਦਿਲ ਵਿਚ ਕੇਈ ਖਿਆਲ ਆਏ ਤੇ ਕਈ ਹੋ ਹੋ ਕੇ ਚਲੇ ਗਏ ਪਰ ਮੇਰੇ ਪਿਤਾ ਨੂੰ ਕੁਛ ਸੁਧ ਨਹੀਂ ਸੀ। ਕੋਈ ਇਕ ਘੜੀ ਏਸੇ ਤਰ੍ਹਾਂ ਰਹਿਆ ਤੇ ਫੇਰ ਓਹ ਬੋਲਿਆ ਰੱਬਾ ਭੁਲਾਈਂ ਨਾ ਏਹ ਤਾਂ ਮੇਰੀ ਜਨਾਨੀ ਹੀ ਮਾਲੂਮ ਹੁੰਦੀ ਹੈ। ਪਰ ਉੱਚੀ ਬਹੁਤ ਨਾ ਬੋਲਿਆ ਖਾਲੀ ਯਾਂ ਮੈਂ ਤੇ ਉਸ ਮਿਸ਼ਰਾਨੀ ਨੇ ਸੁਨਿਆ ਮਿਸ਼ਰਾਨੀ ਨੇ ਮੈਨੂੰ ਹੱਥ ਨਾਲ ਸੈਨਤ ਕੀਤੀ ਮੈਂ ਉਸਦੇ ਕੋਲ ਜਾ ਬੈਠੀ ਤੇ ਮਿਸਰਾਨੀ ਕੈਹਣ ਲਗੀ ॥

ਰੁਕੋ ਏਹ ਭਾਈ ਆਖਦਾ ਹੈ ਕੇ ਜੇਹੜੀ ਜਨਾਨੀ ਮਰਗਈ ਹੈ ਓਹ ਮੇਰੀ ਸੀ ॥

(ਮੈਂ) ਜੀ ਤੁਸੀਂ ਕੌਣ ਹੋਂਦੇ ਹੋ, ਕੇਹੜੇ ਪਿੰਡ ਰਹਿੰਦੇ ਸੋ । ਹੁਣ ਕਿੱਥੇ ਹੋਂਦੇ ਹੋ, ਕਿਸ ਤਰ੍ਹਾਂ ਜਾਂਣਦੇ ਹੋ ਕਿ ਇਹ ਜਨਾਨੀ ਤੁਹਾਡੀ ਸੀ ॥

(ਬੁਡਾ) ਬੀਬੀ ਰੁਕੋ ਮੈਂ ਤੈਂਨੂੰ ਹੱਟੀ ਅਪਨੇ ਕੋਲ ਸੁਵਾਂਦਾ ਹੁੰਦਾ ਸਾਂ ਤੇ ਤੈਂਨੂੰ ਧੀਏ ਬਦਾਮ ਤੇ ਮਿਸ਼ਰੀ ਖੁਆਂਦਾ ਹੁੰਦਾ ਸਾਂ ਨਾਲੇ ਇਕ ਤੋਤਾ ਇਕ ਬਾਂਦਰੀ ਦਾ ਬੱਚਾ ਤੇ ਦੋ ਸੈਹੇ ਤੇਰੇ ਖੇਡਨ ਵਾਸਤੇ ਰਖੇ ਹੋਏ ਸਨ । ਹੁਣ ਹੋਰ ਪਤਾ ਕੀਹ ਦੱਸਾਂ ਖਬਰ ਹਈ ਕੇ ਨਾਂ । ਫੇਰ ਰਾਹੂੰ ਤੈਂਨੂੰ ਨਾਲ ਲੈ ਗਿਆ ਸਾਂ ਜਾਲੰਧਰ ਕੱਠੇ ਰਹੇ ਸਾਂ ਫੇਰ ਤੇਰੇ ਮਾਮੇਂ ਚੰਦਰ ਭਾਨ ਦੇ ਵਿਵਾਹ ਤੇ ਇਕੱਠੇ ਗਏ ਸਾਂ, ਰਾਹ ਵਿਚ ਤੂੰ ਤੇ ਤੇਰੀ ਮਾਂ ਘੋੜੀ ਤੋਂ ਡਿਗ ਪਈਆਂ ਸਾਓ ਘੋੜੀ ਭੱਜ ਗਈ ਸੀ ਫੇਰ ਗੱਡੀ ਤੇ ਝੜਾ ਕੇ ਤੇ ਮੈਂ ਤੁਹਾਨੂੰ ਲੈ ਗਿਆ ਸਾ ॥

(ਮੈਂ) ਗਲੇਡੂ ਭਰ ਕੇ ਤੇ ਹਾਂ ਹਾਂ ਹਾਂ ਕਰ ਕੇ ਪਿਤਾ ਜੀ ਸੱਚ ਹੈ । ਤੁਹਾਡਾ ਹਾਲ ਤਾਂ ਬੜਾ ਹੀ ਅਸਚਰਜ ਹੋਇਆ ਹੋਇਆ ਹੈ ਮੈਂ ਓਹੀ ਰੁਕੋ ਹਾਂ ॥

ਏਹ ਸੁਣਕੇ ਤੇ ਪਿਤਾ ਹੋਰੀ ਬੜੀ ਉੱਚੀ ਅਵਾਜ ਨਾਲ ਰੋਕੇ ਤੇ ਆਖਣ ਲਗ ਪਏ ਹਾਏਨੀ ਮੇਰੀਏ ਰਾਨੀਏ ਹਾਏਨੀ ਮੇਰੀਏ ਰਾਨੀਏ ਤੂੰ ਕੀਹ ਕਰ ਗਈਓ ਜਾਂਦੀ ਵੇਰੀ ਗਲ ਭੀ ਨਾ ਕੀਤੀਓਈ ॥

ਉਨ੍ਹਾਂ ਦੀ ਏਹੋ ਜਹੀ ਅਵਾਜ ਤੇ ਨਿਰਧਨਾਂ ਵਾਲੀ ਸ਼ਕਲ ਦੇਖ ਕੇ ਸਭ ਵਡੇ ਵਡੇ ਆਦਮੀ ਬੋਲ ਉਠੇ ਬੱਸ ਓਏ ਬੁੱਡ੍ਹਿਆ ਬੱਸ ਕੀਹ ਰੌਲਾ ਪਾਣ ਲਗ ਪਿਆ ਹੈਂ। ਸੇਠ ਜੀ ਏਹ ਨੂੰ ਪੈਸੇ ਦਿਓ ਜਾਵੇ,ਪਰ ਓਹ ਤਾਂ ਸਾਰੀਆਂ ਪਿਛਲੀਆਂ ਗਲਾਂ ਰੋ ਰੋ ਕੇ ਇਸ ਤਰ੍ਹਾਂ ਕਰਨ ਲਗ ਪਏ ਕੇ ਜਿਉਂ ਬੁੱਡ੍ਹੀਆਂ ਪੱਲੇ ਪਾਕੇ ਕਰਦੀਆਂ ਨੇ ਇਸਥੋਂ ਸਭਨਾਂ ਨੇ ਸਮਝਿਆ ਕੇ ਕੋਈ ਦੀਵਾਨਾ ਦੁਖੀਆ ਹੈ॥

(ਮੈਂ) ਬੇਬੇ ਜੀ (ਸੇਠਨੀ ਹੋਰਾਂ ਦੇ ਕੋਲ ਜਾਕੇ) ਮੇਰਾ ਲਾਲਾ ਏਹੋ ਜੇ॥

(ਸੇਠਨੀ) ਸੇਠ ਹੋਰਾਂ ਨੂੰ ਬੁਲਾ ਕੇ.ਤੇ ਹੱਥ ਜੋੜ ਕੇ ਸੁਆਮਿਨ ਬੀਬੀ ਰੁਕੋ ਆਖਦੀ ਹੈ ਕੇ ਮੇਰਾ ਲਾਲਾ ਏਹੀ ਹੈ ਬੜਾ ਚੰਗਾ ਕੰਮ ਹੋਇਆ ਹੈ ਕੇ ਇਸ ਵੇਲੇ ਆਗਏ ਨੇ ਤੁਸੀਂ ਹੁਣ ਉਨ੍ਹਾਂ ਨੂੰ ਭਲੀ ਪਰਕਾਰ ਸਮਝਾ ਬੁਝਾ ਕੇ ਤੇ ਸਸਕਾਰ ਕਰਾ ਦਿਓ॥

(ਸੇਠ) ਬੀਬੀ ਰੁਕੋ ਪਛਾਣ ਲਿਆਈ ਤੇਰਾ ਪਿਤਾ ਏਹੀਹੈ॥

(ਮੈਂ) ਜੀ ਹਾਂ ਏਹੀ ਨੇ॥

(ਸੇਠ) ਅੱਛਾ ਬੀਬੀ ਜਾਓ ਬੈਠੋ ਇਥੇ ਹੋਰ ਹੁਣ ਕੁਛ ਨਹੀਂ ਕਹੋ ਸੁਨੋ ਘਰ ਚਲ ਕੇ ਫੇਰ ਗਲਾਂ ਸੋ ਗਲਾਂ॥

(ਮੈਂ) ਬਹੁਤ ਅੱਛਾ ਸੇਠ ਜੀ ਪਰ ਇਨ੍ਹਾਂ ਨੂੰ ਸ਼ਾਂਤੀ ਕਰਾਓ ਤੇ ਧਿਰਵਾਸ ਦਿਓ ਨੇ, ਮੈਂ ਹੁਣ ਉਨ੍ਹਾਂ ਪਾਸ ਨਾ ਜਾਵਾਂ॥

(ਸੇਠ) ਬੀਬੀ ਮਦਨਗੋਪਾਲ ਹੋਰੀ ਤੇ ਹੋਰ ਸਭ ਉਨ੍ਹਾਂ ਦੇ ਸਾਕ ਅੱਗ ਆਏ ਹੋਏ ਨੇ ਤੇ ਸਭ ਥਾਂ ਤੇਰੀਆਂ ਗਲਾਂ ਤੇ ਸੋਭਾ ਪਈ ਹੁੰਦੀ ਹੈ ਜੇ ਹੁਣ ਤੂੰ ਸੋਚ ਸਮਝ ਕੇ ਨਾ ਵਰਤੇਗੀ ਤਾਂ ਸਭ ਕੁਛ ਉਲਟ ਹੋ ਜਾਵੇਗਾ ਤੂੰ ਅਪਨੀਆਂ ਅੱਖੀਆਂ ਤੇ ਮੁਖ ਨੂੰ ਐਸ ਵੇਲੇ ਸੰਭਾਲ ਕੇ ਰਖਨਾ ਕੁਛ ਰੁਧਨ ਨਾ ਕਰਨਾ ਤੇ ਨਾ ਹੀ ਕੋਈ ਬਚਨ ਉਲਟਾ ਪੁਲਟਾ ਬੋਲਣਾਂ, ਜੋ ਕੁਛ ਸੋਭਾਵੰਤੀ ਕਹੇ ਸੋ ਕਰਨਾ ਤੂੰ ਹੁਣ ਉਸਦੇ ਪਾਸ ਹੀ ਜਾਕੇ ਬੈਠ ਰਹੋ ਕਿਸੇ ਹੋਰੀ ਜਨਾਨੀ ਦੀ ਗਲ ਨਾ ਸੁਨਨਾ। ਮੈਂ ਤੇਰੇ ਪਿਤਾ ਨੂੰ ਆਪੇ ਸ਼ਾਂਤੀ ਕਰਾ ਲੈਨਾ ਹਾਂ

ਏਹ ਕਹਿ ਕੇ ਤੇ ਓਹ ਪਿਤਾ ਜੀ ਵਲ ਚਲੇ ਗਏ ਤੇ ਮੈਂ ਆਕੇ ਸੇਠਨੀ ਹੋਰਾਂ ਪਾਸ ਬੈਠ ਗਈ ॥

(ਸੇਠ) ਮੇਰੇ ਪਿਤਾ ਹੋਰਾਂ ਕੋਲ ਜਾਕੇ ਤੇ ਉਨ੍ਹਾਂ ਨੂੰ ਬਾਹੋਂ ਪਕੜ ਕੇ ਅਪਨੇ ਨਾਲ ਸਭਾ ਵਿਚ ਲਿਆ ਕੇ ਬਠਾ ਕੇ ਤੇ ਇਸ ਤਰ੍ਹਾਂ ਪੁੱਛਣ ਲਗੇ ॥

ਲਾਲਾ ਜੀ ਆਪ ਸੱਚੇ ਹੋ। ਬੇਸ਼ੱਕ ਜੋ ਪੀੜਾ ਤੁਹਾਨੂੰ ਹੈ ਹੋਰ ਕਿਸ ਨੂੰ ਹੋਨੀ ਹੈ, ਪਰ ਪਰਮਾਤਮਾ ਦੀ ਕੀਤੀ ਨੂੰ ਕੌਣ ਮੋੜੇ। ਤੁਸੀਂ ਹੁਣ ਕੋਈ ਚਿੰਤਾ ਨਾ ਕਰੋ ਤੇ ਭਲੀ ਪਰਕਾਰ ਇਨ੍ਹਾਂ ਦੀ ਸਸਕਾਰ ਕਿਰਿਆ ਕਰਾਓ ਸ਼ਾਂਤੀ ਕਰੋ ਏਹ ਦੇਖੋ ਸਭ ਸੰਗਤ ਕੱਠੀ ਹੋਈ ਹੋਈ ਹੈ ॥

(ਪਿਤਾ) ਝਟ ਓਥੋਂ ਉਠਕੇ ਤੇ ਮਾਤਾ ਜੀ ਦੇ ਸਰਹਾਨੇ ਜਾਕੇ ਦੁਈਂ ਦੁਈਂ ਹੱਥੀਂ ਪਿੱਟਣ ਲਗ ਪਏ ਤੇ ਘੜੀ

ਮੁੜੀ ਮੇਰਾ ਨਾ ਲੈ ਲੈ ਕੇ ਪਏ ਆਖਣ ਆਖਾਂ ਧੀਏ ਦੋਵੇਂ ਪਿੱਟੀਏ, ਜੇ ਅਪਨੇ ਪਿੰਡ ਹੁੰਦੀ ਤਾਂ ਪਿੱਟਣ ਵਾਲੀਆਂ ਹੁਣ ਤਾਕਨ ਹਿੱਕਾਂ ਲਾਲ ਕਰ ਲੈਂਦੀਆਂ ਹੋਰ ਕਈ ਏਹੋ ਜਹੀਆਂ ਗਾਲਾਂ ਆਖ ਆਖ ਐਸਾ ਪਿੱਟੇ ਕੇ ਸਭ ਭਲੇ ਪੁਰਸ਼ਾਂ ਦੇ ਦਿਲ ਖੱਟੇ ਹੋ ਗਏ ॥

ਕਈ ਜਨਾਨੀਆਂ ਤੇ ਪਈਆਂ ਏਹੀ ਗਾਲਾਂ ਕਰਦੀਆਂ ਸਨ ਭੈਨਾ ਭਾਵੇਂ ਕੋਈ ਲੱਖ ਆਖੇ ਪੀੜ ਤੇ ਉਸੇ ਨੂੰ ਹੁੰਦੀ ਹੈ ਜੇਹੜਾ ਜਾਨਦਾ ਹੈ ਯਾ ਜਿਸਦੇ ਤਨ ਲਗਦੀ ਹੈ। ਭਿਠਾ ਜੇ ਨਾ ਮਾਲਕ ਆਇਆ ਨਹੀਂ ਤਾਂ ਕਿਸੇ ਏਥੇ ਹਾਏ ਭੀ ਕੀਤੀ ਸਾਜੇ । ਮੈਂ ਭੀ ਏਹ ਦੇਖ ਕੇ ਦਿਲ ਵਿਚ ਵਿਚਾਰਨ ਲਗ ਪਈ, ਕੇ ਬੇਸ਼ੱਕ ਵਿੱਦਿਆ ਬਿਨਾਂ ਆਦਮੀ ਕਿਸੇ ਕੰਮ ਦਾ ਨਹੀਂ ਹੁੰਦਾ ਏਹ ਜੋ ਪਿਤਾ ਹੋਰੀ ਹੁਣ ਪਏ ਰੋਂਦੇ ਨੇ। ਏਸਤੋਂ ਸਭਨਾਂ ਨੂੰ ਮਾਲੂਮ ਹੋ ਗਿਆ ਹੈ ਕੇ ਏਹ ਕੋਈ ਅਨਜਾਨ ਪੁਰਸ਼ ਤੇ ਹੈਨ ਭੀ ਅਗਿਆਨੀ, ਜਦ ਮੈਂ ਏਹ ਜਹੀਆਂ ਵਿਚਾਰਾਂ ਪਈ ਕਰਦੀ ਸਾਂ ਤਦ ਮੈਂਨੂੰ ਸੇਠਨੀ ਹੋਰਾਂ ਨੇ ਹੌਲੀ ਜਹੀ ਅਵਾਜ ਨਾਲ ਆਖਿਆ ਰੁਕੋ ਏਹ ਸਮਾਂ ਵਿਚਾਰਨ ਦਾ ਹੀ ਹੈ ਦੇਖਿਆਈ ਕੋਈ ਜਨਾਨੀ ਕੁਛ ਕੈਂਹਦੀ ਹੈ ਕੋਈ ਕੁਛ ਕੋਈ ਪੁਰਸ਼ ਕੁਛ ਪਇਆ ਕੁਛ ਵਿਚਾਰਦਾਏ ਤੇ ਕੋਈ ਪਇਆ ਕੁਛ । ਤੂੰ ਇਸ ਭਟਨ ਨੂੰ ਜੇਹੜੀ ਤੇਰੇ ਕੋਲ ਹੈ ਆਖ ਕੇ ਜਰਾ ਸੇਠ ਹੋਰਾਂ ਨੂੰ ਆਖ ਆਵੇ ਕੇ ਸੋਬਾਵੰਤੀ ਬੁਲਾਂਦੀ ਜੇ, ਪਰ ਆਖੀਂ ਸੁ ਉਨਾਂ ਨੂੰ ਉਰੇਰੇ

ਸੱਦ ਕੇ ਤੇ ਕਹੇ ਮੈਂ ਉਸ ਭਟਨੀ ਨੂੰ ਇਸੇ ਤਰ੍ਹਾਂ ਕੈਹ ਦਿੱਤਾ ਜਿਸ ਵੇਲੇ ਸੇਠ ਹੋਰੀ ਆਏ ਤਾਂ ਸੇਠਨੀ ਜੀ ਨੇ ਆਖਿਆ ਕੇ ਹੁਣ ਤੁਸੀਂ ਸਸਕਾਰ ਕਰਾਓ ਤੇ ਡੇਰ ਨਾ ਲਾਓ ਜੋ ਏਹ ਸਭ ਇਸਤਰੀਆਂ ਪੁਰਸ਼ ਫੇਰ ਤੰਗ ਪੈ ਜਾਵਣਗੇ। ਦਿਨ ਦੇਖੋਖਾਂ ਕਿਤਨਾ ਹੋ ਚਿਆ ਹੈ। ਸੇਠ ਹੋਰਾਂ ਨੇ ਕਹਿਆ ਪਿਆਰੀ ਜੀ ਮੇਰੀ ਵੱਲੋਂ ਤਾਂ ਕੋਈ ਢਿਲ ਨਹੀਂ, ਪਰ ਹੁਣ ਦਸੋ ਰੁਕੋ ਦੇ ਲਾਲੇ ਨੂੰ ਕਿਸ ਤਰ੍ਹਾਂ ਚੁਪ ਕਰਵਾਈਏ ਬੱਸ ਹੁਣ ਓਹ ਚੁੱਪ ਕਰਨ ਤਾਂ ਫੇਰ ਕੰਮ ਕਰੀਏ॥

ਸੇਠਨੀ ਹੋਰਾਂ ਨੇ ਆਖਿਆ ਕੇ ਰੁਕੋ ਦੇ ਲਾਲੇ ਨੂੰ ਕੋਈ ਉਸੇ ਜਿਆ ਹੀ ਚੁਪ ਕਰਾਵੇਗਾ, ਤੁਸੀਂ ਓਹ ਧੰਨੋਂ ਦੇ ਚਾਚੇ ਨੂੰ ਆਖੋ ਉਸ ਨੂੰ ਚੁਪ ਕਰਾਵੇ, ਤੇ ਫੇਰ ਸਸਕਾਰ ਕਰੋ। ਸੇਠ ਹੋਰਾਂ ਨੇ ਕਹਿਆ ਹੱਛਾ ਮੈਂ ਚੱਲਕੇ ਆਖਨਾ ਹਾਂ ਸੇਠ ਹੋਰਾਂ ਨੇ ਜਾਕੇ ਤੇ ਧੰਨੋਂ ਦੇ ਚਾਚੇ ਨੂੰ ਆਖਿਆ ਚੌਧਰੀ ਜੀ ਹੁਣ ਤੁਹਾਡੇ ਨਾਲੋਂ ਸਿਆਣਾਂ ਕੌਣ ਆਵੇਗਾ ਜੇਹੜਾ ਇਨ੍ਹਾਂ ਲਾਲਾ ਹੋਰਾਂ ਨੂੰ ਸਮਝਾਏਗਾ, ਤੁਸੀਂ ਹੁਣ ਇਨ੍ਹਾਂ ਨੂੰ ਚੁਪ ਕਰਾਓ ਤੇ ਕਾਰਜ ਕਰੀਏ, ਏਹ ਸੁਣਕੇ ਧੰਨੋਂ ਦਾ ਚਾਚਾ ਜੇਹੜਾ ਸਭ ਥੋਂ ਬਜ਼ਾ ਕੱਬ ਤੇ ਲੜਾਕਾ ਸੀ ਝੱਟ ਉਠ ਖਲੋਤਾ ਤੇ ਮੇਰੇ ਲਾਲੇ ਨੂੰ ਜਾਕੇ ਬਾਹਵੋਂ ਖਿੱਚ ਕੇ ਤੇ ਆਖਿਆ ਸੂ ਭਗਤਾ ਕੋਈ ਤੇਰੀ ਅਕਲਮਾਰੀ ਗਈ ਹੈ ਤੂੰ ਆਦਮੀ ਹੈਂ ਕੇ ਪਾਗਲ ਹੈਂ। ਦੇਖਦਾ ਨਹੀਂ ਕੇ ਏਹ ਸੇਠ ਦੇ ਲਿਹਾਜ ਨਾਲ ਸਾਰੇ ਸ਼ਹਿਰ ਦੇ ਵਡੇ ਵਡੇ ਆਦਮੀ ਆਕੇ ਬੈਠੇ ਹੋਏ ਨੇ ਤੇ ਤੂੰ ਏਹ ਤਮਾਸ਼ਾ

ਕਰਨ ਲਗ ਪਇਆ ਹੈਂ ਹੋਇਆ ਆਦਮੀ ਨੇ ਇਕ ਵੇਰੀ ਢਾਹ ਮਾਰ ਛਡੀ ਕੇ ਤੂੰ ਸਭਨਾਂ ਦੀ ਤਰਫੋਂ ਰੋਂਵਣ ਦਾ ਠੇਕਾ ਲੈ ਲਇਆਏ ਭਲਿਆ ਲੋਕਾ ਦੇਖਦਾ ਨਹੀਂ ਕੇ ਤੇਰੀ ਜਨਾਨੀ ਕੇਡੀ ਕਿਸਮਤ ਵਾਲੀ ਸੀ ਤੇ ਕਿਸਦੇ ਮੋਢੇ ਚੜ੍ਹਕੇ ਆਈ ਹੈ। ਏਹ ਭਜਨ ਦੇਖ ਪਏ ਹੁੰਦੇ ਨੇ ਓਹ ਹਵਨ ਦੇਖ ਕਰਨ ਲਗੇ ਨੇ ਤੂੰ ਆਨਕੇ ਅਪਨੀ ਨਿਰਤਕਾਰੀ ਵੱਖਰੀ ਕਰਨ ਲਗ ਪਿਆ ਹੈਂ। ਹੋਸ਼ ਕਰ ਸਿਆਣਾਂ ਬਣ ਨਹੀਂ ਤਾਂ ਹੁਣੇ ਸ਼ਮਸਾਣ ਭੂਮੀ ਵਿਚੋਂ ਬਾਹਰ ਕੱਡ ਆਉਂਗੇ ਏਹ ਪਿੰਡ ਨਹੀਂ ਕੇ ਤੂੰ ਰੰਨਾਂ ਵਾਂਙਣ ਵੈਣ ਕਰੇਂਗਾ ਪਿਆ॥

ਏਹ ਗਲਾਂ ਸੁਣਕੇ ਤੇ ਪਿਤਾ ਜੀ ਝੱਟ ਚੁੱਪ ਹੋ ਗਏ ਤੇ ਹੱਥ ਜੋੜਕੇ ਉਸਨੂੰ ਆਖਣ ਲਗੇ ਤੇ ਜੀ ਫੇਰ ਕਿਰਿਆ ਕਰਮ ਤੇ ਮੈਂ ਜੋ ਬਹਿਣਾਂ ਹੋਇਆ ਸਭ ਕਿਰਿਆ ਹੁਣ ਮੈਂ ਹੀ ਕਰਾਵਾਂਨਾ ਧੰਨੋਂ ਦੇ ਚਾਚੇ ਨੇ ਆਖਿਆ ਤੇਰੀ ਕਿਰਤ ਕਰਵਾਨੀ ਹੁਣ ਜੋਗਜ ਨਹੀਂ ਕਿਉਂ ਜੋ ਤੇਰੀ ਕਰਨੀ ਤੇ ਦੇਹੀ ਅਪਵਿੱਤਰ ਹੋ ਗਈ ਹੈ। ਉਨ੍ਹਾਂ ਕਹਿਆ ਜੋ ਮੇਰਾਂ ਪੁੱਤਰ ਮੇਰੇ ਨਾਲ ਹੈ ਓਹ ਕਿਰਿਆ ਕਰਮ ਤੇ ਬੈਠ ਜਾਵੇਗਾ ਧੰਨੋਂ ਦੇ ਚਾਚੇ ਨੇ ਆਖਿਆ ਏਹ ਪੁੱਤਰ ਇਸੇ ਜਨਾਨੀ ਵਿਚੋਂ ਹੈ ਕੇ ਕਿਸੇ ਹੋਰੀ ਵਿਚੋਂ, ਪਿਤਾ ਜੀ ਨੇ ਸਾਰੀ ਕਹਾਨੀ ਸੁਨਾਈ ਜੋ ਅਗੇ ਲਿਖ ਚੁਕੇ ਹਾਂ, ਫੇਰ ਧੰਨੋਂ ਦੇ ਚਾਚੇ ਨੇ ਆਖਿਆ ਭਲਿਆ ਲੋਕਾ ਇਸ ਪੁੱਤਰ ਨਾਲੋਂ ਸੇਠ ਪੁੱਤਰ ਵੱਧ ਅਧਕਾਰੀ ਹੈ, ਮੁੱਦਾ ਗੱਲ ਦਾ ਪਿਤਾ ਜੀ ਨੂੰ ਸਮਝਾ

ਬੁਝਾ ਕੇ ਤੇ ਸਸਕਾਰ ਸੇਠ ਜੀ ਨੇ ਕੀਤਾ ਸਭ ਇਸਤਰੀਆਂ ਤੇ ਪੁਰਸ਼ ਘਰਾਂ ਨੂੰ ਆਏ ਤੇ ਪਿਤਾ ਹੋਰਾਂ ਨੂੰ ਸੇਠ ਹੋਰੀ ਨਾਲ ਲੈ ਆਏ, ਤੇ ਹੱਛੀ ਤਰ੍ਹਾਂ ਮਾਨ ਅਥਵਾ ਸਤਕਾਰ ਨਾਲ ਬੈਠਾ ਕੇ ਤੇ ਪੁੱਛਣ ਲਗੇ, ਲਾਲਾ ਜੀ ਸਾਰਾ ਹਾਲ ਤਾਂ ਸੁਨਾਓ, ਪਿਤਾ ਜੀ ਨੇ ਸਭ ਹਾਲ ਸੁਨਾ ਕੇ ਤੇ ਆਖਿਆ ਤੁਸੀਂ ਹੁਣ ਸੇਠ ਜੀ ਰੁਕੋ ਨੂੰ ਮੇਰੇ ਹਵਾਲੇ ਕਰੋ ਤੇ ਮੈਂ ਪਰਸੋਂ ਫੁੱਲ ਗੰਗਾ ਜੀ ਪਾਕੇ ਤੇ ਓਸੇ ਰਾਹ ਆਪਨੇ ਸੌਹਰੇ ਜਾਕੇ ਇਸ ਕੁੜੀ ਨੂੰ ਕਿਧਰੇ ਫੇਰੇ ਦੇ ਆਵਾਂ। ਸੇਠ ਹੋਰੀ ਏਹ ਗਲ ਸੁਣਕੇ ਤੇ ਹੈਰਾਨ ਹੋ ਗਏ, ਪਰ ਸਿਆਨੇ ਫੇਰ ਭੀ ਸਿਆਨੇ ਹੀ ਹੁੰਦੇ ਨੇ। ਆਖਣ ਲਗੇ ਹੱਛਾ ਮਹਾਰਾਜ ਜਦ ਤਿਆਰ ਹੋਵੋਗੇ ਤਾਂ ਫੇਰ ਲੈ ਜਾਨਾ ਸੇਠ ਹੋਰਾਂ ਤੇ ਇਸ ਵਾਸਤੇ ਏਹ ਗਲ ਆਖੀ ਕੇ ਓਹ ਜਾਨ ਗਏ ਸਨ ਕੇ ਮੇਰੇ ਪਿਤਾ ਹੋਰੀ ਜੱਟ ਬੁੱਧੀ ਪੁਰਸ਼ ਨੇ ਪਰ ਮੇਰਾ ਦਿਲ ਏਹ ਸੁਣਕੇ ਅਜੇਹਾ ਤੰਗ ਹੋਇਆ ਜੋ ਕੁਛ ਠੀਕ ਨਹੀਂ ਮੈਂ ਤਾਂ ਉਸ ਵੇਲੇ ਚਿੰਤਾ ਵਿਚ ਪੈ ਗਈ,ਤੇ ਅਪਨੇ ਗੋਡਿਆਂ ਵਿਚ ਸਿਰ ਰਖਕੇ ਜਿਉਂ ਵਿਚਾਰ ਕਰਨ ਲਗੀ ਕੇ ਓਥੇ ਹੀ ਮੈਨੂੰ ਤਰਕਾਲ ਸੰਧਿਆਂ ਹੋ ਗਈ। ਤੇ ਮੈਂ ਕੰਧ ਨਾਲ ਲਗ ਕੇ ਸੌਂ ਗਈ। ਸੇਠਨੀ ਹੋਰੀ ਸਭ ਜਨਾਨੀਆਂ ਨੂੰ ਵਿਦਾ ਕਰ ਕੇ ਜਦ ਅੰਦਰ ਚੱਲਨ ਲਗੇ ਤਾਂ ਮੈਨੂੰ ਕੈਹਨ ਲਗੇ ਬੀਬੀ ਰੁਕੋ ਉੱਠ ਖਾਂ ਦੋ ਤਿੰਨ ਵੇਰੀ ਮੈਨੂੰ ਆਖਿਓ ਨੇ ਪਰ ਮੈਂ ਬੇਹੋਸ਼ ਸੁਤੀ ਹੋਈ ਸਾਂ ਇਸ ਵਾਸਤੇ ਦੱਬ ਕੇ

ਹਿਲਾ ਕੇ ਰੁਕੋ ਰੁਕੋ ਰੁਕੋ ਉਠ ਬੀਬਾ ਅੰਦਰ ਚੱਲ ਹੁਣ ॥

(ਮੈਂ) ਹਾਂ ਹਾਂ ਹੂੰ ਹੂੰ ਹਾਂ ਜੀ ਕੀਹ ਆਖਿਆ ਜੇ ॥

(ਸੇਠਨੀ) ਬੀਬੀ ਅੰਦਰ ਚਲ ਹੁਣ ਅਪਨਾ ਨਿਤ ਕਰਮ ਕਰੋ, ਭੁਲ ਗਈ ਹੈਂ ॥

(ਮੈਂ) ਅੱਛਾ ਬੇਬੇ ਜੀ ਚਲੋ ॥

(ਸੇਠਨੀ) ਅੰਦਰ ਜਾਕੇ ਤੇ ਮੇਰੇ ਮੂੰਹ ਵੱਲ ਦੇਖ ਕੇ ਰੁਕੋ ਫੇਰ ਭਾਵੇਂ ਅਗਿਆਨ ਦੀ ਬਦਲੀ ਗਿਆਨ ਦੇ ਸੂਰਜ ਅੱਗੇ ਆਗਈ ਹੈਂ। ਬੀਬੀ ਤੂੰ ਵਿੱਦਜ਼ਾ ਰੂਪੀ ਹਵਾ ਨਾਲ ਇਸ ਬਦਲੀ ਨੂੰ ਉਡਾ ਦੇਹ ਤੇ ਗਿਆਨ ਭੋਜ ਉਹੋ ਜੇਹੇ ਦਾ ਓਹੋ ਜੇਹਾ ਸਮ ਅਥਵਾ ਬਰਾਬਰ ਰੈਂਹਨ ਦੇ ਮੈਂ ਨੂੰ ਤੇਰੇ ਉਪਰ ਤਾਂ ਦ੍ਰਿੜ ਵਿਸ਼ਵਾਸ ਸੀ ਕਿ ਤੂੰ ਨਹੀਂ ਡੋਲੇਂਗੀ, ਦੇਹਾਂਤ ਭੀ ਕੋਈ ਚੀਜ ਹੈ ਜਿਸਦੀ ਚਿੰਤਾ ਕਰਨੀ ਚਾਹੀਦੀ ਹੈ ॥

(ਮੈਂ) ਬੇਬੇ ਜੀ ਹੱਥ ਜੋੜ ਕੇ ਤੇ ਅੱਖੀਆਂ ਵਿਚ ਅੱਥਰੂ ਭਰ ਕੇ ਮਾਤਾ ਜੀ ਦੇ ਦੇਹਾਂਤ ਦੀ ਚਿੰਤਾ ਤੇ ਨਹੀਂ ਕਰਦੀ ਜੇ ਮੈਂ ਤਾਂ ਉਸ ਗਲ ਦੀ ਚਿੰਤਾ ਪਈ ਕਰਨੀ ਹਾਂ ਕੇ ਪਿਤਾ ਜੀ ਨੇ ਭੀ ਮਾਤਾ ਜੀ ਵਾਂਙਨ ਏਹੀ ਸੇਠ ਹੋਰਾਂ ਨੂੰ ਆਖਿਆ ਹੈ ਕੇ ਹੁਣ ਰੁਕੋ ਨੂੰ ਦਿਓ ਤਾਂ ਮੈਂ ਅਪਨੇ ਸੌਹਰੇ ਲੈ ਜਾਕੇ ਤਾਂ ਇਸਦੇ ਫੇਰੇ ਕਰ ਦਿਆਂ ਸੋ ਇਸ ਗਲ ਦੇ ਸੁਨ ਦਿਆਂ ਹੀ ਮੈਂਨੂੰ ਐਸੀ ਚਿੰਤਾ ਲਗ ਗਈ ਹੈ ਕੇ ਕੀਹ ਦੱਸਾਂ, ਸੇਠਨੀ ਜੀ ਗਿਆਨ ਵਾਨ ਅਥਵਾ ਵਿੱਦਜ਼ਾ ਵਾਨ ਪੁਰਸ਼ ਤਾਂ ਕਿਸੇ ਦੇ ਸਮਝਾਏ ਸਮਝ ਜਾਂਦਾ ਹੈ ਪਰ ਅਗਿਆਨੀ ਪੁਰਸ਼ ਬੜਾ

ਹਨੀ ਹੁੰਦਾ ਹੈ। ਜੇ ਸੇਠ ਹੋਰਾਂ ਨਾਲ ਓਹ ਉੱਚਾ ਨੀਵਾਂ ਭੀ ਹੋਇਆ ਤਾਂ ਬੇਬੇ ਜੀ ਫੇਰ ਸੇਠ ਹੋਰੀ ਕਦ ਭਲਾ ਝਗੜਾ ਕਰਨ ਲਗੇ ਨੇ ਏਹਨਾਂ ਝਟ ਮੈਨੂੰ ਪਿਤਾ ਦੇ ਹਵਾਲੇ ਕਰ ਦੈਨਾ ਹੈ ਤੇ ਫੇਰ ਮੈਂ ਬੱਸ ਮੁਈਆਂ ਬੱਕਰੀ ਵਾਙਣ ਕਿਸੇ ਕਸਾਈ ਦੇ ਹੱਥ ਵਿਕ ਜਾਵਾਂਗੀ॥

(ਸੇਠਨੀ) ਰੁਕੋ ਗਲ ਤਾਂ ਸਭ ਠੀਕ ਹੈ ਪਰ ਤੇਰੇ ਪਿਤਾ ਅਜੇ ਹੁਣੇ ਹੀ ਏਹ ਗਲ ਕੈਹ ਦਿੱਤੀ ਹੈ। ਸੇਠ ਹੋਰੀ ਏਹ ਤਾਂ ਮੈਂ ਭੀ ਜਾਨਦੀ ਹਾਂ ਕੇ ਝਗੜਾ ਕਦੀ ਨਹੀਂ ਕਰਨਗੇ। ਪਰ ਓਹ ਸਿਆਨੇ ਨੇ ਤੈਂਨੂੰ ਉਪਾਉ ਆਪੇ ਦੱਸਨਗੇ ਜੋ ਤੇਰੇ ਪਿਤਾ ਏਹ ਕੰਮ ਕਰਨੇ ਸਨ ਤਾਂ ਤੇ ਅਜੇ ਨਾਹੀਂ ਆਂਵਦਾ ਤੇ ਹੱਛਾ ਸੀ॥

(ਮੈਂ) ਜੀ ਮੈਂ ਤੇ ਬੜੀ ਦੁਖੀ ਹੋਵਾਂਗੀ, ਜੇ ਸੇਠ ਹੋਰਾਂ ਮੇਰੀ ਹੁਣ ਕੁਛ ਤਰਫਦਾਰੀ ਨਾ ਕੀਤੀ ਤਾਂ, ਪਿਤਾ ਜੀ ਤਾਂ ਮੇਰੇ ਵਾਸਤੇ ਸਾਰੀ ਉਮਰ ਕੈਦ ਵਿਚ ਪਾਵਨ ਦਾ ਮਨਸੂਬਾ ਕਰਨ ਲਗੇ ਨੇ, ਸੋ ਹੁਣ ਸਰਬਵਿਆਪੀ ਹੀ ਕੋਈ ਉਪਾਉ ਕਰੇ ਤੇ ਹੱਛਾ ਹੋਵੇਗਾ ਬੇਬੇ ਜੀ ਮੈਂ ਤਾਂ ਹੱਥ ਜੋੜਨੀ ਹਾਂ ਕੇ ਈਸ਼ੁਰ ਜਾਂ ਮੈਂਨੂੰ ਲੈ ਲੈ ਯਾਂ ਪਿਤਾ ਜੀ ਨੂੰ॥

(ਸੇਠਨੀ) ਰੁਕੋ ਤੂੰ ਜੋ ਕੁਛ ਆਖਨੀ ਹੈਂ ਸੋ ਠੀਕ ਹੈ ਪਰ ਇਕ ਗਲ ਮੈਂ ਤੈਂਨੂੰ ਹੋਰ ਭੀ ਦੱਸਨੀ ਹਾਂ ਕੇ ਜੇ ਤੂੰ ਪਿਤਾ ਨੂੰ ਕੈਹ ਦੇਵੇਂ ਮੈਂ ਨਹੀਂ ਜਾਂਦੀ ਤਾਂ ਫੇਰ ਤੈਨੂੰ ਓਹ ਕੀ ਕਰੇਗਾ॥

(ਮੈਂ) ਜੀ ਏਹ ਤਾਂ ਮੈਂ ਕਰਾਂਗੀ ਪਰ ਸੇਠ ਹੋਰਾਂ ਨੇ ਪਿਤਾ ਜੀ ਨੂੰ ਮੇਰੀ ਬਾਂਹ ਪਕੜਾ ਦੇਨੀ ਹੈ ॥

(ਸੇਠਨੀ) ਤੂੰ ਅਜੇ ਚਿੰਤਾ ਨਾ ਕਰ ਸੇਠ ਹੋਰੀ ਜਦ ਸਭ ਕੁਛ ਅਪਨੀ ਮਰਜੀ ਦੱਸਨਗੇ ਤਾਂ ਫੇਰ ਕੁਛ ਉਪਾਉ ਕਰਾਂਗੇ ॥

ਅਜੇ ਏਹ ਗਲਾਂ ਹੋ ਹੀ ਰਹੀਆਂ ਸਨ ਕੇ ਸੇਠ ਹੋਰੀ ਮੇਰੇ ਪਿਤਾ ਜੀ ਨੂੰ ਨਾਲ ਲੈਕੇ ਤੇ ਅੰਦਰ ਆਗਏ ਤੇ ਕੈਹਣ ਲਗੇ ਪਿਆਰੀ ਜੀ ਰੁਕੋ ਨੂੰ ਕੈਹਨਾ ਪਿਤਾ ਜੀ ਨੂੰ ਆਕੇ ਤੇ ਮਿਲੇ ॥

(ਸੇਠਨੀ) ਰੁਕੋ ਬੀਬੀ ਜਾ ਬਾਹਰ ਦਲਾਨ ਵਿਚ ਤੇਰੇ ਲਾਲੇ ਹੋਰੀ ਆਏਨੀ ਮਿਲ ਲੈ, ਤੇ ਆਪ ਵੀ ਨਾਲ ਹੀ ਮੇਰੇ ਬਾਹਰ ਹੋਕੇ ਮੇਰੇ ਪਿਤਾ ਜੀ ਨੂੰ ਇਸ ਤਰ੍ਹਾਂ ਕੈਹ ਕੇ (ਮਹਾਂਰਾਜ ਮਾਈ ਜੀ ਦੀ ਮਿਰਤਕ ਨਾਲ ਤੁਹਾਨੂੰ ਬੜਾ ਹੀ ਦੁਖ ਪਹੁੰਚਾ ਹੈ ਪਰ ਹੱਛਾ ਈਸ਼ੁਰ ਕਰਨੀ ਨੂੰ ਹੁਣ ਭਲਾ ਜਾਂਣ ਕੇ ਸ਼ਾਂਤੀ ਕਰੋ) ਤੇ ਏਹ ਤੁਹਾਡੀ ਪਿਆਰੀ ਧੀ ਰੁਕੋ ਜੇ ॥

(ਮੈਂ) ਹਿਠਾਂ ਨੂੰ ਧਿਆਨ ਕਰਕੇ ਤੇ ਕੋਲ ਖਲੀ ਹੋਕੇ ਲਾਲਾ ਜੀ ਮਾਤਾ ਜੀ ਤਾਂ ਤੁਹਾ ਨੂੰ ਬੜੀ ਯਾਦ ਕਰ ਕੇ ਤੇ ਮੂਈ ਹੈ ਤੁਹਾਡੇ ਦਰਸ਼ਨ ਨਹੀਂ ਸੂ ਹੋਏ । ਸੇਠ ਹੋਰਾਂ ਤੇ ਸੇਠਨੀ ਹੋਰਾਂ ਬੜੀ ਟੈਹਲ ਸੇਵਾ ਉਨਾਂ ਦੀ ਕੀਤੀ ਹੈ । ਪਰ ਈਸ਼ੁਰ ਇਛਿਆ ਜੋ ਇਸੇ ਤਰਾਂ ਸੀ ॥

(ਲਾਲਾ) ਇਕ ਦੁਹੱਥੜ ਮੇਰੇ ਸਿਰਤੇ ਐਸਾ ਮਾਰ ਕੇ ਜਿਸਦੇ ਨਾਲ ਮੇਰੀ ਹੋਸ਼ ਭੀ ਟਕਾਨੇ ਨਾ ਰਹੀ ਤੇ ਮੇਰੇ ਦੁਆਂ ਮੋਡਿਆਂ ਨੂੰ ਪਕੜ ਕੇ ਤੇ ਹਾਇਨੀ ਮੇਰੀਏ ਦੁਖਾਂਦੀਏ ਭੰਜਾਲਨੇ ਮੇਰੇ ਵਾਸਤੇ ਏਹ ਮਸਾਲ ਛੱਡ ਕੇ ਮਰਗਈਓਂ ਹਾਏਨੀ ਮੇਰੀਏ ਉਮਰਦੀਏ ਨੇਠੇ ਹੁਣ ਮੈਂ ਕੀ ਕਰਾਂਗਾ ॥ ਅਜੇਹੇ ਅਜੇਹੇ ਦੁਰਬਚਨ ਜੋਰ ਨਾਲ ਰੋ ਰੋ ਕੇ ਬੋਲਿਓ ਸੂ ਕੇ ਮੇਰਾ ਅੰਤਸ਼ਕਰਣ ਬੜਾ ਹੀ ਤੰਗ ਹੋਇਆ ਤੇ ਮੈਂ ਦਿਲ ਹੀ ਦਿਲ ਵਿਚ ਏਹ ਈਸੁਰ ਕੋਲੋਂ ਮੰਗਦੀ ਸਾਂ ਕੇ ਪਰਮਾਤਮਾਂ ਮੈਨੂੰ ਇਸ ਕੋਲੋਂ ਛੁਡਾ ਮਤਾਂ ਇਕ ਹੋਰ ਦੁਹੱਥੜ ਮਾਰੇ ਤਾਂ ਮੈਂ ਭੀ ਮਰਜਾਵਾਂ। ਸੇਠ ਹੋਰੀ ਤਾਂ ਓਥੋਂ ਝੱਟ ਪਰੇ ਜਾ ਖਲੋਤੇ ਤੇ ਸੇਠਨੀ ਹੋਰੀ ਅੰਦਰ ਵੱਲ ਜਾਬੈਠੀ। ਇਕ ਮੈਂ ਦੁਸ਼ਟਨੀ ਓਸ ਅਗਿਆਨੀ ਪਿਤਾ ਦੇ ਘੇਰੇ ਵਿਚ ਆਗਈ। ਤੇ ਬਹੁਤ ਤੰਗ ਹੋਕੇ ਮੈਂ ਆਖਿਆ ॥

ਲਾਲਾ ਜੀ ਹੁਣ ਬੱਸ ਕਰੋ ਤੇ ਮੈਨੂੰ ਛੱਡੋ, ਮੈਂ ਬਹੁਤ ਬਿਆਕੁਲ ਹੋ ਗਈਆਂ ॥

ਮੇਰਾ ਏਹ ਕੈਹਨਾ ਹੀ ਸੀ ਕੇ ਲਾਲੇ ਹੋਰੀ ਮੇਰੇ ਗਲ ਵਿਚ ਦੋਵੇਂ ਹੱਥ ਜੋਰ ਨਾਲ ਪਾਕੇ ਤੇ ਬੜੇ ਜੋਰ ਨਾਲ ਢਾਂਹ ਮਾਰਨ ਲਗ ਪਏ। ਫੇਰ ਤੇ ਮੈਂ ਭੀ ਏਹ ਸਮਝਕੇ ਕੇ ਜਿਨਾਂ ਮੈਂ ਆਖਾਂਗੀ ਉਨਾਂ ਹੀ ਇਨਾਂ ਹੱਥ ਵਧਾਨਾ ਹੈ ਮੈਂ ਚੁਪ ਕਰ ਰਹੀ ਤੇ ਓਹ ਰੋਂਦੇ ਰਹੇ। ਕਿਸੇ ਨੇ ਕੋਲੋਂ ਏਹ ਨਾ ਆਖਿਆ ਕੇ ਚੁਪ ਕਰੋ ਆਪੇ ਹੀ ਥੱਕ ਕੇ ਤੇ ਚੁਪ ਕੀਤੀ ਤੇ ਮੈਂਨੂੰ

ਛਡਿਆ ਫੇਰ ਇਸ ਤਰਾਂ ਕੈਹਨ ਲਗੇ, ਹੁਣ ਮੱਲਾ ਰੁਕੋ ਮਾਂ ਤੇਰੀ ਗਈ ਮਰ, ਉਸਦਾ ਨਾ ਹੋਇਆ ਕੋਈ ਘਰ, ਹੁਣ ਤੂੰ ਪਰਸੋਂ ਮੇਰੇ ਨਾਲ ਚਲੀਂ ਤੈਂਨੂੰ ਨਾਨਕੇ ਛਡ ਕੇ ਤੇ ਮੈਂ ਫੇਰ ਕਿਧਰੇ ਨਿਕਲਾਂਗਾ ॥

(ਮੈਂ) ਚੰਗਾ ਜੀ ਹੁਣ ਤੁਸੀਂ ਸ਼ਾਂਤੀ ਕਰੋ। ਭਲਕੇ ਪਰਸੋਂ ਜਿਹਾ ਚੰਗਾ ਹੋਵੇਗਾ ਤਿਹਾ ਕਰਨਾ ॥

(ਸੇਠ) ਲਾਲਾ ਜੀ ਏਹ ਲੌ ਜਲ ਮੂੰਹ ਹੱਥ ਧੋਵੋ ਤੇ ਹੁੱਕਾ ਪਾਨੀ ਪੀਂਦੇ ਹੁੰਦੇ ਹੋ ਤਾਂ ਪੀਵੋ ॥

(ਲਾਲਾ) ਸੰਭਾਲ ਲਵਾਂਗੇ ਹੁੱਕਾ ਪਾਨੀ ਕਿਧਰੇ ਨੱਸ ਜਾਨਾ ਹੈ ॥

(ਸੇਠ) ਮਹਾਰਾਜ ਬਹੁਤਾ ਰੋਨਾ ਅੱਛਾ ਨਹੀਂ ਕਿਉਂ ਜੋ ਪਰਾਨੀ ਨਰਕ ਵਿਚ ਜਾਂਦਾ ਹੈ ॥

(ਲਾਲਾ) ਵੇਹਖਾਂ ਤੂੰ ਸਾਡੇ ਨਾਲੋਂ ਸਿਆਨਾਂ ਜੰਮ ਪਿਆ ਹੈਂ। ਸਾਡੀ ਦਾਹੜੀ ਐਵੇਂ ਹੀ ਚਿੱਟੀ ਹੋ ਗਈ ਹੈ, ਯਾਰ ਤੁਹਾਡੇ ਸ਼ਹਿਰ ਦਾ ਰਵਾਜ ਬੜਾ ਔਤਰਾ ਹੈ। ਏਥੇ ਕਿਸੇ ਨੇ ਮਰਕੇ ਤੇ ਕੀਹ ਲੈਨਾਏ, ਹੁਣ ਏਹੀ ਰੁਕੋ ਦੀ ਮਾਂ ਜੇ ਅਪਨੇ ਘਰ ਯਾਂ ਪੇਕੇ ਮਰਦੀ ਤਾਂ ਦੇਖਦੋਂਨਾ ਫੇਰ ਐਸ ਵੇਲੇ ਤਾਕਨ ਤਾਂ ਅਜੇ ਕਹੀਆ ਕਹੀਆ ਹੀ ਪਿਆ ਹੁੰਦਾ। ਤੇ ੧੭ ਦਿਨ ਓਹ ਸਿਆਪਾ ਹੁੰਦਾ ਕੇ ਕੀਹ ਕੈਹਨਦੀ ਗਲ ਹੈ ॥

(ਸੇਠਨੀ) ਸੁਆਮਿਨ ਤੁਸੀਂ ਲਾਲਾ ਹੋਰਾਂ ਨੂੰ ਐਸ ਵੇਲੇ ਕੁਛ ਨਾ ਆਖੋ, ਕਿਉਂ ਜੋ ਉਨਾਂ ਦਾ ਦਿਲ ਹੀ ਜਾਂਨਦਾ ਜੇ,

ਕੇ ਉਨ੍ਹਾਂ ਨੂੰ ਕਹੀਕੁ ਲਗੀ ਹੈ। ਮਹਾਰਾਜ ਤੁਸੀਂ ਅੰਦਰ ਆਵੋ ਤੇ ਸੰਧਿਆ ਕਰ ਲਈਏ, ਰੁਕੋ ਭੈਨ ਤੂੰ ਭੀ ਹੱਥ ਮੂੰਹ ਧੋਖਾਂ ਤੇ ਸੰਧਿਆ ਕਰ ਲੈ॥

(ਮੈਂ) ਹੱਛਾ ਬੇਬੇ ਜੀ ਪਿਤਾ ਹੋਰਾਂ ਕੋਲੋਂ ਅਪਨੇ ਆਪ ਨੂੰ ਛਡਾ ਕੇ ਤੇ ਮੂੰਹ ਹੱਥ ਧੋਤਾ ਤੇ ਫੇਰ ਮੈਂ ਭੀ ਸੇਠ ਹੋਰਾਂ ਤੇ ਸੇਠਨੀ ਹੋਰਾਂ ਨਾਲ ਜਾ ਆਸਨ ਤੇ ਬੈਠੀ ਤੇ ਸੰਧਿਆ ਕਰਨ ਲਗ ਪਈ, ਜਦ ਮੈਂ ਸੇਠ ਹੋਰੀ ਤੇ ਸੇਠਨੀ ਹੋਰੀ ਨਿਤ ਨੇਮ ਕਰ ਬੈਠੇ ਤਾਂ ਫੇਰ ਮੈਂ ਪਿਤਾ ਜੀ ਹੋਰਾਂ ਦੇ ਪਾਸ ਆਕੇ ਤੇ ਬੈਠ ਗਈ ਤੇ ਸਾਰਾ ਹਾਲ ਉਨ੍ਹਾਂ ਨੂੰ ਅਪਨਾ ਸੁਨਾਇਆ ਤੇ ਮੈਂ ਆਖਿਆ ਕੇ ਹੁਣ ਤੁਸੀਂ ਕਿਧਰੇ ਜਾਨ ਦੀ ਸਲਾਹ ਨਾ ਕਰੋ। ਸੇਠ ਹੋਰਾਂ ਪਾਸ ਅਪਨੀ ਹਟੀ ਤੇ ਬਹੁਤ ਕੰਮ ਧੰਦਾ ਹੈ, ਤੁਹਾਡਾ ਰੁਜਗਾਰ ਲਾ ਦੇਵਨਗੇ। ਜਦ ਇਧਰੋਂ ਵੇਹਲੇ ਹੋਵਣਗੇ ਤਾਂ ਫੇਰ ਸਭ ਕੁਛ ਹੱਛਾ ਹੋ ਜਾਵੇਗਾ ਮੇਰੇ ਨਾਨਕੇ ਜਾਕੇ ਤੇ ਐਵੇਂ ਧੱਕੇ ਹੀ ਖਾਨੇ ਨਾ, ਤੇ ਨਾਲੇ ਉਨ੍ਹਾਂ ਦੇ ਦਿਨ ਭੀ ਕੋਈ ਅੱਜ ਕੱਲ ਹੱਛੇ ਨਹੀਂ ਨਜਰ ਆਂਵਦੇ ਜਦ ਪਰਮੇਸ਼ੁਰ ਤੁਹਾ ਨੂੰ ਸਭ ਸੁਖ ਏਥੇ ਹੀ ਦੇ ਦੇਵੇਗਾ ਤਾਂ ਫੇਰ ਹੋਰ ਕੀ ਕਰਨਾ ਜੇ॥

(ਸੇਠ) ਲਾਲਾ ਜੀ ਆਓ ਪਰਸ਼ਾਦ ਪਾਓ ਤਿਆਰ ਹੈ॥

(ਲਾਲਾ) ਜੁਆਨ ਮੈਂ ਤੇ ਅੱਜ ਰੋਟੀ ਝੋਟੀ ਨਹੀਂ ਖਾਨੀ ਤੂੰ ਆਪ ਜਾਨਦਾ ਹੈਂ ਜਿਦੇ ਘਰੋਂ ਮਰਜਾਦੀ ਹੈ ਓਹ ਰੋਟੀ

ਖਾਨ ਜੋਗਾ ਰਹਿੰਦਾ ਹੈ। ਆਖਾਂ ਰੁਕੋ ਔਧਰ ਨੂੰ ਜਰਾ ਧੀਏ ਗਲਾਂ ਹੀ ਕਰੀਏ ॥

(ਸੇਠਨੀ) ਭੈਨ ਰੁਕੋ ਤੂੰ ਫੇਰ ਰੋਟੀ ਖਾਕੇ ਨੇ ਜਾ ਕਿਉਂ ਜੋ ਫੇਰ ਸੇਠ ਹੋਰਾਂ ਨੇ ਅਰਾਮ ਕਰਨਾ ਹੋਵੇਗਾ ॥

(ਮੈਂ) ਬੇਬੇ ਜੀ ਬਹੁਤ ਅੱਛਾ ਮੈਂਨੂੰ ਬਹੁਤੀ ਭੁਖ ਨਹੀਂ ਤੇ ਸੇਠ ਹੋਰੀ ਖਾ ਲੈਨ ਨਾ ॥

(ਸੇਠ) ਬੀਬੀ ਰੁਕੋ ਤੂੰ ਆਜਾ ਤੇ ਖਾ ਲੈ ਫੇਰ ਲਾਲੇ ਹੋਰਾਂ ਕੋਲ ਬੈਠੀਂ ਤੇ ਗਲਾਂ ਸੁਨੀ ਸੁਨਾਈਂ ॥

(ਲਾਲਾ) ਰੁਕੋ ਬੀਬੀ ਤੂੰ ਭੀ ਅੱਜ ਰੋਟੀ ਨਾ ਖਾ ਤੇਰੀ ਮਾਂ ਤਾਂ ਪੂਰੀ ਹੋ ਗਈ ਹੈ। ਤੇ ਇਸ ਵਾਸਤੇ ਚੰਗਾ ਨਹੀਂ ॥

(ਮੈਂ) ਲਾਲਾ ਜੀ ਮੈਂਨੂੰ ਭੁੱਖ ਤਾਂ ਥੋੜੀ ਹੈ। ਪਰ ਪਰਮੇਸ਼ੁਰ ਦਾ ਹੁਕਮ ਹੈ ਕੇ ਅੰਨ ਨੂੰ ਜਦ ਇੱਛਾ ਖਾਵਨਦੀ ਹੋਵੇ ਤਿਆਗੇ ਨਾ। ਫੇਰ ਮਿਲਦਾ ਨਹੀਂ ਸੋ ਮੈਂ ਜਿਤਨੀ ਭੁੱਖ ਹੋਵੇਗੀ ਖਾਂਗੀ। ਸਚੋਂ ਤੁਸੀਂ ਭੀ ਖਾ ਲੋ ਅੱਜ ਜੇ ਨਾ ਖਾਓਗੇ ਕਲ ਖਾਓਗੇ ਪਰਸੋਂ ਖਾਓਗੇ ਏਹ ਛੁਟਨਾ ਤੇ ਹੋਇਆ ਹੀ ਨਾ। ਪਰਸ਼ਾਦ ਪਾਲੋ ਤੇ ਫੇਰ ਜੋਹੜੀਆਂ ਗੱਲਾਂ ਸੋ ਗਲਾਂ ॥

(ਲਾਲਾ) ਮੈਂ ਤੇ ਬੀਬੀ ਨਹੀਂ ਖਾਂਦਾ ਇਸ ਮੁੰਡੇ ਨੂੰ ਥੋੜਾ ਟੁੱਕਰ ਖਵਾਦੇਈਂ ॥

(ਮੈਂ) ਹੱਛਾ ਫੇਰ ਤੁਸੀਂ ਉਸ ਬੈਠਕ ਵਿਚ ਚੱਲਕੇ ਤਾਂ ਬੈਠੋ ਮੈਂ ਰੋਟੀ ਖਾ ਕੇ ਤੇ ਆਵਨੀ ਹਾਂ ॥

ਲਾਲੇ ਹੋਰੀ ਤਾਂ ਬੈਠਕ ਵਿਚ ਜਾ ਬੈਠੇ ਤੇ ਮੈਂ ਇਸ ਮੁੰਡੇ ਨੂੰ ਨਾਲ ਲੈਕੇ ਰੋਟੀ ਖਾਵਨ ਗਈ ॥

(ਸੇਠ)ਰੁਕੋ ਤੇਰਾ ਪਿਤਾ ਕਿਸ ਸੁਭਾਵ ਦਾ ਆਦਮੀ ਹੈ ਮੈਂ ਤਾਂ ਉਸਦੇ ਨਾਲ ਗਲ ਕਰਨੋਂ ਡਰਨਾਂ ਹਾਂ ॥

(ਸੇਠਨੀ) ਸੁਆਮਿਨ ਮੈਂ ਤਾਂ ਅਗੇ ਹੀ ਪਈ ਡਰਦੀ ਸਾਂ ਕੇ ਮਤਾਂ ਸੇਠ ਹੋਰਾਂ ਨੂੰ ਗੁਸਾ ਨਾ ਆ ਜਾਵੇ ਕਿਉਂ ਜੋ ਲਾਲਾ ਹੋਰਾਂ ਦੀ ਬੋਲੀ ਵਿਚ ਮਿਠਾਸ ਹੈ ਹੀ ਨਹੀਂ ॥

(ਮੈਂ) ਜੀ ਮੈਂ ਤਾਂ ਆਪ ਬੜੀ ਖੌਫ ਪਈ ਖਾਂਦੀਸਾਂ ਕੇ ਮਤਾ ਸੇਠ ਹੋਰੀ ਤੰਗ ਹੋਕੇ ਤੇ ਆਖਨ ਲੈਭਾਈ ਅਪਨੀ ਧੀਸਾਂਭ ਤੇ ਟੁਰਦਾ ਹੋ ॥

(ਸੇਠ) ਅੱਛਾ ਰੁਕੋ ਤੂੰ ਏਹ ਖਿਆਲ ਕਰ ਲਿਆ ਸੀ ਬੇਸ਼ੱਕ ਮੇਰੇ ਦਿਲ ਵਿਚ ਤਾਂ ਏਹੀ ਗਲ ਹੋ ਗਈ ਸੀ ਕੇ ਫੁੱਲ ਚੁਨਨਦੇ ਪਿਛੋਂ ਜੇ ਤੇਰੇ ਪਿਉ ਨੇ ਤੈਂਨੂੰ ਮੰਗਿਆ ਤਾਂ ਮੈਂ ਉਸਦੇ ਹਵਾਲੇ ਤੈਂਨੂੰ ਕਰ ਦਿਆਂਗਾ ਕਿਉਂ ਜੋ ਮੈਂ ਅਜੇਹੇ ਬੇਸਮਝ ਆਦਮੀ ਨਾਲ ਝਗੜਨਾ ਨਹੀਂ ਚਾਹੁੰਦਾ ॥

(ਮੈਂ) ਸੇਠ ਜੀ ਹੁਣ ਤੁਸੀਂ ਸੋਚ ਸਮਝਕੇ ਸਭ ਕੁਛ ਕਰਨਾ ਤੇ ਏਹ ਦੇਖੋ ਨਾ ਮੈਂ ਹੱਥ ਜੋੜ ਕੇ ਆਖਨੀ ਹਾਂ ਜੇ ਤੁਸੀਂ ਮੇਰੇ ਦਰਦੀ ਭਰਾਤਾ ਹੋ ਤਾਂ ਹੁਣ ਮੈਂਨੂੰ ਪਿਤਾ ਨਾਲ ਨਾ ਟੋਰਨਾ ॥

(ਸੇਠਨੀ) ਹੱਸ ਕੇ ਤੇਹੱਥ ਜੋੜਕੇ ਸੁਆਮਿਨ ਰੁਕੋ ਵਛੋ

ਜਨ ਜੋਗ ਨਹੀਂ ਜਾਨਾ ਤਾਂ ਬੇਸ਼ੱਕ ਇਸਨੇ ਦੂਸਰੇ ਘਰ ਹੋਵੇ ਹੀਗਾ ਪਰ ਮਦਨਗੋਪਾਲ ਹੀ ਠੀਕ ਹੈ॥

(ਸੇਠ) ਹੱਛਾ ਪਿਆਰੀਜੀ ਜਿਥੋਂ ਤਾਕਨ ਹੋ ਸਕੇਗਾ ਓਥੋਂ ਤਾਕਨ ਤੇ ਰੁਕੋ ਨੂੰ ਜਾਨ ਨਹੀਂ ਦੇਂਦੇ। ਪਰ ਲਾਲਾ ਹੋਰੀ ਆਦਮੀ ਕਿਸੇ ਤਰ੍ਹਾਂ ਦੇ ਨੇ ਮੇਰੀ ਤੇ ਨਹੀਂ ਮੰਨਨ ਲਗੇ ਤੂੰ ਰੁਕੋ ਕੁਛ ਸਮਝਾਈਂ ਨੇ ਭਲਾ ਜੇ ਸਮਝ ਜਾਵਨ ਨਹੀਂ ਤਾਂ ਫੇਰ ਹੋਰ ਕੁਛ ਬੰਦੋਬਸਤ ਕਰਾਂਗੇ॥

ਜਦ ਮੈਂ ਰੋਟੀ ਟੁਕਰ ਖਾਕੇਤੇ ਲਾਲੇ ਹੋਰਾਂ ਵਲ ਗਈ ਤਾਂ ਓਹ ਸੌਂਗੇ ਹੋਏ ਸਨ ਏਸ ਵਾਸਤੇ ਮੈਂ ਫੇਰ ਮੁੜ ਆਈ ਤੇ ਏਸ ਮੁੰਡੇ ਨੂੰ ਸਵਾ ਕੇ ਤੇ ਮੈਂ ਈਸ਼ੁਰ ਪਰਾਰਥਨਾ ਕਰਨ ਲਗੀ। ਮੇਰੇ ਦਿਲ ਵਿਚ ਮਾਤਾਂ ਜੀ ਦੀ ਦੇਹਾਂਤ ਦਾ ਕੋਈ ਖਿਆਲ ਭੀ ਨਾਂ ਆਇਆ। ਪਰ ਏਹਨਾਂ ਗਲਾ ਨੇ ਮੇਰੇ ਦਿਲ ਵਿਚ ਐਜਹੀ ਚਿੰਤਾ ਉਤਪਨ ਕੀਤੀ ਕੇਮੈਂ ਸਾਰੀ ਰਾਤ ਨਾਂ ਸੌਂ ਸਕੀ। ਕਦੀ ਤਾਂ ਮੈਂ ਏਹ ਖਿਆਲ ਕਰਦੀ ਸੀ ਕੇ ਜੇਕਰ ਪਿਤਾ ਜੀ ਨੇ ਨਾਂ ਮੰਨਿਆਂ। ਤੇ ਸੇਠ ਹੋਰਾਂ ਮੈਨੂੰ ਉਨ੍ਹਾਂ ਦੇ ਹਵਾਲੇ ਕਰ ਭੀ ਦਿਤਾ ਤਾਂ ਫੇਰ ਖਬਰੇ ਮੈਨੂੰ ਕਿਥੇ ਵਿਵਾਹਨ॥ ਕਦੀ ਮੈਂਨੂੰ ਏਹ ਖਿਆਲ ਆਂਵਦਾ ਸੀ ਕੇ ਜੇ ਸੇਠ ਹੋਰਾਂ ਮੈਨੂੰ ਜੋਰ ਨਾਲ ਰਖਭੀ ਲੀਤਾ ਤਾਂ ਪਿਤਾ ਹੋਰੀ ਮੈਨੂੰ ਤੇ ਸੇਠ ਹੋਰਾਂ ਨੂੰ ਕਿਧਰੇ ਬਦਨਾਮ ਨਾ ਕਰਨ ਪਏ ਏਹ ਸਭ ਸੋਚ ਸਾਚ ਕੇ ਤੇ ਮੈਂ ਅਪਨੇ ਦਿਲ ਵਿਚ ਏਹ ਗਲ ਜਾਨ ਲੀਤੀ ਕੇ ਸਵੇਰੇ ਮੈਂ ਆਪ ਲਾਲੇ ਹੋਰਾਂ ਨੂੰ ਆਖਾਂਗੀ

ਕੇ ਮੈਨੂੰ ਤੁਸੀ ਏਥੇ ਹੀ ਰੈਹਨ ਦਿਉ ਤੇ ਤੁਸੀਂ ਭੀ ਹਟੀਤੇਕਮ ਕੀਤਾ ਕਰੋ। ਜੇਕਰ ਮੰਨ ਲੈਨ ਤਾਂ ਵਾਹ ਭਲਾ ਨਹੀਂ ਤਾਂ ਫੇਰ ਮੈਂ ਸਚ ਸਚ ਕੈਹ ਦਿਆਂ ਗੀ ਕੇ ਮੈਂ ਕਿਧਰੇ ਨਹੀਂ ਜਾਂਦੀ। ਜਦ ਸਵੇਰ ਹੋਈ ਤਾਂ ਫੇਰ ਮੈਂ ਉਠਕੇ ਬੈਠਕ ਵਲ ਗਈ। ਅਗੇ ਲਾਲੇ ਹੋਰੀ ਬੈਠੇ ਹੋਏ ਸਨ ਮੈਨੂੰ ਦੇਖਕੇ ਆਖਨ ਲਗੇ ਰੁਕੋ ਧੀਏ ਜਾਗੀ ਹੈਂ ॥ ਬਿਹਾਰੀ ਭੀ ਉਠਿਆ ਹੈ ਕੇ ਨਹੀਂ ਅਜੇ ॥

(ਮੈਂ) ਬਿਹਾਰੀ ਤਾਂ ਅਜੇ ਸੁਤਾ ਹੋਇਆਏ ਮੈਂ ਤੇ ਕਿਸੇ ਵੇਲੇ ਦੀ ਜਾਗੀ ਹੋਈ ਹਾਂ ॥

(ਲਾਲਾ) ਧੀਏ ਹੁਨ ਤੇਰੀ ਕਦੋਂ ਚਲਨ ਦੀ ਸਲਾਹ ਏ ॥ ਤੇ ਤੇਰੀ ਮਾਂਦੀ ਕੋਈ ਰਖੀ ਰਖਾਈ ਹੋਵੇ ਤਾਂ ਲਿਆ ਖਾਂ ਜੇ ਕਿਦਰੋ ਉਸੇ ਨਾਲ ਪੈਰ ਲਗ ਜਾਵਨ ਤਾਂ ਫੇਰ ਦੋ ਚਾਰ ਸੌ ਰੁਪਜੇ ਬਨਜਾਵਨ ਤੇ ਸਭੀ ਮਨੋਰਥ ਪੂਰੇ ਹੋਜਾਵਨ ॥

(ਮੈਂ) ਲਾਲਾ ਜੀ ਮਾਤਾ ਹੋਰਾਂ ਨੂੰ ਕਦੀ ਕਿਸੇ ਚੀਜ਼ ਯਾਂ ਕਪੜੇ ਦੀ ਅਪਨੇ ਯਾਂ ਮੇਰੇ ਵਾਸਤੇ ਲੋੜ ਪੈਂਦੀ ਸੀ ਤਾਂ ਝਟ ਸੇਠ ਹੋਰੀ ਲੈ ਭੇਜਦੇ ਸਨ ਫੇਰ ਮਾਤਾ ਹੋਰਾਂ ਨੇ ਪੈਸੇ ਧੇਲੇ ਕਾਹਦੇ ਵਾਸਤੇ ਮੰਗਨੇ ਸਨ ਸਗੋਂ ਸੇਠ ਹੋਰੀ ਤੇ ਸੇਠਨੀ ਹੋਰੀ ਰੋਜ ਮੋਥੋਂ ਤੇ ਓਨ੍ਹਾਂ ਕੋਲੋਂ ਪੁਛਦੇ ਰੈਹੰਦੇ ਹੁੰਦੇ ਸਨ ਕੁਛ ਰੁਪੈ ਪੈਸੇ ਅਪਨੇ ਕੋਲ ਰਖ ਛਡਿਆ ਕਰੋ ਕਦੀ ਲੋੜ ਹੋਵੇ ਤਾਂ ਖਰਚ ਵਰਚ ਲਿਆ ਕਰੋ ਕਈ ਵੇਰੀ ਸੇਠਨੀ ਹੋਰੀ ਦਸ ਦਸ ਪੰਦਰਹ ਪੰਦਰਹ ਰੁਪੈ ਮਾਈ

ਹੋਰਾਂ ਨੂੰ ਜੋਰ ਨਾਲ ਦੇ ਆਉਂਦੇ ਹੁੰਦੇ ਸਨ ਪਰ ਓਹ ਘੜੀ ਕੁ ਰਖ ਕੇ ਫੇਰ ਦੇ ਜਾਂਦੇ ਹੁੰਦੇ ਸਨ ਤੇ ਕਹਿੰਦੇ ਹੁੰਦੇ ਸਨ। ਬੀਬੀ ਜੀ ਮੈਂ ਏਹਨਾਂ ਨੂੰ ਕੀਹ ਕਰਨਾ ਹੈ ਤੁਸੀ ਰੱਖੋ ਹਾਂ ਏਹ ਇਕ ਗਲ ਮਾਤਾ ਜੀ ਨੇ ਅਪਨੇ ਜੀਉਂਦੀਆਂ ਕੀਤੀ ਸੀ। ਕੇ ਛਾਨ ਬੂਰਾ ਤੇ ਹੋਰ ਅਲੜ ਪਲੜ ਜੋ ਘਰ ਵਿਚੋਂ ਜਨਾਨੀਆਂ ਐਵੇਂ ਸੁਟ ਛਡ ਦੀਆਂ ਨੇ ਕੱਠਾ ਕਰ ਕੇ ਤੇ ਵੇਚ ਕੇ ਕੋਈ ੮੦) ਕੂ ਰੁਪੈ ਜੋੜੇ ਸਾਸੂ ॥ ਜੇਹੜੇ ਮਰਨ ਕੋਲੋਂ ਪਹਲਾਂ ਸੇਠ ਹੋਰਾਂ ਨੂੰ ਦੇ ਛਡੇ ਸਾਸੂਤੇ ਕਹਿਆ ਸਾਸੂਕੇ ਜਿਥੇ ਜੀ ਕਰੇਗਾ ਜੇ ਖਰਚ ਦੇਨੇ ਏਹ ਤੁਹਾਡੇ ਹੀਨੇ ॥

(ਲਾਲਾ) ਹਥ ਮਲਕੇ ਤੇ ਮੂੰਹੋਂ ਆਖਕੇ। ਹੇ ਬੇਅਕਲੇ ਤੈਨੂੰ ਮਰਨ ਤਕ ਏਹ ਅਕਲ ਨਾਂ ਆਈ ਕੇ ਅਪਨਾ ਘਰ ਹੀ ਅਪਨਾ ਹੁੰਦਾ ਹੈ। ਜੇ ਰੁਕੋ ਤੇਰੀ ਅਮਾਂ ਨੂੰ ਅਕਲ ਹੁੰਦੀ ਤਾਂ ਮੈਂ ਕਿਉ ਕੰਗਾਲ ਹੋ ਜਾਂਵਦਾ ਤੇ ਓਹੋ ਐਹੋ ਜੇਹੇ ਘਰ ਵਿਚ ਆਕੇ ਚੋਰੀ ਛਪੀ ਵੀ ਐਨੇ ਚਿਰ ਵਿਚ ਰੁਪੈ ਚਾਰ ਪੰਜ ਸੌਨਾਂ ਬਨਾਂ ਲੈਂਦੀ। ਤੇ ਏਹ ੮੦) ਰੁਪੈ ਉਨ੍ਹਾਂ ਨੂੰ ਕੀ ਦੇਨ ਦੀ ਲੋੜ ਸਾਸੂ ਤੈਨੂੰ ਦੇ ਛਡਦੀ। ਤੇ ਤੂੰ ਭੀ ਕੁਛ ਜਮਾ ਕੀਤਾ ਹੈ ਕੇ ਨਹੀਂ।

(ਮੈਂ) ਪਿਤਾ ਜੀ ਜਦ ਸੇਠ ਹੋਰੀ ਤੇ ਸੇਠਨੀ ਹੋਰੀ ਸਭ ਕੁਛ ਬਿਨਾਂ ਮੰਗਿਆਂ ਹੀ ਦੇਂਦੇ ਰਹਿੰਦੇ ਨੇ ਤੇ ਫੇਰ ਮੈਨੂੰ ਮੰਗਨ ਦੀ ਕੀਹ ਲੋੜ ਹੋਈ ਵਰਾਹ ਦਿਨ ਹੋਗਿਆ ਹੈ, ਕੇ ਸਭ ਕੁਛ ਘਰ ਦਾ ਹਿਸਾਬ ਤੇ ਕੁੰਜੀਆਂ ਮੇਰੇ ਹੀ ਹਥ ਨੇ ਓਨ੍ਹਾਂ ਕਦੀ ਕੁਛ ਪੁਛਿਆ ਹੀ ਨਹੀਂ ਕੇ ਕੀਹ ਮੈਂ ਕਰਨੀ

ਹਾਂ ਤੇ ਕੀਹ ਨਹੀਂ । ਲਾਲਾ ਜੀ ਜਦ ਮਾਲਕ ਅਜੇਹਾ ਹੋਵੇ ਤਾਂ ਦਾਸ ਨੂੰ ਸ਼ੁਧ ਭਾਵਨਾ ਤੇ ਪਰਮ ਪਰੀਤੀ ਨਾਲ ਦੈਹਲ ਸੇਵਾ ਕਰਨੀ ਚਾਹੀਦੀ ਹੈ ॥

(ਲਾਲਾ) ਮੱਥੇ ਤੇ ਹਥ ਮਾਰਕੇ ਭੁਸੀ ਦੋਵੇਂ ਹੀ ਇਕੋ ਜਹੀਆਂ ਰਹੀਆਂ ਹੋ ਜਹੀ ਮਾਂ ਤੇ ਤਹੀ ਧੀ ਅਠੀ ਪਾਂਜੀ ਗਿਨਦੀਆਂ ਵੀਹ ਰੁੜ ਗਈਓ ਤੂੰ ਤੇ ਅਜੇ ਉਮਰ ਸਾਰੀ ਭੋਗਨੀ ਸੀ ਤੂੰ ਭੀ ਅਪਨੇ ਵਾਸਤੇ ਕੁਛ ਨਾ ਕੀਤਾ । ਮੈਂ ਲਕੜੀਆਂ ਢੋ ਢੋ ਕੇ ਤੇ ੪੦) ੫੦) ਰੁਪਏ ਬਨਾ ਲਏ ਨੇ ਤੇ ਤੁਸਾਂ ਦੂੰਹ ਰੰਨਾਂ ਨੇ ਲੱਖਾਂਪਤੀ ਸੇਠ ਦੇ ਘਰ ਵਿਚ ਰੈਹ ਕੇ ਤੇ ਕੁਛ ਵੀ ਨਾ ਬਣਾਇਆ ਫਿਟੇਮੂੰਹ ਤੁਹਾਡੇ ਜੀਵੇ ਦਾ ॥

(ਮੈਂ) ਲਾਲਾ ਜੀ ਜੋ ਤੁਸੀਂ ਹੁਕਮ ਕਰੋ ਮੈਂ ਸੇਠ ਹੋਰਾਂ ਦੇ ਕੋਲੋਂ ਲੈ ਦੇਨੀ ਹਾਂ ਜਦ ਓਹ ਸਭ ਕੁਛ ਦੇਂਦੇ ਨੇ ਤੇ ਫੇਰ ਸਾਨੂੰ ਕੀਹ ਲੋੜ ਚੋਰੀ ਕਰਨਦੀ ਸੀ ਤੇ ਚੋਰੀ ਕਰਨਵਾਲਿਆਂ ਨੂੰ ਕੋਈ ਘਰ ਕਦ ਰੈਹਨ ਦੇਂਦਾ ਹੈ ॥

(ਲਾਲਾ) ਡਿੱਠਾ ਤੇਰਾ ਸੇਠ ਤੇ ਸੇਠਨੀ ਜਿਨ੍ਹਾਂ ਦੀ ਵ-ਡਿਆਈ ਪਈ ਕਰਨੀਏ ਮਾਂ ਤੇਰੀ ਦਾ ਤੇ ਦੀਵਾ ਭੀ ਨਹੀਂ ਨੇ ਬਾਲਿਆ ਨਾ ਕੋਈ ਕਿਰਿਆ ਕਰਮ ਵਾਲੀ ਗਲ ਕੀਤੀ ਨੇ ਖਬਰੇ ਹਿੰਦੂ ਨੇ ਕੇ ਕੀਹ ਨੇ, ਮੈਂ ਤਾਂ ਅਜੇਹਾਂ ਦੇ ਘਰ ਦਾ ਪਾਨੀ ਭੀ ਨਾ ਪੀਆਂ । ਭੈੜਾ ਠੇਠ ਤੇ ਨਾ ਸੇਠ ਮੈਨੂੰ ਓਹ ਰੁਪਏ ਅਪਨੀ ਮਾਂ ਵਾਲੇ ਲੈਦੇ ਤੇ ਚੱਲ ਫੇਰ ਏਥੋਂ ਚਲੀਏ ਏਥੇ ਰੈਹਨਾ ਚੰਗਾ ਨਹੀਂ ॥

(ਮੈਂ) ਪਿਤਾ ਜੀ ਰੁਪਏ ਤਾਂ ਜਿਨੇ ਆਖੋ ਮੈਂ ਤੁਹਾਨੂੰ ਲੈ ਦੇਨੀ ਹਾਂ ਪਰ ਮੈਂਨੂੰ ਅਜੇ ਉਨ੍ਹਾਂ ਨਹੀਂ ਜਾਨ ਦੇਨਾ। ਕਿਉਂ ਜੋ ਰੋਟੀ ਟੁੱਕਰ ਕਰਨ ਵਾਲਾ ਘਰ ਅਜੇ ਕੋਈ ਨਹੀਂ ਤੇ ਐਨੇ ਵਰਹੇ ਉਨ੍ਹਾਂ ਦਾ ਲੂਨ ਖਾਕੇ ਹੁਣ ਐਸ ਵੇਲੇ ਟੁਰ ਜਾਨਾ ਹੱਛਾ ਨਹੀਂ। ਦੇਖੋ ਖਾਂ ਉਨ੍ਹਾਂ ਮੇਰੀ ਮਾਤਾ ਦੇ ਮਰਨੇ ਉਤੇ ੬੦੦) ਰੁਪਏ ਖਰਚ ਕਰ ਦਿੱਤੇ ਨੇ ਅਜੇ ਏਨਾਂ ਹੀ ਹੋਰ ਭੀ ਕਰਨਗੇ ॥

(ਪਿਤਾ) ਮੱਥੇ ਤਰੀਊੜੀ ਪਾਕੇ ਤੇ ਹੱਥ ਪੱਟਾਂ ਤੇ ਮਾਰਕੇ ੬੦੦) ਕਾਹਦੇ ਉਤੇ ਲਗ ਗਿਆ ਨੇ ਕੋਈ ਗਊਆਂ ਮਨਸੀਆਂ ਨੇ ॥

(ਮੈਂ) ਪਿਤਾ ਜੀ ਤੁਸਾਂ ਡਿੱਠਾ ਨਹੀਂ ਸੀ। ਦੋ ਮਨ ਚੰਦਨ ਮਨ ਘਿਉ ਪ ਤੋਲੇ ਕਸਤੂਰੀ ਤੇ ਹੋਰ ਖੁਸ਼ਬੂ ਵਾਲੀਆਂ ਚੀਜਾਂ ਦੇ ਵਿਚ ਮਾਤਾ ਹੋਰਾਂ ਦਾ ਸਸਕਾਰ ਕੀਤਾ ਸਾਨੇ ਨਾਲੇ ਰੈਹਨੇ ਵਾਲੀ ਜਗ੍ਹਾ ਤੇ ਮਾਤਾ ਜੀ ਦੇ ਮਰਨੇ ਵਾਲੀ ਜਗ੍ਹਾ ਹਵਨ ਕੀਤਾ ਸਾਨੇ, ਕੋਈ ੩੦੦) ਰੁਪਏ ਦਾ ਅੰਨ ਗਰੀਬਾਂ ਨੂੰ ਵੰਡਿਆਂ ਨੇ ਸੋ ਏਸੇ ਤਰ੍ਹਾਂ ਹੋਰ ਭੀ ਖਰਚ ੧੦ਵੇਂ ੧੨ਵੇਂ ਤੇ ੧੭ਵੇਂ ਵਾਲੇ ਦਿਨ ਕਰਨਗੇ, ਤੁਸੀਂ ਕੈਂਹਦੇ ਹੋ ਕੇ ਸੇਠ ਤੇ ਸੇਠਨੀ ਦੀ ਐਡੀ ਸਿਫਤ ਕਰਨੀਏਂ ਸੋ ਮੈਂ ਕਿਸ ਤਰ੍ਹਾਂ ਨਾ ਕਰਾਂ ਉਨ੍ਹਾਂ ਕਿਸੇ ਕੰਮੋਂ ਕਦੀ ਨਾ ਨਹੀਂ ਕੀਤੀ, ਦੀਵਾ ਤੇ ਕਿਰਿਆ ਕੋਈ ਧਰਮ ਕਾਰਜ ਤੇ ਨਹੀਂ ਨਾ ਜੋ ਜੋ ਧਰਮ ਸ਼ਾਸਤਰ ਤੇ ਵੇਦ ਵਿਚ ਆਗਿਆ ਹੈ ਸੋ ਸੋ ਸਭ

ਕੀਤੇ ਨੇ ਤੇ ਕਰਨਗੇ ਭੀ ਤੇ ਕਰਦੇ ਵੀ ਬੜੀ ਖੁਸ਼ੀ ਤੇ ਖੁਲੇ ਦਿਲ ਨਾਲ ਨੇ। ਲੋਗ ਸਾਰੇ ਪਏ ਸਿਫਤਾਂ ਕਰਦੇ ਨੇ।

(ਪਿਤਾ) ਕੁੜੀਏ ਤੈਂਨੂੰ ਕੀਹ ਪਤਾ ਏਹਨਾਂ ਗਲਾਂ ਦਾ ਸੇਠ ਤਾਂ ਸੁਦਾਈ ਹੋਇਆ ਭਲਾ ਮੋਏ ਉੱਤੇ ਚੰਦਨ ਘਿਓ ਤੇ ਕਸਤੂਰੀ ਦਾ ਕੀਹ ਫਾਇਦਾ ਤੇ ਦੀਵਾ ਕਿਰਿਆ ਨਾਂ ਕੀਤੀ ਜਾਵੇ ਤਾਂ ਮੁਕਤੀ ਕਦੀ ਹੁੰਦੀ ਹੈ, ਤੈਂਨੂੰ ਕੀਹ ਪਤਾ ਧਰਮ ਸ਼ਾਸਤਰ ਕਿਸ ਨੂੰ ਕੈਂਹਦੇ ਨੇ ਜੋ ਕੁਛ ਉਨ੍ਹਾਂ ਆਖਿਆ ਸੋ ਤੂੰ ਸੁਨਕੇ ਕੈਂਹ ਛਡਿਆ ਕੇ ਠੀਕ ਹੈ, ਏਹ ਤੇਰਾ ਸੇਠ ਤੇ ਸੇਠਨੀ ਕੋਈ ਆਰਿਆਸਮਾਦੀ ਹੋਵਣਗੇ ਸੋ ਆਰਿਆ ਸਮਾਦੀ ਤੇ ਭਰਿਸ਼ਟ ਹੁੰਦੇ ਨੇ। ਏਹਨਾਂ ਦੇ ਮੂੰਹ ਭੀ ਨਹੀਂ ਲਗਨਾ ਚਾਹੀਦਾ ॥

(ਮੈਂ) ਪਿਤਾ ਜੀ ਮੈਂ ਤੁਹਾਨੂੰ ਕੀਹ ਆਖਾਂ, ਮੇਰੇ ਕੋਲੋਂ ਤੇ ਸੇਠ ਹੋਰਾਂ ਦੀ ਨਿੰਦਜਾ ਸੁਨੀ ਨਹੀਂ ਜਾਂਦੀ ਸੇਠ ਹੋਰਾਂ ਤਾਂ ਕੋਈ ਸਮਾਜੀ ਝਗੜੇ ਕਦੀ ਨਹੀਂ ਕੀਤੇ ਓਹ ਤਾਂ ਜੋ ਕੁਛ ਧਰਮ ਗਰੰਥਾਂ ਵਿਚ ਲਿਖਿਆ ਹੋਇਆ ਹੈ ਓਹੀ ਕਰਦੇ ਨੇ, ਤੁਸੀਂ ਜਦ ਮੈਂ ਛੋਟੀ ਜੇਹੀ ਹੁੰਦੀ ਸਾਂ ਤੇ ਕੈਂਹਦੇ ਹੁੰਦੇ ਸਾਓ ਕੇ ਜੋ ਕੁਛ ਗੁਰੂ ਨਾਨਕ ਸਾਹਿਬ ਨੇ ਕਹਿਆ ਹੈ ਸਭ ਸੱਚ ਹੈ, ਸੋ ਹੁਣ ਮੈਂ ਆਪ ਗਰੰਥ ਸਾਹਿਬ ਪੜ੍ਹਕੇ ਦੇਖ ਚੁਕੀ ਹਾਂ ਕੇ ਕਿਧਰੇ ਦੀਵੇ ਤੇ ਕਿਰਿਆ ਨਾਲ ਮੁਕਤੀ ਹੁੰਦੀ ਨਹੀਂ ਪੜ੍ਹੀ ਤੇ ਮਾਲੂਮ ਵੀ ਏਹੀ ਹੁੰਦਾ ਹੈ ਜੋ ਏਹ ਦੋਵੇਂ ਗਲਾਂ ਲੌਕਿਕ ਵਿਵਹਾਰ ਨੇ। ਕਿਧਰੇ ਇਨ੍ਹਾਂ ਦਾ

ਰਵਾਜ ਹੈ ਤੇ ਕਿਧਰੇ ਨਹੀਂ ਸੋ ਕਿਰਤ ਓਹਾ ਕਰਾਨੀ ਚੰਗੀ ਹੁੰਦੀ ਹੈ ਜੋ ਸਾਡੇ ਧਰਮ ਵਿਚ ਸਭ ਜਗ੍ਹਾ ਵਰਤਮਾਨ ਹੋਵੇ, ਕੋਈ ਸੇਠ ਨੂੰ ਰੁਪਏ ਖਰਚ ਕਰਨ ਦੀ ਤੇ ਪਰਵਾਹ ਭੀ ਨਹੀਂ ਤੇ ਨਾਂਹੀਂ ਉਨ੍ਹਾਂ ਨੂੰ ਕੋਈ ਇਸ ਗਲ ਦੀ ਵਿਚਾਰ ਹੈ ਪਿਤਾ ਜੀ ਤੁਸੀਂ ਜਿਨੇ ਰੁਪਏ ਆਖੋ ਮੈਂ ਲੈ ਦੇਂਨੀ ਹਾਂ ਪਰ ਸੇਠ ਹੋਰਾਂ ਨਾਲ ਕੌੜੇ ਬਚਨ ਨਾ ਕਰਨਾ ਕਿਉਂ ਜੋ ਓਹ ਕੋਈ ਤੁਹਾਡੇ ਹਿਠਾਰੂ ਨਹੀਂ ਐਵੇਂ ਤੰਗ ਜਾਣ ਕੇ ਨਾ ਕਰੋ।

(ਪਿਤਾ) ਰੁਕੋ ਮੈਂ ਸਮਝ ਗਿਆ ਹਾਂ ਕੇ ਤੇਰੀ ਮਨਸਾ ਏਥੇ ਹੀ ਰੈਹਨਦੀ ਹੈ ਤੇ ਜੇਹੜੀਆਂ ਗਲਾਂ ਤੂੰ ਉਲਟੀਆਂ ਸਿੱਖ ਪਈਏਂ ਏਹਨਾਂ ਗਲਾਂ ਵਾਲੀਆਂ ਮਾਪਿਆਂ ਦੇ ਆਖੇ ਕਦੀ ਨਹੀਂ ਲਗਦੀਆਂ। ਹੱਛਾ ਤੂੰ ਮੈਂਨੂੰ ਦੋ ਚਾਰਸੌ ਰੁਪਏ ਲੈ ਦੇ ਤੇ ਮੈਂ ਤੇਰੀ ਮਾਂ ਦੀ ਗਇਆ ਕਰ ਆਵਾਂ ॥

(ਮੈਂ) ਲਾਲਾ ਜੀ ਬੇਸ਼ੱਕ ਮੇਰਾ ਜੀ ਤਾਂ ਕਿਧਰੇ ਜਾਨ ਤੇ ਨਹੀਂ ਕਰਦਾ ਤੇ ਰੁਪਏ ਮੈਂ ਤੁਹਾਨੂੰ ਜਿਸ ਵੇਲੇ ਆਖੋਗੇ ਲੈ ਦਿਆਂਗੀ ੨੦੦) ਮੰਗਾਂ ਕੇ ੩੦੦) ॥

(ਲਾਲਾ) ਬੱਸ ਦੋ ਅੱਛਾ ਭਲਾ ੩੦੦)ਮੰਗ ਲੈ ਏਨਾਂ ਹੀ ਬਹੁਤ ਹੈ। ਸਭ ਕੁਛ ਮੈਂ ਇਤਨੇ ਵਿਚ ਭੁਗਤਾ ਲਵਾਂਗਾ ॥

(ਸੇਠਨੀ) ਰੁਕੋ ਰੁਕੋ ਏ ਬੀਬੀ ਰੁਕੋ ਕਿੱਥੇ ਗਈਓਂ ॥

(ਮੈਂ) ਜੀ ਬੇਬੇ ਜੀ ਕਿਧਰੇ ਨਹੀਂ ਮੈਂ ਏਥੇ ਹੀ ਜੋ, ਜਹਾ ਲਾਲੇ ਹੋਰਾਂ ਪਾਸ ਬੈਠੀ ਹੋਈ ਸਾਂ ॥

(ਸੇਠਨੀ)ਜਨਾਮੇਰੇਹੱਥਤੇ ਧੁਆਦੇ ਲਾਲੇਹੋਰੀਕੀਹ ਆਖਦੇਨੀ।

(ਮੈਂ) ਰੰਗਾਸਾਗਰ ਵਿਚ ਪਾਨੀ ਪਾਕੇ ਤੇ ਥੋੜਾ ਥੋੜਾ ਹੱਥਾਂ ਤੇ ਪਾਂਦਿਆਂ ਪਾਂਦਿਆਂ ਆਖਿਆ ਬੇਬੇ ਜੀ ਲਾਲੇ ਹੋਰੀ ਕੈਂਹਦੇ ਸਨ ਕੇ ਹੁਣ ਤੂੰ ਸਾਡੇ ਨਾਲ ਰੰਗਾ ਤੇ ਚਾਇਆ ਜੀ ਤੇ ਚੱਲ ਤੇ ਨਾਲੇ ਓਹ ਰੁਪਏ ਜੇਹੜੇ ਮਾਤਾ ਜੀ ਨੇ ਸੇਠ ਹੋਰਾਂ ਨੂੰ ਦਿੱਤੇ ਸਨ ਤੇ ਨਾਲੇ ੩੦੦) ਹੋਰ ਸਾਨੂੰ ਲੈਦੇ ॥

(ਸੇਠਨੀ) ਓਹ ਰੁਪਏ ਉਨ੍ਹਾਂ ਨੂੰ ਕਿਸ ਦੱਸੇ ਨੇ ਤੇ ਫੇਰ ਤੂੰ ਕੀਹ ਆਖਿਆਸੀ ॥

(ਮੈਂ) ਜੀ ਰੁਪਏ ਤੇ ਮੈਂ ਹੀ ਦੱਸੇ ਸਨ ਕਿਉਂ ਜੋ ਸਾਰਾ ਹਾਲ ਸੁਨਾਇਆ ਸੀ ਤੇ ਮੈਂ ਆਖਿਆ ਮੈਂਨੂੰ ਤੁਸੀਂ ਏਥੇ ਹੀ ਰੈਹਨ ਦਿਓ ਤੇ ਤੁਸੀਂ ਜਿੱਥੇ ਜਾਨਾ ਹੈ ਹੋ ਆਓ ਫੇਰ ਓਹ ਕੈਂਹਨ ਲਗੇ ਹੱਛਾ ਰੁਪੜਾ ਸਾਨੂੰ ਫੇਰ ਲੈ ਦੇਹ ਮੈਂ ਆਖਿਆ ਹੱਛਾ ਜੀ । ਫੇਰ ਤਾਂ ਏਦਰ ਚਲੀ ਆਈ ਸਾਂ ॥

(ਸੇਠਨੀ) ਹਛਾ ਰੁਕੋ ਸੇਠ ਹੋਰੀਂ ਸੰਧਿਆ ਕਰ ਲੈਨ ਤਾਂ ਫੇਰ ਪੁਛ ਲੈਨੀ ਹਾਂ ॥

(ਸੇਠ) ਪਿਆਰੀ ਜੀ ਕੀਹ ਗਲ ਹੈ ਮੈਂ ਸੰਧਿਆ ਕਰ ਚੁਕਾ ਹਾਂ ॥

(ਸੇਠਨੀ) ਜੀ ਰੁਕੋ ਦਾ ਲਾਲਾ ਆਖਦਾ ਹੈ ਕੇ ਰੁਕੋ ਦੀ ਮਾਂ ਵਾਲੇ ਤੇ ੩੦੦) ਹੋਰ ਰੁਪਯਾ ਦਿਓ ਤਾਂ ਮੈਂ ਰੁਕੋ ਦੀ ਮਾਂ ਦੀ ਚਾਇਆ ਕਰਾ ਆਵਾਂ ਰੁਕੋ ਨੇ ਉਸਨੂੰ ਕੌਲ ਦਿੱਤਾ ਹੈ ਕੇ ਮੈਂ ਰੁਪਏ ਲੈ ਦੇਨੀਹਾਂ ਸੋ ਸੁਆਮਿਨ ਤੁਸੀਂ ਜੋਕੁਛ ਰੁਕੋ ਆਖਦੀ ਹੈ ਦੇ ਦਿਓ ਮਤਾਂ ਉਸਦਾ ਲਾਲਾ ਕੁਛ ਹੋਰ ਮੂੰਹੋਂ ਕੱਢ ਬੈਹ ॥

(ਸੇਠ) ਪਿਆਰੀਜੀ ਰੁਕੋ ਜੇ ੨੦੦੦) ਹਜ਼ਾਰ ਭੀ ਆਖੇ ਤਾਂ ਭੀ ਦੇ ਦੇਂਨੇ ਹਾਂ। ਰੁਕੋਦਾ ਲਾਲਾ ਤੇ ਫੇਰ ਓਹਦੀ ਮੂੰਹੋਂ ਕੱਢੀ ਹੋਈ ਅਸੀਂ ਨਾ ਮੰਨੀਏ ਰੁਕੋ ਬੀਬੀ ਜੋ ਕੁਛ ਤੇਰੀ ਮਰਜੀ ਹੈ ਦੇ ਦੇਹ ਕੋਈ ਸਾਨੂੰ ਉਜਰ ਨਹੀਂ ॥

(ਮੈਂ) ਸੇਠ ਜੀ ਏਹ ਤਾਂ ਮੈਂ ਅੱਗੇ ਹੀ ਜਾਨਨੀ ਹਾਂ ਕੇ ਤੁਸਾਂ ਮੇਰੀ ਮੂੰਹੋਂ ਕੱਢੀ ਗਲ ਕਦੀ ਨਹੀਂ ਮੋੜਨੀ ਤੇ ਲਾਲੇ ਹੋਰਾਂ ਨੂੰ ਭੀ ਤਾਂ ਮੈਂ ਤਦੇ ਹੀ ਆਖਿਆ ਸੀ ਨਾ ॥

(ਸੇਠਨੀ) ਰੁਕੋ ਅਜੇ ਤੇਰੇ ਲਾਲੇ ਹੋਰੀ ੧੦ ਦਿਨ ਤਾਂ ਏਥੇ ਹੀ ਨੇ ਨਾ ॥

(ਮੈਂ) ਨਹੀਂ ਬੇਬੇ ਜੀ ਓਹ ਤਾਂ ਅੱਜ ਹੀ ਟੁਰਨ ਵਾਲੇ ਨੇ ਪਰ ਫੁੱਲ ਚੁਨਕੇ ਤੇ ਚਲੇ ਜਾਵਣਗੇ ॥

(ਲਾਲਾ) ਰੁਕੋ ਕੁੜੀਏ ਰੁਕੋ ਭਰਾ ਨੂੰ ਏਧਰ ਲੈ ਆ ਤੇ ਮੈਂ ਹੁਣ ਜਾਵਾਂ ਫੇਰ ਭੁਲਕੇ ਆ ਜਾਂਵਾਗਾ ॥

(ਸੇਠ) ਲਾਲਾ ਜੀ ਤੁਸੀਂ ਏਥੇ ਹੀ ਠੈਹਰੋ ਕਿੱਥੇ ਜਾਓਗੇ ਕੋਈ ਤੁਹਾਨੂੰ ਏਥੇ ਰੈਹਨ ਨਾਲ ਦੁਖ ਹੋਵੇ ਤਾਂ ਦਸੋ ਓਹਦਾ ਬੰਦੋਬਸਤ ਅਸੀਂ ਕਰਾਂਗੇ ॥

(ਲਾਲਾ) ਨਾ ਭਾਈ ਮੈਨੂੰ ਏਹ ਘਰ ਤਾਂ ਖਾਨ ਨੂੰ ਪੈਂਦਾ ਹੈ ਮੈਂ ਏਥੇ ਕੀਕਰ ਠੈਹਰਾਂ ਇਕ ਇਕ ਦਿਹਾੜੀ ਵਰ੍ਹੇ ਵਰ੍ਹੇ ਦੀ ਪਈ ਲੰਘਦੀਏ, ਤੁਸੀਂ ਮੈਨੂੰ ਫੁਲ ਚੁਨ ਲਵਾਂ ਤਾਂ ਟੋਰ ਦਿਓ। ਅਪਨੇ ਸਿਰੋਂ ਮੈਂ ਮਰਨ ਵਾਲੀ ਦਾ ਭਾਰਾ ਲਾਹ ਆਵਾਂ ॥

(ਸੇਠ) ਚੰਗਾ ਜੀ ਫੇਰ ਪਰਸੋਂ ਤੁਸੀਂ ਗਇਆ ਜੀ ਨੂੰ

ਚਲੇ ਜਾਨਾ ਰੁਪਏ ਜਿਤਨੇ ਲੋੜ ਹੋਵੇ ਲੈ ਜਾਨਾਂ ॥

ਜਦ ਫੁਲ ਚੁਗ ਚੁਕੇ ਤਦ ਰੁਕੋਨੇ ੮੦)ਮਾਂ ਵਾਲੇ ਤੇ ੩੦੦) ਰੁਪਜਾ ਅਪਨੇ ਪਿਤਾਨੂੰ ਲੈਕੇ ਤੇ ਦੇਦਿਤੇ ਤੇ ਓਹ ਅਪਨਾ ਲਟਾ ਪਟਾ ਲੈਕੇ ਤੇ ਟੁਰ ਗਏਤੇ ਮੁੰਡਾ ਰੁਕੋ ਦੇ ਪਾਸਹੀ ਰਹਿਆ ॥

ਜਦ ਸਤਾਰਾਂ ਦਿਨ ਹੋ ਗਾਏ ਤਾਂ ਫੇਰ ਸੇਠ ਹੋਰਾਂ ਨੇ ਰੁਕੋ ਤੇ ਸੇਠਨੀ ਨੂੰ ਕੋਲ ਬੁਲਾ ਕੇ ਤੇ ਏਸ ਤਰ੍ਹਾਂ ਗਲਾਂ ਕਰਨੀਆਂ ਸ਼ੁਰੂ ਕੀਤੀਆਂ ॥

(ਸੇਠ) ਕਿਉਂ ਭੈਨ ਰੁਕੋ ਹੁਣ ਤੈਂਨੂੰ ਵਿਵਾਹ ਦੇਈਏ ਮਤਾਂ ਤੇਰਾ ਲਾਲਾ ਆਕੇ ਫੇਰ ਰਫੜ ਪਾਬਵੇ ਪਿਆਰੀ ਜੀ ਤੁਹਾਡੀ ਕੀਹ ਸਲਾਹ ਹੈ ਮੇਰੀ ਤਾਂ ਮਰਜੀ ਇਹੋ ਹੈ ਕੇ ਹੁਣ ਢਿਲ ਨਹੀਂ ਲਾਈਏ ॥

(ਰੁਕੋ) ਹੱਥ ਜੋੜਕੇ ਤੇ ਅੱਖੀਆਂ ਨੀਵੀਆਂ ਕਰਕੇ ਜੀ ਹੁਣ ਜਰੂਰ ਹੀ ਏਹ ਕੰਮ ਕਰ ਛਡੋ ਕਿਉਂ ਜੋ ਲਾਲੇ ਹੋਰਾਂ ਦੀਆਂ ਸਭੋ ਗਲਾਂ ਸੱਚ ਨੇ ਤੇ ਜੇਕਰ ਉਨ੍ਹਾਂ ਨੇ ਕੋਈ ਗਲ ਅਜੇਹੀ ਕੁਜੇਹੀ ਭੀ ਕਰ ਦਿੱਤੀ ਤਾਂ ਮੇਰੇ ਵਾਸਤੇ ਸਾਰੀ ਉਮਰ ਦਾ ਰੋਨਾ ਪੈ ਜਾਵੇਗਾ ॥

(ਸੇਠਨੀ) ਸੁਆਮਿਨ ਰੁਕੋ ਸਭ ਸੱਚ ਕੈਂਹਦੀ ਹੈ ਤੇ ਮੇਰੇ ਦਿਲ ਵਿਚ ਭੀ ਇਵੇਂ ਹੀ ਭਾਸਦਾ ਹੈ। ਜੇਕਰ ਅਸੀਂ ਰੁਕੋ ਨੂੰ ਹੁਣ ਮਦਨਗੋਪਾਲ ਨਾਲ ਵਿਵਾਹ ਛਡੀਏ ਤਾਂ ਫੇਰ ਏਹਦੇ ਲਾਲੇ ਦੇ ਹਥੋਂ ਏਹ ਕੰਮ ਉਲਟਾ ਤਾਂ ਨਾ ਹੋਵੇਗਾ ਅੱਗੋਂ ਤੁਸੀਂ ਆਪ ਸਿਆਨੇ ਹੋ ॥

(ਸੇਠ) ਹੱਛਾ ਪਿਆਰੀ ਫੇਰ ਕੱਲ ਯਾਂ ਪਰਸੋਂ ਵਿਵਾਹ ਦਾ ਬੁਲਾਵਾ ਅਥਵਾ ਸਗਨ ਭੇਜ ਦਿਆਂਗੇ ਤੂੰ ਭੀ ਅਪਨੀਆਂ ਸਹੇਲੀਆਂ ਭੈਨਾਂਨੂੰ ਅਖਵਾ ਭੇਜੀ ਕੇ ਵਿਸਾਖ ਵਿਚ ਵਿਵਾਹ ਹੈ॥

(ਸੇਠਨੀ) ਹੱਥ ਜੋੜਕੇ ਤੇ ਹੋਠਾਂ ਵਿੱਚ ਮਿੱਠਾ ਮਿੱਠਾ ਹੱਸਕੇ ਸੁਆਮਿਨ ਵਿਸਾਖ ਦੀ ਕਿਤਨਵੀਂ ਦਾ ਆਖਾਂ ਤੇ ਭਾਜੀ ਕੀਹ ਕੀਹ ਭੇਜਾਂ ॥

(ਸੇਠ) ਪਿਆਰੀ ਭਲਕੇ ਮੈਂ ਤੈਂਨੂੰ ਪੁਛਕੇ ਤੇ ਪੱਕਾ ਹਾਲ ਹਵਾਲ ਦੱਸਾਂਗਾ ਭਾਜੀਆਂ ਨਾਈ ਦੇ ਹੱਥ ਭੇਜਨ ਦੀ ਕੋਈ ਲੋੜ ਨਹੀਂ ਕਿਉਂ ਜੋ ਜ਼ੁਰ ।) ਆਨੇ ਦਾ ਹੁੰਦਾ ਹੈ ਤੇ ਅਗਲਿਆਂ ਨੂੰ ਦੇਨੇ ।) ਪੈਂਦੇ ਨੇ ਸੋ ਇਸ ਵਾਸਤੇ ਸ਼ਹਿਰ ਵਿਚ ਤੇ ਨੇੜੇ ਤੇੜੇ ਕਿਸੇ ਵਿਤੀਸ਼ੁਰ ਨੂੰ ਭੇਜ ਦਿਆਂਗੇ ਏਸ ਤਰ੍ਹਾਂ ਅਗਲਿਆਂ ਨੂੰ ਕੋਈ ਚਿੰਤਾ ਨਾ ਰਹੇਗੀ ਤੇ ਸਾਨੂੰ ਭੀ ਪਰਸੰਤਾ ਹੋ ਜਾਵੇਗੀ ॥

(ਸੇਠਨੀ) ਠੀਕ ਹੈ ਸੁਆਮਿਨ ਠੀਕ ਹੈ, ਧੰਨਜ ਹੋ ਆਪ ਤੇ ਧੰਨਜ ਹੈ ਤੁਹਾਡੀ ਬੁਧੀ ਤੇ ਧੰਨਜਭਾਗ ਹੈਨ ਮੇਰੇ ਜੋ ਤੁਹਾਡੇ ਨਾਲ ਸੰਜੋਗ ਹੋ ਗਿਆ ਹੈ ॥

ਏਹ ਕੈਹਕੇ ਤੇ ਸੇਠ ਹੋਰੀ ਹੱਟੀ ਚਲੇ ਗਏ ਤੇ ਸੇਠਨੀ ਤੇ ਰੁਕੋ ਆਪਸ ਵਿਚ ਇਸ ਤਰ੍ਹਾਂ ਗੱਲਾਂ ਕਰਨ ਲਗ ਪਈਆਂ॥

(ਸੇਠਨੀ) ਭੈਨ ਰੁਕੋ ਤੂੰ ਅਛੀ ਤਰ੍ਹਾਂ ਫੇਰ ਦੱਸ ਲਈਂ ਕੇ ਮਦਨਗੋਪਾਲ ਵਿਚ ਕੋਈ ਬਾਣੀ ਯਾ ਦੇਹ ਦੋਸ਼ ਤਾਂ ਨਹੀਂ

(ਰੁਕੋ) ਬੇਬੇ ਜੀ ਮੰਗਨੀ ਦੇ ਪਿਛੋਂ ਵੀ ਏਹ ਕੰਮ ਹੋ ਸਕਦਾ ਹੈ ਹੁਣ ਜੇਕਰ ਕੋਈ ਦੋਸ਼ ਮੇਰੇ ਅਥਵਾ ਉਸ ਦੇ ਵਿਚ ਹੋਵੇ ਭੀ ਤਾਂ ਹੁਣ ਕੋਈ ਜ਼ੁਬਾਨ ਕਰ ਕੇ ਨਹੀਂ ਨ ਮੋੜ ਸਕਦਾ ॥

(ਸੇਠਨੀ) ਰੁਕੋ ਧਰਮਸ਼ਾਸਤਰ ਵਿਚ ਮੰਗਨੀ ਦਾ ਕੋਈ ਹੁਕਮ ਨਹੀਂ ਤੇ ਨਾਹੀਂ ਅੱਗੇ ਕਦੀ ਹੁੰਦੀ ਹੁੰਦੀ ਸੀ ਤੈਂਨੂੰ ਯਾਦ ਹੈ ਕੇ ਨਹੀਂ ਓਦਨ ਸੇਠ ਹੋਰਾਂ ਕੀਹ ਆਖਿਆ ਸੀ ਕੇ ਵਿਵਾਹ ਤੀਸਰੀ ਲਾਂ ਤਕ ਨਹੀਂ ਹੁੰਦਾ ॥

(ਰੁਕੋ) ਬੇਬੇ ਜੀ ਲਾਂ ਕੀਹ ਹੁੰਦੀਏ ਤੇ ਮੁੰਡੇ ਕੁੜੀ ਦਾ ਵਿਵਾਹ ਸੰਪੂਰਨ ਅਥਵਾ ਅਤੁਟ ਕਦ ਹੁੰਦਾਏ ਮੈਨੂੰ ਦੱਸ ਤਾਂ ਛਡੋ ਕੱਲ ਰਾਤ ਮੈਨੂੰ ਇਕ ਬੜਾ ਭੈੜਾ ਸੁਪਨਾ ਆਇਆ ਸੀ ਇਸ ਕਰਕੇ ਦਿਲ ਬੜਾ ਹੀ ਅੰਦਰ ਬਾਹਰ ਪਿਆ ਹੁੰਦਾ ਹੈ। ਮੈਂ ਤੁਹਾ ਨੂੰ ਅਜੇ ਤਕ ਦੱਸਿਆ ਨਹੀਂ ॥

(ਸੇਠਨੀ) ਰੁਕੋ ਵਿਵਾਹ ਵਿਚ ਮੁੰਡੇ ਕੁੜੀ ਨੂੰ ੩ ਤੀਸਰੀ ਲਾਂਵੋਂ ਪੈਹਿਲਾਂ ਫੇਰ ਇਕ ਅੰਦਰ ਦੇਹ ਪਰੀਖਿਆ ਵਾਸਤੇ ਭੇਜਿਆ ਜਾਂਦਾ ਹੈ ਕੁੜੀ ਦੇ ਗਲ ਇਕ ਤੇ ਮੁੰਡੇ ਦੇ ਲਕ ਇਕੋ ਹੀ ਕੱਪੜਾ ਹੁੰਦਾ ਹੈ ਸੋ ਓਹ ਦੋਵੇਂ ਥੋੜੇ ਚਿਰ ਵਿਚ ਹੀ ਇਕ ਦੂਸਰੇ ਦਾ ਪਿੰਡਾ ਅਥਵਾ ਮੂੰਹ ਦੇਹਰਾ ਦੇਖ ਲੈਂਦੇ ਨੇ ਤੇ ਜੇਕਰ ਉਸ ਵੇਲੇ ਭੀ ਕੋਈ ਰੋਗ ਸੁਨਿਆ ਸੁਨਾਇਆ ਯਾ ਛਪਿਆ ਛਪਾਇਆ ਨਜਰ ਆ ਜਾਵੇ ਤਾਂ ਉਨ੍ਹਾਂ ਦੁਵਾਂ ਵਿਚੋਂ ਜੋ ਨਾ ਰਾਜੀ ਹੋਵੇ ਓਹ ਧਰਮਸ਼ਾਸਤਰ ਦੀ

ਆਗਿਆ ਅਨੁਸਾਰ ਸੰਜੋਗ ਤੋ ਨਾ ਕਰ ਸਕਦਾ ਹੈ ਇਸੇ ਵਾਸਤੇ ਇਸਤਰੀ ਭਾਵ ਤੀਸਰੀ ਲਾਂ ਤੋਂ ਪਿਛੋਂ ਹੀ ਹੁੰਦਾ ਹੈ ਪਹਿਲਾਂ ਇਸਥੋਂ ਲੜਕੀ ਸੱਜੇ ਅੰਗ ਲੜਕੇ ਦੇ ਰੈਂਹਦੀ ਹੈ ਜਦ ਤੀਸਰੀ ਲਾਂ ਹੋ ਜਾਂਦੀ ਹੈ ਤੇ ਆਪਸ ਵਿਚ ਬਚਨ ਕਰ ਲੈਂਦੇ ਨੇ ਤਾਂ ਫੇਰ ਲੜਕੀ ਨੂੰ ਖੱਬੇ ਅੰਗ ਬਠਾਇਆ ਜਾਂਦਾ ਹੈ ॥

(ਰੁਕੋ) ਬੇਬੇ ਜੀ ਖੱਬੇ ਅੰਗ ਦਾ ਕੀਹ ਪਰੋਜਨ ਹੈ ॥ ਤੇ ਬਚਨ ਕੇਹੜੇ ਹੁੰਦੇ ਨੇ ॥

(ਸੇਠਨੀ) ਰੁਕੋ ਛਿਜਾ ਤਖਤ ਤੇ ਦਾਨ ਪੁੰਨ ਸਮੇ ਇਸ ਤਰੀ ਚਿੰਨ ਖੱਬੇ ਅੰਗ ਬੈਠਨਾ ਹੀ ਹੁਕਮ ਸ਼ਾਸਤਰ ਦਾ ਹੈ ਤੇ ਇਸਤਰੀ ਪੁਰਸ਼ ਦਾ ਹੈ ਭੀ ਖੱਬਾ ਅੰਗ ਕਿਉਂ ਜੋ ਇਸਤਰੀ ਅਰਧ ਸ਼ਰੀਰਨੀ ਹੁੰਦੀ ਹੈ ਤੇ ਬਚਨ ਸੰਜੋਗ ਸਮੇਂ ਤੈਂਨੂੰ ਸੁਨਾਏ ਜਾਵਨਗੇ ॥

(ਰੁਕੋ) ਬੇਬੇ ਜੀ ਅੱਧਾ ਅੰਗ ਤੇ ਅਰਧ ਸ਼ਰੀਰਨੀ ਮੈਂ ਨਹੀਂ ਸਮਝੀ ॥

(ਸੇਠਨੀ) ਹੱਸਕੇ ਤੇ ਅੱਖੀਆਂ ਵਿੰਗੀਆਂ ਜੇਹੀਆਂ ਕਰਕੇ ਰੁਕੋ ਤੂੰ ਤਾਂ ਸੱਭੋ ਗੱਲਾਂ ਪੂਰੀਆਂ ਪੂਰੀਆਂ ਪੁਛਨੀ ਹੈਂ ਹੁਣ ਮੈਂ ਤੈਂਨੂੰ ਕੀਹ ਕੀਹ ਦੱਸਾਂ ਬੀਬੀ ਜਦ ਤੂੰ ਗਰਿਸਤ ਵਿਚ ਪੈਰ ਰਖੇਂਗੀ ਤੈਂਨੂੰ ਆਪੇ ਹੀ ਸਭ ਕੁਛ ਭੈਨਾਂ ਸਹੇਲੀਆਂ ਨਨਾਂਨਾ ਤੇ ਝਿਕੇ ਜੇਠੀਆਂ ਦੱਸ ਦੇਨ ਗੀਆਂ ॥

(ਰੁਕੋ) ਬੇਬੇ ਜੀ ਬਿਨਾ ਵਿੱਦਯਾ ਜੋ ਨਾਰੀ ਕੁਛ ਵਰਨਨ

ਭੀ ਕਰੇ ਤਾਂ ਕੀਹ ਕਰੇਗੀ ਝੂਠਾ ਗਿਆਨ ਕੀਹ ਗਿਆਨ ਹੋਵੇਗਾ ॥

(ਸੋਠਨੀ) ਪਿਆਰੀ ਭੈਨ ਰੁਕੋ ਇਸਤਰੀ ਤੇ ਪੁਰਸ਼ ਅਥਵਾ ਮਾਤਾ ਤੇ ਪਿਤਾ ਦੇ ਪਰਮ ਪਰੀਤੀ ਨਾਲ ਗਰਿਸਤ ਸੰਜੋਗ ਹੋਵਨ ਥੋਂ ਇਕ ਸੁੰਦਰ ਬਾਲ ਉਤਪੰਨ ਹੁੰਦਾ ਹੈ ਜਿਸ ਕਾਰਣ ਪੁਰਸ਼ ਦੀ ਇਸਤਰੀ ਅਰਧ ਸ਼ਰੀਰਨੀ ਹੁੰਦੀ ਹੈ ਤੇ ਪੁਰਸ਼ ਦੇ ਮਾਨ ਅਥਵਾ ਵਡਿਪਨ ਰੱਖਨ ਨੂੰ ਸੱਜਾ ਅੰਗ ਪੁਰਸ਼ ਤੇ ਖੱਬਾ ਅੰਗ ਇਸਤਰੀ ਨੂੰ ਸੱਦਿਆ ਜਾਂਦਾ ਹੈ ਤੇ ਸਭ ਜਗ੍ਹਾ ਇਸਤਰੀ ਨੂੰ ਅਪਨੇ ਪੁਰਸ਼ ਦੇ ਖੱਬੇ ਪਾਸੇ ਬੈਠਨਾ ਧਰਮ ਹੈ । ਅਨਪੜ੍ਹ ਜਨਾਨੀਆਂ ਪੁਰਸ਼ਾਂ ਦੇ ਵਿਦਯਾ ਹੀਨ ਹੋਨ ਦੇ ਸਬਬ ਕਦੀ ਭੀ ਇਨ੍ਹਾਂ ਗਲਾਂ ਦਾ ਵਿਚਾਰ ਨਹੀਂ ਕਰਦੀਆਂ ਤੇ ਫੇਰ ਏਸੇ ਤਰ੍ਹਾਂ ਉਨ੍ਹਾਂ ਵਲੋਂ ਦੇਖ ਕੇ ਦੂਸਰੀਆਂ ਭੀ ਕਰਨ ਲਗ ਜਾਂਦੀਆਂ ਨੇ ਸੋ ਰੁਕੋ ਵਿੱਦਯਾ ਦੇ ਨਾ ਹੋਨ ਕਰ ਕੇ ਇਸਤਰੀ ਪੁਰਸ਼ ਅਪਨਾ ਅਪਨਾ ਧਰਮ ਪਾਲਨ ਨਹੀਂ ਕਰਦੇ ਤੇ ਸਾਰਾ ਦੁੱਖ ਪਏ ਭੋਗਦੇ ਨੇ ਰੁਕੋ ਇਸਤਰੀ ਨੂੰ ਭਰਤੇ ਦਾ ਤੇ ਭਰਤੇ ਨੂੰ ਇਸਤਰੀ ਦਾ ਸਦਾ ਹੀ ਸ਼ੁਭ ਚਿੰਤਕ ਆਗਿਆਕਾਰੀ ਤੇ ਧਰਮ ਰੱਖਜ਼ਕ ਹੋਨਾ ਚਾਹੀਦਾ ਹੈ, ਨਹੀਂ ਤਾਂ ਓਹ ਪਾਪ ਲਗਦਾ ਹੈ ਜੋ ਸੱਤਜਾ ਦੂਰ ਹੋ ਜਾਂਦੀ ਹੈ ਜਿਹਾਕੁ ਤੂੰ ਸੁਨਿਆਂ ਹੋਵੇਗਾ ਕੇ ਸਰਸੁਤੀ ਤੇ ਲੱਜਾਵੰਤੀ ਨਾਲ ਹੋਇਆ ॥

ਰੁਕੋ ਬੇਬੇ ਜੀ ਮੈਂ ਅੱਛੀ ਤਰ੍ਹਾਂ ਸਮਝ ਗਈ ਹਾਂ ਕੇ

ਇਸਤਰੀ ਪੁਰਸ਼ ਨੂੰ ਗਰਿਹਸਤ ਆਸ਼ਰਮ ਦਾ ਪਰੀਤੀ ਪੂਰ-
ਬਕ ਨਿਰਬਾਹ ਕਰਨਾ ਚਾਹੀਦਾ ਹੈ ਤੇ ਇਸਤਰੀ ਨੂੰ ਅਪਨੇ
ਭਰਤਾ ਦਾ ਆਗਿਆ ਕਾਰੀ ਰੈਹਨਾ ਚਾਹੀਦਾ ਹੈ,ਪਰ ਕਿਰਪਾ
ਕਰਕੇ ਮੈਨੂੰ ਸਰਸ੍ਵਤੀ ਤੇ ਲੱਜਜਾਵੰਤੀ ਦੀ ਗੱਲ ਤਾਂ ਸੁਨਾ
ਦਿਓ ॥

(ਸੇਠਨੀ) ਪਿਆਰੀ ਭੈਨ ਰੁਕੋ ਸੁਨਨ ਵਿਚ ਆਇਆ
ਹੈ ਜੋ ਕਿਸੀ ਗਰਾਂ ਵਿਚ ਇਕ ਇਸਤਰੀ ਪੁਰਸ਼ ਨਾਮੀ
ਤੁਲਸੀਦਾਸ ਤੇ ਮਾਲਨ ਰੈਹਿੰਦੇ ਸਨ ਉਨ੍ਹਾਂ ਦੇ ਘਰ ਤਿੰਨ
ਧੀਆਂ ਤੇ ਦੋ ਪੁੱਤਰ ਹੁੰਦੇ ਸਨ ਅਪਨੇ ਮਾਤਾ ਤੇ ਪਿਤਾ ਵੱਲੋਂ
ਧਰਮ ਸ਼ਾਸਤਰ ਅਨੁਸਾਰ ਨਿਰਬਾਹ ਕਰਦਿਆਂ ਦੇਖ ਕੇ
ਓਹੋ ਭੈਂਨਾ ਤੇ ਭਰਾ ਮੁੰਡੂ ਥੋਂ ਹੀ ਅਪਨਾ ਅਪਨਾ ਧਰਮ
ਪਾਲਨ ਕਰਨ ਲਗ ਪਏ ਜਦ ਵਿਵਾਹੇ ਗਏ ਤਾਂ ਇਸ-
ਤਰੀਆਂ ਤੇ ਪੁਰਸ਼ ਅਥਵਾ ਭੈਨਾ ਪਤਿਬ੍ਰਤਾ ਭਾਵ ਤੇ ਭਰਾਵਾਂ
ਸਜਤ ਸੁਭਾਵ ਰੈਂਹਨਾ ਅਪਨਾ ਧਰਮ ਕਰ ਲੀਤਾ ਕੈਂਹਦੇ
ਨੇ ਕੇ ਇਕ ਵਾਰੀ ਮੀਂਹ ਨਾ ਵੱਸਿਆ ਜਿਸ ਕਰਕੇ ਪਰਜਾ
ਬੜੀ ਦੁਖੀ ਹੋਈ ਤੇ ਕਾਲ ਟੁੱਟ ਕੇ ਪੈ ਗਿਆ ਬੜੇ ਯਤਨ
ਅਥਵਾ ਧਰਮ ਪੁੰਨ ਕੀਤੇ ਨੇ ਕੋਈ ਪੇਸ਼ ਨਾ ਗਈ। ਕਿਸੇ
ਜੋਤਸੀ ਨੇ ਮਹਾਰਾਜ ਨੂੰ ਆਖਿਆ ਕੇ ਤੇਰੇ ਮਹਲ ਵਿਚ
ਜੇ ਕੋਈ ਪਤਿੱਬ੍ਰਤਾ ਇਸਤਰੀ ਜਿਸ ਨੂੰ ਤੂੰ ਆਪ ਨੰਗੀਂ
ਪੈਰੀਂ ਸੱਦਕੇ ਲਿਆਵੇਂ ਸਨਾਨ ਕਰੇ ਤਾਂ ਫੇਰ ਬਰਖਾ
ਹੋਵੇਗੀ, ਤੇ ਤੇਰਾ ਮੁਲਕ ਹਰਾ ਭਰਾ ਹੋ ਜਾਵੇਗਾ ਮਹਾਰਾਜ

ਨੇ ਆਖਿਆ ਕੇ ਮੇਰੇ ਘਰ ਨਾਲੋਂ ਕਿਸਦੇ ਘਰ ਪਤਿਬਰਤਾ ਹੋਵਣਗੀਆਂ ਮੇਰੀਆਂ ੩ ਇਸਤਰੀਆਂ ਨੇ ਹੁਣੇ ਜਾਕੇ ਆਖਨਾ ਕੇ ਸਨਾਨ ਕਰੋ ਏਹ ਕੋਈ ਮੁਸ਼ਕਲ ਗਲ ਨਹੀਂ ਜੋਤਸ਼ੀ ਨੇ ਆਖਿਆ ਮਹਾਰਾਜ ਜਿਸ ਭਰਤਾ ਦੀਆਂ ੩ ਇਸਤਰੀਆਂ ਹੋਵਣ ਓਥੇ ਪਤਿਬਰਤਾ ਕਦਹੋਈਆਂ ਮਹਾਰਾਜ ਪਤਿਬਰਤਾ ਇਕੋ ਇਸਤਰੀ ਹੁੰਦੀ ਹੈ ਸੋ ਤੁਸੀਂ ਢੂੰਢੋ ਤੇ ਫੇਰ ਕਰਨਾ ॥

ਰਾਜਾ ਬੜਾ ਗੁੱਸੇ ਹੋਇਆ ਤੇ ਹੁਕਮ ਦਿੱਤੋ ਸੂ ਕੇ ਏਸ ਜੋਤਸ਼ੀ ਨੂੰ ਕੈਦ ਕਰ ਦਿਓ ਝਟ ਕੈਦ ਕਰ ਦਿੱਤੋ ਨੇ ਰਾਜੇ ਦਾ ਵਜੀਰ ਬੜਾ ਸਿਆਨਾ ਸੀ । ਜਦ ਗੁੱਸਾ ਘੱਟ ਹੋਇਆ ਡਿਠੋ ਸੂ ਤਦ ਫੇਰ ਹੱਥਜੋੜ ਕੇ ਪਰਾਰਥਨਾ ਕੀਤੋ ਸੂ ਤੇ ਆਖਿਓ ਸੂ ਮਹਾਰਾਜ ਇਕ ਅੱਗੇ ਹੀ ਬੜਾ ਕਾਲ ਪਿਆ ਹੋਇਆ ਹੈ ਤੇ ਹੁਣ ਤੁਸਾਂ ਇਕ ਬੜੇ ਧਰਮਾਤਮਾ ਜੋਤਸ਼ੀ ਨੂੰ ਕੈਦ ਕਰ ਦਿੱਤਾ ਹੈ ਖਬਰੇ ਹੁਣ ਕੀਹ ਹੋਵਗਾ ॥

ਰਾਜਾ ਨੇ ਕਹਿਆ ਹੇ ਵਜੀਰ ਓਹ ਜੋਤਸ਼ੀ ਕੈਹਨ ਲਗਾ ਕੇ ਜਿਸ ਦੀਆਂ ਤ੍ਰਯ ਇਸਤਰੀਆਂ ਹੁੰਦੀਆਂ ਨੇ ਓਹ ਪਤਿਬਰਤਾ ਨਹੀਂ ਹੁੰਦੀਆਂ ਮੇਰੇ ਘਰ ਜੇ ਪਤਿਬਰਤਾ ਨਾ ਹੋਵਨ ਤਾਂ ਸਿਰ ਨਾ ਲਾਹ ਛੱਡਾਂ ਨੇ । ਵਜੀਰ ਨੇ ਕਹਿਆ ਮਹਾਰਾਜ ਪਤਿਬਰਤਾ ਇਸਤਰੀ ਜਿਸ ਦੇਸ ਦੇ ਰਾਜਾ ਦੇ ਘਰ ਹੁੰਦੀ ਹੈ ਉਸਦੇ ਰਾਜ ਵਿਚ ਕਦੀ ਕਿਸੇ ਚੀਜ ਦੀ ਕਮੀਂ ਨਹੀਂ ਹੁੰਦੀ ਰਾਜਾ ਨੇ ਆਖਿਆ ਕੇ ਜੇ ਮੇਰੇ ਤੇਰੇ

ਘਰ ਇਸਤਰੀ ਪਤਿਬਰਤਾ ਨਾ ਹੋਵੇ ਤਾਂ ਹੋਰ ਕਿਸਦੇ ਘਰ ਹੋਨੀ ਹੈ। ਵਜੀਰ ਨੇ ਕਹਿਆ ਮਹਾਰਾਜ ਪਤਿਬਰਤਾ ਉਸ ਨੂੰ ਆਖਦੇ ਨੇ ਜਿਸਨੇ ਪਤੀ ਦੀ ਆਗਿਆ ਕਦੀ ਭੀ ਭੰਗ ਨਾ ਕੀਤੀ ਹੋਵੇ ਸੋ ਸਾਡੇ ਤੁਹਾਡੇ ਘਰ ਇਸਤਰੀਆਂ ਘਟ ਤੋਂ ਘਟ ਸੌ ਵੇਰੀ ਦਿਹਾੜੀ ਵਿਚ ਹੁਕਮ ਮੋੜ ਦੀਆਂ ਨੇ। ਓਹ ਕਦ ਪਤਿਬਰਤਾ ਹੋ ਸਕਦੀਆਂ ਨੇ ਰਾਜਾ ਨੇ ਕਹਿਆ ਫੇਰ ਹੁਣ ਕੀਹ ਕਰੀਏ ਵਜੀਰ ਨੇ ਆਖਿਆ ਤੁਸੀਂ ਪੰਡਿਤ ਨੂੰ ਛੱਡ ਦਿਓ ਤੇ ਪਤਿਬਰਤਾ ਇਸਤਰੀ ਨੂੰ ਢੂੰਡੋ ॥

ਏਹ ਗਲ ਸੁਣਕੇ ਰਾਜੇ ਨੇ ਜੋਤਸ਼ੀ ਨੂੰ ਤਾਂ ਛੱਡ ਦਿੱਤਾ ਤੇ ਸ਼ੈਹਿਰ ਵਿਚੋਂ ਇਕ ਬੜੇ ਸਿਆਨੇ ਆਦਮੀ ਨੂੰ ਸੱਦ ਕੇ ਪੁਛਿਆ। ਜੋ ਕੋਈ ਪਤਿਬਰਤਾ ਇਸਤਰੀ ਏਥੇ ਹੈ ਕੇ ਨਹੀਂ ਉਸ ਆਦਮੀ ਨੇ ਕਹਿਆ ਮਹਾਰਾਜ ਤੁਲਸੀ ਦੀਆਂ ਤਰੈ ਧੀਆਂ ਪਤਿਬਰਤਾ ਹੈਨ ਸੋ ਉਸ ਨੂੰ ਆਖੋ ਕੇ ਉਨ੍ਹਾਂ ਵਿਚੋਂ ੧ ਨੂੰ ਭੇਜ ਦੇ ਮਹਾਰਾਜ ਨੇ ਤੁਲਸੀਦਾਸ ਨੂੰ ਬੁਲਾਇਆ ਤੇ ਪੁਛਿਓ ਸੂ ਕੇ ਤੂੰ ਅਪਨੀ ਧੀ ਨੂੰ ਮੇਰੇ ਮਹਿਲਾਂ ਵਿਚ ਸਨਾਨ ਕਰਨ ਵਾਸਤੇ ਭੇਜੇਂਗਾ ਤੁਲਸੀਦਾਸ ਨੇ ਹੱਥ ਜੋੜ ਕੇ ਆਖਿਆ ਮਹਾਰਾਜ ਮੇਰੀਆਂ ਧੀਆਂ ਤੇ ਜਿਸ ਦਿਨ ਤੋਂ ਵਿਵਾਹੀਆਂ ਨੇ ਫੇਰ ਮੁੜ ਕੇ ਮੇਰੇ ਘਰ ਨਹੀਂ ਆਇਆਂ ਕਿਉਂ ਜੋ ਓਹ ਪਤਿਬਰਤਾ ਨੇ ਤੇ ਅਪਨੇ ਸੁਆਮੀਆਂ ਦੀਆਂ ਹੀ ਆਗਿਆ ਪਾਲਨ ਕਰਦੀਆਂ ਨੇ ਸੋ ਮਹਾਰਾਜ ਜੇਕਰ ਆਪ ਜਾਵਨ ਤਾਂ ਉਮੇਦ ਹੈ ਕੇ ਉਨ੍ਹਾਂ ਦੇ ਪਤੀ ਉਨ੍ਹਾਂ ਨੂੰ

ਆਗਿਆ ਦੇ ਦੇਨਗੇ ਏਹ ਸੁਨ ਕੇ ਮਹਾਰਾਜ ਵਜੀਰ ਨੂੰ ਨਾਲ ਲੈਕੇ ਤੇ ਪਤਾ ਪੁਛ ਕੇ ਵਡੀ ਭੈਨ ਦੇ ਘਰ ਗਏ, ਜਦ ਬੂਹਾ ਖੜਕਾਇਓਨੇ ਤਾਂਅੱਗੋ ਏਹ ਜੁਵਾਬ ਮਿਲਿਆ ॥

(ਪਤਿਬਰਤਾ) ਮਹਾਰਾਜ ਜੀ ਕੌਣ ਹੋ ਤੇ ਕੀਹ ਕੰਮ ਜੇ॥

(ਵਜੀਰ) ਬੀਬੀ ਜੀ ਮਹਾਰਾਜ ਆਪ ਤੁਹਾਡੇ ਬੁਲਾਵਨ ਵਾਸਤੇ ਆਏ ਹੋਏ ਨੇ ॥

(ਪਤਿਬਰਤਾ) ਦਰਵਾਜਾ ਖੋਲ ਕੇ ਤੇ ਹੱਥਜੋੜ ਕੇ ਮਹਾਰਾਜ ਜੈ ਹੋ ਸਤ ਦੀ, ਕੀਹ ਹੁਕਮ ਹੈ ਆਗਿਆ ਕਰੋ ਜਲ ਪੀਓ ਤਾਂ ਲਿਆਵਾਂ ॥

(ਮਹਾਰਾਜ) ਪਤਿਬਰਤਾ ਦੇ ਹੱਥ ਜੁੜੇ ਦੇਖ ਤੇ ਮਧਰ ਬਾਨੀ ਸੁਨਕੇ ਬੀਬੀ ਜੀ ਆਪ ਮੇਰੇ ਘਰ ਚਲਕੇ ਸਨਾਨ ਕਰੋ ਤਾਂ ਬਰਖਾ ਹੋਵੇ ਤੇ ਪਰਜਾ ਸੁਖ ਪਾਵੇ ॥

(ਪਤਿਬਰਤਾ) ਹੱਥ ਜੋੜ ਕੇ ਮਹਾਰਾਜ ਮੇਰੇ ਸਨਾਨ ਨਾਲ ਮੀਂਹ ਨਹੀਂ ਵਸੇਗਾ ਕਿਉਂਕੇ ਮੈਂ ਅਪਨੇ ਪਤੀ ਦਾ ਬਚਨ ਇਕ ਵੇਰੀ ਉਲੰਘਨ ਕਰ ਚੁਕੀ ਹਾਂ ਉਨ੍ਹਾਂ ਨੇ ਮੈਨੂੰ ਇਕ ਦਿਨ ਆਖਿਆ ਸੀ ਕੇ ਸਨਾਨ ਕਰ ਕੇ ਤੇ ਮੈਨੂੰ ਕੁਛ ਖਾਵਨ ਨੂੰ ਦਿਓ ਤੇ ਮੈਂ ਸਨਾਨ ਕੀਤੇ ਬਿਨਾ ਖਾਵਨ ਵਾਲੀ ਚੀਜ ਦੇ ਦਿੱਤੀ ਸੀ ਸੋ ਇਸ ਕਰ ਕੇ ਮੈਂ ਪਤਿਬਰਤ ਭਾਵ ਵਿਚ ਠੀਕ ਨਹੀਂ ਰਹੀ, ਮੇਰੀ ਛੋਟੀ ਭੈਨ ਨੂੰ ਪੁਛੋ ਜੇ ਓਹ ਠੀਕ ਹੈ ਤਾਂ ॥

(ਮਹਾਰਾਜ) ਵਜੀਰ ਵੱਲ ਦੇਖ ਕੇ ਤੇ ਹੋਠਾਂ ਨੂੰ ਦੰਦਾ

ਹਿਠਾਂ ਦਬਾ ਕੇ ਵਾਹ ਈਸ਼ੁਰ ਵਾਹ ਧੰਨਜ ਹੈਂ ਤੂੰ ਤੇ ਧੰਨਜ ਹੈਨ ਤੇਰੇ ਭਗਤ ਚਲੋ ਭਾਈ ਹੁਣ ਓਥੇ ਚਲੀਏ ॥

ਏਹ ਕੈਹ ਕੇ ਤੇ ਦੂਸਰੀ ਭੈਨ ਵਲ ਗਏ ਉਸ ਨੇ ਭੀ ਉਸੇ ਤਰ੍ਹਾਂ ਸਤਕਾਰ ਕਰ ਕੇ ਕਹਿਆ ਕੇ ਮਹਾਰਾਜ ਮੇਰੇ ਗਿਆਂ ਭੀ ਮੀਂਹ ਨਹੀਂ ਵਸੇਗਾ ਕਿਉਂ ਜੋ ਮੇਰੇ ਕੋਲੋਂ ਭੀ ਇਕ ਵੇਰੀ ਪਤੀ ਆਗਿਆ ਦਾ ਉਲੰਘਨ ਹੋ ਚੁਕਾ ਹੈ ਇਕ ਦਿਨ ਬਰਖਾ ਸਮੇਂ ਪਤੀ ਜੀ ਨੇ ਸੁਕੀ ਚਾਦਰ ਮੰਗੀ ਸੀ ਮੈਂ ਨਕਰ-ਮਨ ਬਿਨਾਂ ਦੋਹੇ ਟਾਹੇ ਕਣੀਆਂ ਨਾਲ ਗਿੱਲੀ ਹੋਈ ਹੋਈ ਦੇ ਦਿੱਤੀ ਸੋ ਇਸੀ ਵਾਸਤੇ ਮੈਂ ਆਗਿਆਕਾਰੀ ਨਹੀਂ, ਮੇਰੀ ਛੋਟੀ ਭੈਨ ਠੀਕ ਹੈ ਜੇ ॥

ਫੇਰ ਮਹਾਰਾਜ ਤੀਸਰੀ ਵਲ ਗਏ ਤੇ ਜਾਕੇ ਪੁਛਿਓ ਨੇ ਉਸ ਨੇ ਭੀ ਓਸੇ ਤਰ੍ਹਾਂ ਸਤਕਾਰ ਮਾਨ ਕਰ ਕੇ ਪੁਛਿਆ ਮਹਾ-ਰਾਜ ਧੰਨਜ ਭਾਗ ਹੈਨ ਮੇਰੇ ਜੋ ਆਪ ਚੱਲਕੇ ਆਏ ਹੋ ਤੁਸੀਂ ਸੰਦੇਸਾ ਭੇਜ ਦੇਂਦੇ ਤਾਂ ਮੈਂ ਸੁਆਮੀ ਹੋਰਾਂ ਕੋਲੋ ਆਗਿਆ ਲੈਕੇ ਆਪ ਆ ਜਾਂਦੀ ਇਕ ਗੁਰੂ ਤੇ ਰਾਜਾ ਦੇ ਘਰ ਜਵਾਨ ਦਾ ਕੋਈ ਦੋਸ਼ ਨਹੀਂ ਜੇਕਰ ਓਹ ਆਪ ਸ਼ੁੱਧ ਆਤਮਾ ਹੋਵਨ ਤਾਂ ॥

(ਮਹਾਰਾਜ) ਅੱਛਾ ਬੀਬੀ ਜੀ ਹੁਣ ਕਿਰਪਾ ਕਰੋ ਤਾਂ ਚਲੋ ਤੇ ਚੱਲ ਕੇ ਮੇਰੇ ਮਹਿਲਾਂ ਵਿਚ ਸਨਾਨ ਕਰੋ ਮੀਂਹ ਵਸੇ ਤੇ ਮੁਲਕ ਦੀ ਬਿਪਤਾ ਕਟੀ ਜਾਵੇ ॥

(ਪਤਿਬਰਤਾ) ਹੱਥ ਜੋੜ ਕੇ ਅੱਖੀਆਂ ਨੀਵੀਆਂ ਕਰਕੇ

ਮਹਾਰਾਜ ਦਾਸੀ ਚਲਨ ਤੋਂ ਨਾ ਨਹੀਂ ਕਰਦੀ ਪਰ ਮੇਰੇ ਸੁਆਮੀ ਮਹਾਰਾਜ ਆਵਨ ਆਗਿਆ ਦੇਵਨ ਤਾਂ ਜਾਵਾਂਗੀ ॥

(ਰਾਜਾ) ਬੀਬੀ ਓਹ ਆਪ ਕਿਥੇ ਹੈਨ, ਪਤਾ ਦਿਓ ਤਾਂ ਵਜੀਰ ਹੋਰੀ ਜਾਕੇ ਬੁਲਾ ਲਿਆਵਨ ॥

(ਪਤਿਬਰਤਾ) ਮਹਾਰਾਜ ਅਸਲ ਜਗਾਹ ਤਾਂ ਉਨ੍ਹਾਂ ਦੀ ਸਰਕਾਰੀ ਚੁੰਗੀਖਾਨਾ ਹੈ ਪਰ ਐਸ ਵੇਲੇ ਦਰਿਆ ਦੇ ਕੰਡੇ ਤੇ ਦਿਸ਼ਾ ਵਾਸਤੇ ਗਏ ਹੋਏ ਨੇ, ਵਜੀਰ ਹੋਰਾਂ ਨੂੰ ਹੁਕਮ ਦਿਓ ਕੇ ਚੜਹ ਦੇ ਦਰਵਾਜੇ ਵਿਚ ਜਾਕੇ ਖੜੇ ਹੋਵਨ ਜਿਸ ਵੇਲੇ ਮੇਰੇ ਸੁਆਮੀ ਹੋਰੀ ਆਪ ਪੁੱਛਨ ਤਾਂ ਫੇਰ ਜੋ ਮਰਜੀ ਹੋਵੇ ਜੁਵਾਬ ਦੇਨਾ ॥

(ਮਹਾਰਾਜ) ਅੱਛਾ ਵਜੀਰ ਜੀ ਆਓ ਮੈਂ ਭੀ ਚਲਨਾ ਹਾਂ ਫੇਰ ਇਕੱਠੇ ਆਵਾਂਗੇ ਜਿਸ ਵੇਲੇ ਦੋਵੇਂ ਓਥੇ ਜਾ ਖਲੋਤੇ ਤਾਂ ਫੇਰ ਥੋੜੇ ਚਿਰ ਵਿਚ ਹੀ ਉਸਦੇ ਸੁਆਮੀ ਹੋਰੀ ਆ ਗਏ,ਤੇ ਦੇਖ ਦਿਆਂ ਹੀ ਮਹਾਰਾਜ ਤੇ ਵਜੀਰ ਨੂੰ ਜਥਾਜੋਗ ਪਰਨਾਮ ਕੀਤਾ ਤੇ ਪੁਛਿਓ ਨੇ ਮਹਾਰਾਜ ਆਪ ਘਰ ਤੇ ਹੋਈ ਆਏ ਹੋ ਪਰ ਮੈਂ ਦਿਸ਼ਾ ਕਰਨੇ ਗਿਆ ਹੋਇਆ ਸਾਂ, ਏਸ ਵਾਸਤੇ ਥੋੜੀ ਦੇਰ ਹੋ ਗਈ ਹੈ। ਆਓ ਚਲੋ ਤਾਂ ਮੈਂ ਪਹਿਲਾਂ ਕੰਮ ਕਰ ਆਵਾਂ ॥

(ਵਜੀਰ) ਮਹਾਰਾਜ ਕੋਈ ਚੀਜ ਦੀ ਲੋੜ ਹੋਵੇ ਤਾਂ ਏਥੋਂ ਹੀ ਲੈ ਚਲੀਏ ॥

(ਸੁਆਮੀ ਪਤਿਬਰਤਾ) ਹਾਂ ਵਜੀਰ ਸਾਹਿਬ ਇਕ

ਡੋਲੀ ਮੰਗਾ ਲੌ ਕਿਉਂ ਜੋ ਮੇਰੀ ਪਤਨੀ ਨੂੰ ਇਤਨੀ ਦੂਰ ਚਲਨੇ ਦੀ ਸ਼ਕਤੀ ਨਹੀਂ ॥

(ਮਹਾਰਾਜ) ਵਜ਼ੀਰ ਵਲੋਂ ਹੈਰਾਨ ਹੋਕੇ ਦੇਖਕੇ ਕੈਹਨ ਲਗੇ ਅੱਛਾ ਵਜ਼ੀਰ ਜੀ ਇਕ ਡੋਲੀ ਮੰਗਾਲੌ ॥

ਝੱਟ ਡੋਲੀ ਆ ਗਈ ਤੇ ਏਹ ਤਿੰਨੇ ਪਤਿਬਰਤਾ ਦੇ ਵੱਲ ਚਲੇ ਗਏ ਘਰ ਪਹੁੰਚ ਦਿਆਂ ਹੀ ਪਤਿਬਰਤਾ ਨੇ ਹੱਥ ਜੋੜਕੇ ਅਪਨੇ ਸੁਆਮੀ ਨੂੰ ਪਰਨਾਮ ਕੀਤਾ ਉਸ ਦੇ ਗਲੇ ਮਿਲੀ ਤੇ ਪੁਛਿਓ ਸੂ ਮਹਾਰਾਜ ਆਨੰਦ ਹੋ ਕੋਈ ਚਿੰਤਾ ਅਥਵਾ ਚਿਤਵਨਾਂ ਤੇ ਨਹੀਂ ॥

(ਸੁਆਮੀ) ਪਿਆਰੀ ਸਭ ਭਗਵਾਨ ਦੀ ਕਿਰਪਾ ਹੈ, ਹੁਣ ਆਪ ਮਹਾਰਾਜ ਤੁਹਾਡੇ ਲੈਜਾਵਨ ਵਾਸਤੇ ਆਏ ਨੈ, ਸੋ ਇਸ ਵਾਸਤੇ ਹੁਣ ਢਿਲ ਨਾ ਕਰੋ ਤੇ ਜਲਦੀ ਜਾਓ, ਉਤੋਂ ਵੇਲਾ ਭੀ ਤੰਗ ਹੈ ॥

(ਪਤਿਬਰਤਾ) ਹੱਥ ਜੋੜ ਕੇ ਤੇ ਪੈਰਾਂ ਤੇ ਸਿਰ ਰੱਖ ਕੇ ਓਥੋਂ ਹੀ ਝੱਟ ਡੋਲੀ ਵਿਚ ਬੈਠਕੇ ਚਲੀ ਗਈ, ਜਦ ਜਾਕੇ ਸਨਾਨ ਕੀਤਾ ਉਸੀ ਵੇਲੇ ਬਰਖਾ ਐਡੀ ਹੋਈ ਕੇ ਸਭ ਟੋਆ ਟਿੱਬਾ ਪੁਰ ਹੋ ਗਿਆ। ਮਹਾਰਾਜ ਬੜੇ ਪਰਸੰਨ ਹੋਏ। ਪਤਿਬਰਤਾ ਨੂੰ ਧੀਆਂ ਵਾਙਨ ਬਹੁਤ ਕੁਛ ਦੇਕੇ ਤੇ ਹੱਥ ਜੋੜ ਕੇ ਆਖਿਆ ਅੱਛਾ ਪੁੱਤਰੀ ਹੁਣ ਤੁਸੀਂ ਜਾਓ ਸਭ ਰਾਨੀਆਂ ਨੇ ਦਰਸ਼ਨ ਕਰ ਕੇ ਬਹੁਤ ਕੁਛ ਦਿੱਤਾ ਤੇ ਵਾਰਿਆ ॥

(ਪਤਿਬਰਤਾ) ਮਹਾਰਾਜ ਇਕ ਅਰਜ਼ ਹੈ ॥

(ਰਾਜਾ) ਬੇਟੀ ਜੀ ਕਹੋ ॥

(ਪਤੀ) ਮਹਾਰਾਜ ਮੈਂਨੂੰ ਇਕ ਕੋਠੜੀ ਵਿਚ ਟਕਾਨਾ ਕਰਾ ਦਿਓ ਜਦ ਮੇਰੇ ਪਤੀ ਹੋਰੀ ਆਵਣਗੇ ਯਾਂ ਆਗਿਆ ਮੁੜਨ ਦੀ ਦੇਨਗੇ ਤਦ ਮੈਂ ਜਾਵਾਂਗੀ ਉਨ੍ਹਾਂ ਨੇ ਹੁਕਮ ਦਿੱਤਾ ਸੀ ਕੇ ਜਲਦੀ ਜਾਓ। ਏਹ ਨਹੀਂ ਸਾਨੇ ਕਹਿਆ ਕੇ ਫੇਰ ਆਓ ਯਾ ਹੋ ਆਓ, ਤੇ ਨਾਲੇ ਏਹ ਸਭ ਕੁਛ ਜੋ ਆਪ ਮੈਨੂੰ ਦੇਂਦੇ ਹੋ ਉਨ੍ਹਾਂ ਦੀ ਆਗਿਆ ਨਾਲ ਹੀ ਲਵਾਂਗੀ ॥

(ਮਹਾਰਾਜ) ਹੈਰਾਨ ਹੋਕੇ ਤੇ ਅਪਨੀਆਂ ਰਾਨੀਆਂ ਤੇ ਧੀਆਂ ਨੂੰ ਹਾਂਵੱਲ ਅਖੀਆਂ ਪਾਨੀ ਭਰੀਆਂਨਾਲ ਦੇਖਕੇ ਧੰਨਜ ਹੈਂ ਬੇਟੀ ਤੂੰ ਤੇ ਧੰਨਜ ਹੈ ਤੇਰਾ ਸੁਆਮੀ। ਮੈਂ ਤੇ ਅਪਨੀ ਸਾਰੀ ਉਮਰ ਐਵੇਂ ਹੀ ਗਾਲੀ ॥

ਅੱਛਾ ਫੇਰ ਏਸ ਸਾਹਮਨੇ ਮੰਦਰ ਵਿਚ ਡੇਰਾ ਕਰੋ ਤੇ ਮੈਂ ਲਾਲਾ ਹੋਰਾਂ ਵੱਲ ਆਦਮੀ ਭੇਜਨਾ ਹਾਂ ॥

ਏਹ ਕੈਹਕੇ ਤੇ ਮਹਾਰਾਜ ਨੇ ਆਦਮੀ ਲਾਲਾ ਹੋਰਾਂ ਵੱਲ ਭੇਜਿਆ ਤੇ ਸਮਝਾ ਦਿੱਤੋ ਨੇ। ਲਾਲਾ ਹੋਰਾਂ ਸੁਨਦਿਆਂ ਹੀ ਖਿਆਲ ਕੀਤਾ ਕੇ ਓਹ ਓਹ ਬੜੀ ਭੁਲ ਹੋ ਗਈ ਹੈ ਝੱਟ ਨਾਲ ਹੀ ਟੁਰ ਪਏ। ਤੇ ਰਾਜੇ ਦੇ ਮੰਦਰ ਵਿਚ ਜਾ ਕੇ ਜਥਾ ਜੋਗ ਸਤਕਾਰ ਕਰ ਕੇ ਅਪਨੀ ਇਸਤਰੀ ਨੂੰ ਕਹਿਓ ਨੇ ਪਿਆਰੀ ਆਓ ਚਲੀਏ ਏਹ ਸੁਨਕੇ ਤੇ ਓਹ ਟੁਰ ਪਈ। ਜਦ ਮਹਾਰਾਜ ਨੇ ਦੇਖਿਆ ਕੇ ਓਹ ਉਸੇ ਤਰ੍ਹਾਂ ਜਿਸ ਤਰ੍ਹਾਂ ਆਈ ਸੀ ਚਲੀ ਗਈ ਹੈ ਫੇਰ ਉਸਦੇ ਸੁਆਮੀ ਨੂੰ ਬੁਲਾ ਕੇ

ਤੇ ਕਹਿਆ ਕੇ ਏਹ ਸਭ ਕੁਛ ਅਸਾਂ ਅਪਨੀ ਬੇਟੀ ਨੂੰ ਦਿੱਤਾ ਹੈ ਏਹ ਭੀ ਲੈਜਾਉ। ਏਹ ਸੁਨਕੇ ਤੇ ਉਨ੍ਹਾਂ ਨੇ ਕਹਿਆ ਹੱਛਾ ਮਹਾਰਾਜ ਭੇਜ ਦਿਓ, ਕਿਰਪਾ ਤੁਹਾਡੀ। ਸੋ ਰੁਕੋ ਪਤਿਬਰਤਾ ਇਸਤਰੀਆਂ ਵਿਚ ਇਤਨੀ ਸ਼ਕਤੀ ਹੁੰਦੀ ਹੈ। ਜੇਕਰ ਓਹ ਪਤਿਬਰਤਾ ਨਾ ਰੈਹਨ ਤਾਂ ਕੋਈ ਭੀ ਕੰਮ ਉਨ੍ਹਾਂ ਦੇ ਠੀਕ ਨਹੀਂ ਹੁੰਦੇ ॥

(ਰੁਕੋ) ਹਾਂ ਬੇਬੇ ਜੀ ਮੈਂ ਹੁਣ ਸਮਝ ਗਈ ਹਾਂ, ਤੇ ਮੈਂ ਭੀ ਕਹਨੀ ਹਾਂ ਕੇ ਕਦੀ ਭੀ ਅਪਨੇ ਪਤੀ ਦਾ ਬਚਨ ਭੰਗ ਨਹੀਂ ਕਰਾਂਗੀ। ਅੱਗੇ ਜੋ ਈਸ਼ੁਰ ਕਰੇ ਸੋ ਦੇਖੀ ਜਾਵੇਗੀ ॥

(ਸੇਠਨੀ) ਰੁਕੋ ਮੈਂ ਤਾਂ ਤੇਥੋਂ ਪੁਛਨੋਂ ਹੀ ਭੁਲ ਗਈ ਕੇ ਸੁਪਨਾ ਕਿਆ ਆਇਆ ਸਾਈ ॥

(ਰੁਕੋ) ਬੇਬੇ ਜੀ ਮੈਂ ਤੁਹਾਨੂੰ ਕੀਹ ਦੱਸਾਂ। ਮੈਂ ਅਪਨੇ ਆਪ ਨੂੰ ਇਸੇ ਘਰ ਹੇਠਲੀ ਬੈਠਕ ਵਿਚ ਸਿਰ ਖੁਲੇ ਤੇ ਜਨਾਨੀਆਂ ਨੂੰ ਅਪਨੇ ਸਿਰਤੇ ਪਿੱਟਦਿਆਂ ਡਿੱਠਾ ਹੈ ਨਾਲੇ ਇਕ ਨੂੰ ਮੇਰੇ ਹੱਥੋਂ ਲਾਲ ਚੂੜਾ ਵੱਟੇ ਨਾਲ ਭੰਨ ਦਿਆ ॥

(ਸੇਠਨੀ) ਬੜੀ ਦਿਲ ਵਿਚ ਹੈਰਾਨ ਹੋਕੇ ਤੇ ਅੱਛੀ ਤਰ੍ਹਾਂ ਸੋਚ ਸਮਝਕੇ ਰੁਕੋ ਸੁਪਨਾ ਤੇ ਬੜਾ ਭੈੜਾ ਆਇਆ ਹੈ ਪਰ ਹੁਣ ਸੇਠ ਹੋਰੀ ਆਵਨ ਤਾਂ ਪੁਛਾਂਗੀ। ਇੱਨੀ ਗਲ ਕਰ ਕੇ ਰੁਕੋ ਅਪਨੇ ਰੋਟੀ ਟੁੱਕਰ ਦੇ ਕੰਮ ਵਿਚ ਲਗ ਪਈ ਤੇ ਸੇਠਨੀ ਅਪਨੇ ਅੰਦਰ ਜਾਕੇ ਤੇ ਵਿਚਾਰਨ ਲਗ ਪਈ, ਬੜੀ ਸੋਚ ਕਰ ਕਰ ਕੇ ਤੇ ਦਿਲ ਵਿਚ ਏਹ ਸਮਝਿਓ ਸੂ

ਕੇ ਰੁਕੋ ਜੇ ਮਦਨਗੋਪਾਨ ਨਾਲ ਵਿਵਾਹੀ ਗਈ ਤਾਂ ਜਰੂਰ ਵਿਧਵਾ ਹੋ ਜਾਵੇਗੀ। ਜੇ ਹੁਣ ਨਾ ਵਿਵਾਹੀ ਤਾਂ ਪਤ ਭੀ ਨਹੀਂ ਰੈਹਿੰਦੀ ਪਰ ਜੋ ਕੁਛ ਮੇਰੇ ਦਿਲ ਨੂੰ ਸੁਝਦਾ ਹੈ ਸੇਠ ਹੋਰਾਂ ਤੇ ਰੁਕੋ ਅਗੇ ਦੱਸ ਦੇਨਾ ਹੀ ਠੀਕ ਹੈ। ਏਹ ਸੋਚਦਿਆਂ ਸੋਂ ਗਈ ਕੀਹ ਦੇਖਿਓ ਸੂ ਕੇ ਸੱਚ ਮੁਚ ਰੁਕੋ ਦੇ ਵਿਵਾਹ ਤੋਂ ਦੋ ਮਹੀਨੇ ਪਿਛੋਂ ਰੁਕੋ ਰੰਡੀ ਹੋ ਗਈ ਹੈ। ਮਦਨਗੋਪਾਲ ਦੀ ਮੜਹੀ ਸੜਦੀ ਤੇ ਰੁਕੋ ਹੈਰਾਨ ਹੋਕੇ ਪਾਸ ਸੰਦਿਆ ਤੇ ਵੇਦ ਮੰਤ੍ਰ ਪੜਹ ਕੇ ਆਹੁਤੀਆਂ ਕਰਦੀ ਡਿਠੋ ਸੂ। ਝੱਟ ਉਬੜਵਾਹੇ ਤਰਾਹ ਤਰਾਹ ਕਰ ਕੇ ਉਠ ਬੈਠੀ। ਤੇ ਹੱਥ ਜੋੜਕੇ ਈਸ਼ੁਰ ਅਗੇ ਪਰਾਰਥਨਾ ਕਰਨ ਲਗ ਪਈ, ਕੇ ਹੇ ਈਸ਼ੁਰ ਸਰਬ ਸ਼ਕਤੀਮਾਨ ਜੋ ਜੋ ਮੈਂ ਦੇਖਿਆ ਹੈ ਸਚ ਹੋਵੇਗਾ ਇਤਨੇ ਵਿਚ ਗਲੀ ਵਿਚੋਂ ਅਵਾਜ ਆਈ ਕੇ ਹਾਂ ਸੱਚ ਹੈ ਹੋਨੀ ਇਸੇ ਤਰ੍ਹਾਂ ਹੈ। ਏਹ ਸੁਣਕੇ ਤੇ ਸੋਹਬਾਵੰਤੀ ਨੇ ਦਿਲ ਵਿਚ ਗੰਡ ਬੰਨ ਲੀਤੀ ਕੇ ਰੁਕੋ ਜਰੂਰ ਵਿਧਵ ਹੋਵੇਗੀ। ਦਿਲ ਵਿਚ ਏਹ ਖਿਆਲ ਕਰ ਕੇ ਚਲਾਂ ਰੁਕੋ ਨੂੰ ਸਮਝਾਵਾਂ ਬਾਹਰ ਵੱਲ ਆਈ ਸਾਹਮਣੇ ਦੇਖਿਓ ਸੂ ਕੇ ਸੇਠ ਹੋਰੀ ਇਕ ਬਰਾਹਮਨ ਨੂੰ ਨਾਲ ਲੈਕੇ ਤੇ ਬੈਠਕ ਵਿਚ ਸਗਨ ਟੋਰਨ ਤੇ ਵਿਵਾਹ ਦਿਨ ਸੋਦ੍ਹਨ ਕਰਦੇ ਪਏ ਨੇ ਏਹ ਭੀ ਦੇਖ ਕੇ ਬੈਠਕ ਵੱਲ ਚਲੀ ਗਈ ਤੇ ਹੱਥ ਜੋੜ ਕੇ ਅਪਨੇ ਸੁਆਮੀ ਨੂੰ ਪਰਨਾਮ ਕਰ ਕੇ ਕੁਸ਼ਲਤਾ ਪੁਛੀ ਫੇਰ ਪੰਡਿਤ ਜੀ ਨੂੰ ਪਰਨਾਮ ਕਰਕੇ ਤੇ ਬੈਠ ਗਈ॥

(ਸੇਠ) ਪਿਆਰੀ ਜੀ ਰੁਕੋ ਦੇ ਵਿਵਾਹ ਦਾ ਜੋੜ ਦੇਖਨ ਵਾਸਤੇ ਪੰਡਿਤ ਹੋਰਾਂ ਨੂੰ ਸੱਦਿਆ ਹੈ। ਸੁਣ ਲੌ ਜੋ ਠੀਕ ਬਨੇ ਸੋ ਕਰਨਾ ॥

(ਸੇਠਨੀ) ਸੁਆਮਿਨ ਮੈਂਨੂੰ ਤੇ ਰੁਕੋ ਨੂੰ ਐਸ ਤਰ੍ਹਾਂ ਭੈੜੇ ਸੁਪਨੇ ਆਏ ਨੇ ਜੇ ਕੋਈ ਵਿਘਨ ਸੁਝਦਾ ਜੇ ਤਾਂ ਸੋਚ ਸਮਝ ਲੌ, ਅਜੇ ਕੁਛ ਵਿਗੜਿਆ ਨਹੀਂ ॥

(ਪੰਡਿਤ) ਦੇਵੀ ਜੀ ਏਹ ਸੁਪਨੇ ਬੜੇ ਚੰਗੇ ਨੇ। ਰੁਕੋ ਸਾਰੀ ਉਮਰ ਸੁਖੀ ਸੁਹਾਗਨ ਰਹੇਗੀ। ਸ਼ਾਸਤਰਾਂ ਵਿਚ ਲਿਖਿਆ ਹੈ ਜੋ ਸੁਪਨੇ ਸਦਾ ਹੀ ਉਲਟੇ ਹੁੰਦੇ ਨੇ ਤੁਸੀਂ ਕੁਛ ਚਿੰਤਾ ਨਾ ਕਰੋ॥

(ਸੇਠ) ਮਹਾਰਾਜ ਸੁਪਨਾ ਸੱਚੇ ਨੂੰ ਸੱਚਾ ਤੇ ਝੂਠੇ ਨੂੰ ਝੂਠਾ ਆਉਂਦਾ ਹੈ। ਮੈਂਨੂੰ ਤਾਂ ਸੁਝਦਾ ਹੈ ਕੇ ਈਸ਼ੁਰ ਗਿਆਨ ਦੇਂਦਾ ਹੈ ਕੇ ਇਸ ਵਿਵਾਹ ਹੋਵਨ ਵਿਚ ਵਿਘਨ ਜਰੂਰ ਹੋਵੇਗਾ ॥

(ਪੰਡਿਤ) ਹੱਸਕੇ ਸੇਠ ਜੀ ਤੁਸੀਂ ਵਿਦਿਆ ਵਾਨ ਹੋਕੇ ਭੋਲੇ ਬਨ ਗਏ ਹੋ। ਭਲਾ ਕਦੀ ਸੁਪਨੇ ਭੀ ਸੱਚੇ ਹੋਏ ਨੇ ਕਈ ਲੋਕ ਸੁਪਨੇ ਵਿਚ ਬਾਦਸ਼ਾਹ ਹੋ ਜਾਂਦੇ ਨੇ ਕਈ ਗਰੀਬ ਕਦੀ ਓਹ ਹੋ ਭੀ ਗਏ ਨੇ। ਲੌ ਏਹ ਦੇਖੋ ਪੱਤਰੀ ਵਿਚ ਮਦਨਗੋਪਾਲ ਤੇ ਰੁਕੋ ਦਾ ਕਿਆ ਸੋਹਨਾ ਲਗਨ ਜੁੜਦਾ ਹੈ। ਵਸਾਖ ਦੀ ੧੨ ਵੇਂ ਫੇਰੇ ਜੇ ਕੋਈ ਪੂਜਾ ਨਹੀਂ ਐਸਾ ਲਗਨ ਸੁੰਦਰ ਜੁੜਿਆ ਜੇ ਕੇ ਅੱਜ ਤਾਕਨ ਧਰਮ

ਨਾਲ ਮੈਂ ਅਜੇਹਾ ਕੋਈ ਨਹੀਂ ਜੇ ਡਿੱਠਾ ਜੇਹਾਕੁ ਲਗਨ ਹੱਛਾ ਹੈ ਤੇਹਾ ਹੀ ਪੰਡਿਤ ਵਿਵਾਹ ਪੜਹਾਨ ਵਾਲਾ ਹੋਵੇ ਤਾਂ ਫੇਰ ਦੇਖੀਏ ਨਾ ਕਿਸ ਤਰ੍ਹਾਂ ਉਲਟ ਹੁੰਦਾ ਹੈ। ਮਹਾਰਾਜ ਵਿਵਾਹ ਵਿਚ ਜਿਤਨੇ ਵਿਘਨ ਹੁੰਦੇ ਨੇ ਓਹ ਵਿਵਾਹ ਸੋਧਨ ਤੇ ਗ੍ਰਹ ਪੂਜਾ ਠੀਕ ਠੀਕ ਨਾ ਕਰਨ ਵਿਚ ਹੁੰਦੇ ਨੇ॥

(ਸੇਠਨੀ) ਮਹਾਰਾਜ ਮਥਰਾਦਾਸ ਜੋਤਸ਼ੀ ਦੀ ਧੀ ਦਾ ਜੋ ਵਿਵਾਹੇ ਪਿਛੋਂ ਦਸਵੇਂ ਦਿਨ ਵਿਧਵਾ ਹੋਗਈ ਸੀ ਵਿਵਾਹ ਸ਼ੋਧਨ ਤੇ ਪੜਹਾਨ ਵਿਚ ਕੀਹ ਫਰਕ ਰਹਿਆ ਸੀ ਪੰਜ ਵਰਹੇ ਵਿਵਾਹ ਅੱਗੇ ਅੱਗੇ ਪਾਂਦੇ ਗਏ ਤੇ ਪੜਹਨ ਵਾਲਾ ਆਪ ਜੋਤਸ਼ੀ ਸੀ ਜੇਹੜਾ ਸਾਰੇ ਸ਼ੈਹਰ ਵਿਚ ਸਿਆਨਾਏ॥

(ਪੰਡਿਤ) ਬੀਬੀ ਜੀ ਤੁਸੀਂ ਕੀਹ ਜਾਨੋਂ ਏਹ ਗਲਾਂ ਸਾਡੇ ਪਿਤਾ ਤੇ ਸਾਡੇ ਨਾਲੋਂ ਕੌਣ ਸਿਆਨਾਏ ਸਾਡੇ ਪਿਤਾ ਹੋਰੀ ੬੦) ਵਰਹੇ ਪੰਡਿਤਾਈ ਕਰਦੇ ਰਹੇ ਕਰੋੜਾਂ ਵਿਵਾਹ ਸੋਦੇ ਕੋਈ ਵਿਘਨ ਨਹੀਂ ਹੋਇਆ ਅਸਾਂ ਭੀ ਅਪਨੀ ਹੋਸ਼ ਵਿਚ ਲਖਾਂ ਵਿਵਾਹ ਸੋਦੇ ਨੇ ਪਰ ਅੱਜ ਤਾਕਨ ਭਗਵਾਨ ਇੱਜਤ ਹੀ ਰਖੀ ਹੈ॥

ਬੀਬੀ ਜਦ ਦਾ ਅਸਾਂ ਚੰਡੀਪਾਛ ਸਿੱਧ ਕੀਤਾ ਹੈ ਤਦ ਦੀ ਸਰਸੁਤੀ ਸਾਡੀ ਜਿੱਬ੍ਹਾ ਉੱਪਰ ਹੈ॥ ਜਿਸ ਤਰ੍ਹਾਂ ਬਚਨ ਕਹੀਦਾ ਹੈ ਉਸੇ ਤਰ੍ਹਾਂ ਹੁੰਦਾ ਹੈ ਤੁਸਾਂ ਗਲਾਂ ਸੁਨੀਆਂ ਹੈਨ ਪਾਂਦਿਆਂ ਤੇ ਅਨਪੜਹਾਂ ਦੀਆਂ ਜਿਨ੍ਹਾਂ ਸਾਸਤ੍ਰ ਰੰਦੇ ਕਰ ਦਿੱਤੇ ਨੇ॥

(ਸੇਠ) ਪਿਆਰੀ ਤੂੰ ਚੁਪ ਕਰ ਰਹੋ ਜੋ ਪੰਡਿਤ ਹੋਰੀ ਆਖਦੇ ਨੇ ਸੋਈ ਠੀਕ ਹੈ ਹੱਛਾ ਮਹਾਰਾਜ ਸਗਨ ਕਦ ਭੇਜੀਏ ਤੇ ਵਿਵਾਹ ਕਿਸ ਦਿਨ ਕੈਹ ਭੇਜੀਏ ॥

(ਪੰਡਿਤ) ਸਗਨ ਵਿਸਾਖੋਂ ੨ ਦੂਜੀ ਭੇਜ ਦਿਓ ਤੇ ਵਿਵਾਹ ਵਿਸਾਖੋਂ ੧੨ ਦਿਨ ਕਰਦਿਓ ॥

(ਸੇਠ) ਹੱਛਾ ਮਹਾਰਾਜ ਜੀ ਪਿਆਰੀ ਜੀ ਪੰਡਿਤ ਹੋਰਨੂੰ ਸੀਧਾ ਦਿਓ ਜਾਵਨ ਤੇ ਤੁਸੀਂ ਕਲ ਸਗਨ ਕਰ ਦਿਓ ਤੇ ਜਿਥੇ ਕਿਦੂਰੇ ਭਾਜੀ ਛਾਜੀ ਭੇਜਨੀ ਜੇ ਭੇਜ ਦੇਨਾ ਤੇ ਜੋ ਲੋੜ ਹੋਵੇ ਸੋ ਅੱਜ ਦੱਸ ਦੇਨਾ ॥

ਪੰਡਿਤ ਹੋਰੀ ਚਲੇ ਗਏ ਤਾਂ ਫੇਰ ਸੇਠ ਹੋਰਾਂ ਰੁਕੋ ਨੂੰ ਤੇ ਸੋਹਬਾਵੰਤੀ ਨੂੰ ਅਪਨੇ ਕੋਲ ਬੁਲਾ ਕੇ ਸਭ ਹਾਲ ਸੁਪਨਿਆਂ ਦਾ ਸੁਨਿਆ ਤੇ ਸੁਨਾਇਆ ਨਾਲੇ ਏਹ ਭੀ ਕਹਿਓ ਨੇ ਕੇ ਸੁਪਨਿਆਂ ਤੋਂ ਮਾਲੂਮ ਹੁੰਦਾ ਹੈ ਕੇ ਮਦਨਗੋਪਾਲ ਹੋਰੀ ਤੇ ਰੁਕੋ ਗਰਿਸਤ ਆਸ਼ਰਮ ਬਿਨਾਂ ਵਿਘਨ ਤੇ ਨਹੀਂ ਨਿਭਾ ਸਕਨਗੇ ਅੱਗੇ ਈਸ਼ੁਰ ਦੀ ਮਰਜੀ ਪਰ ਮੈਂ ਤਾਂ ਏਹ ਕੈਂਹਨਾ ਹਾਂ ਜੇ ਰੁਕੋ ਮਨਜੂਰ ਕਰੇ ਤਾਂ ਕਿਧਰੇ ਹੋਰ ਜਗ੍ਹਾ ਬੰਦੋਬਸਤ ਕਰ ਦੇਈਏ ਪ੍ਰਿਆ ਜੀ ਤੁਹਾਡੀ ਕੀਹ ਸਲਾਹ ਹੈ। ਮਦਨਗੋਪਾਲ ਹੋਰੀ ਤਾਂ ਖਿੱਚ ਫੇਰ ਨਹੀਂ ਕਰਨਗੇ ਜਦ ਉਨ੍ਹਾਂ ਨੂੰ ਸਮਝਾ ਦਿਆਂਗੇ ਤੇ ॥

(ਰੁਕੋ) ਸੇਠ ਜੀ ਹੁਣ ਜਰੂਰ ਹੋਵਣ ਦਿਓ ਜੇ ਮੇਰੇ ਭਾਗ ਅਜੇਹੇ ਹੋਵਨਗੇਤਾਂ ਭੀ ਮੈਂ ਕੁਛ ਖਾ ਮਰਾਂਗੀ। ਪਰ ਹੁਣ

ਮਦਨਗੋਪਾਲ ਹੋਰਾਂ ਨਾਲੋਂ ਪਰੀਤੀ ਤੋੜਨਾ ਧਰਮ ਨਹੀਂ ਸਤੀ ਹੋਵਨਾ ਮੈਂਨੂੰ ਮਨਜੂਰ ਹੈ, ਕਿਉਂ ਬੇਬੇ ਜੀ ਤੁਸੀਂ ਕੀਹ ਠੀਕ ਸਮਝਦੇ ਹੋ ॥

(ਸੇਠਨੀ) ਬੀਬੀ ਜੀ ਮੈਂ ਕੀਹ ਆਖਾਂ ਤੂੰ ਹੁਣ ਆਪ ਸਿਆਨੀ ਹੈਂ, ਸੁਆਮੀ ਜੀ ਮੀਆਂ ਬੀਬੀ ਰਾਜੀ ਤੇ ਕੀਹ ਕਰੇਗਾ ਕਾਜੀ । ਜਿਸ ਤਰ੍ਹਾਂ ਰੁਕੋ ਰਾਜੀ ਹੈ ਕਰੋ ॥

(ਸੇਠ) ਹੱਛਾ ਬੀਬੀ ਰੁਕੋ ਜੋਹੜੀ ਗਲ ਤੂੰ ਚਾਹੁੰਦੀਏ ਓਹੋ ਹੋਵੇਗੀ ॥

ਪਿਆਰੀ ਜੀ ਕਰੋ ਤਿਆਰੀ ਹੁਣ ਰੁਕੋ ਨੂੰ ਵਿਵਾਹਦਿਓ ॥

(ਸੇਠਨੀ) ਅੱਛਾ ਸੁਆਮਿਨ ਜੈਸੀ ਆਗਿਆ ਹੈ ਵੈਸੀ ਹੀ ਕਰਾਂਗੀ ॥

ਦੂਸਰੀ ਵਿਸਾਖ ਨੂੰ ਵਿਵਾਹ ਦੀਆਂ ਭਾਜੀਆਂ ਦਿੱਤੀਓ ਨੇ ਤੇ ਬਾਰਾਂ ਵਿਸਾਖ ਵਾਲੇ ਦਿਨ ਬੜੀ ਸੋਭਾ ਨਾਲ ਜੰਞ ਢੁਕੀ, ਤੇ ਕੁੜੀਆਂ ਨੇ ਮੰਗਲਾਚਾਰ ਗਾਵੇਂ ਤੇ ਸਭਨੇ ਅਪਨੀ ਮਨਸਾ ਦਾ ਗੀਤ ਗਾਵਿਆਂ ॥

—:(ਗੀਤ):—

ਰੁਕੋ ਭੈਨ ਧੰਨਜਭਾਗ ਹੈਨ ਤੇਰੇ ।
ਜੀਜਾ ਅੱਜ ਆਨ ਢੁਕਾ ਬੰਨ ਸੇਰੇ ॥
ਸੁੰਦਰ ਰੂਪ ਅਤੀ ਸੁੰਦਰ ਹੈ ਬਾਨੀ ।
ਵਾਹ ਵਾਹ ਸੁੰਦਰ ਸ਼ੋਭਾ ਸਾਂਝੇ ਮਨ ਭਾਨੀ ॥
ਪਿਆਰੀ ਤੂੰ ਭਲੇ ਕਰਮ ਹੈਨ ਕੀਤੇ।

ਵਾਹ ਵਾਹ ਸਾਰੇ ਭਾਗ ਹੈਨੀ ਵੱਸਕੀਤੇ ॥
ਭੈਨ ਤੇਰੇ ਜਹੀਆਂ ਸਾਰੀਆ ਭੈਨ ਹੋਵਨ ।
ਮਾਪੇ ਸੌਹਰੇ ਸੁਖਦੀ ਨੀਂਦ ਤਾਂ ਸੋਵਨ ।
ਜੋੜੀ ਏਹ ਤਾਂ ਈਸ਼ੁਰ ਅਜੇਹੀ ਬਨਾਈ ।
ਅਗੇ ਕਦੀ ਦੇਖਨ ਵਿਚ ਨਹੀਂ ਆਈ ॥
ਭੈਨੋਂ ਤੁਸੀਂ ਮੰਗਲ ਸਭ ਮਿਲ ਦੇਵੋ ਵਧਾਈ ।
ਸਦਾ ਸੁਆਮੀ ਹੋਵੇ ਜੋੜੀ ਦਾ ਸਹਾਈ ॥
ਸੇਠ ਸੇਠਨੀ ਨੂੰ ਈਸ਼ੁਰ ਵਧਾਵੇ ।
ਭਲਾ ਤੁਹਾਡਾ ਜਸ ਲੁਕਾਈ ਏਹੋ ਗਾਵੇ ॥
ਨਹੀਂ ਕੋਈ ਐਸਾ ਹੋਇਆ ਹੈ ਦਾਤਾ ।
ਵਾਹ ਵਾਹ ਨਾ ਕੋਈ ਸੱਕਾ ਪਿਤਾ ਨਾ ਕੋਈ ਮਾਤਾ ॥
ਜਿਨ੍ਹਾਂ ਵਰ ਦੇਖ ਪੁੱਤਰੀ ਨੂੰ ਵਿਵਾਹਿਆ ।
ਸੁਆਮੀ ਤੂੰ ਹੋਵੀਂ ਇਨ੍ਹਾਂ ਦੇ ਸਹਾਇਆ ॥
ਪਿਆਰੀ ਭੈਨ ਤੂੰ ਵਰਦੀ ਹੋਵੀਂ ਹੁਣ ਦਾਸੀ ।
ਤੇਰੀ ਈਸ਼ੁਰ ਸੁਖਨਾਲ ਤੋੜ ਨਿਭਾਸੀ ॥
ਸਾਡੀ ਹੁਣ ਏਹੀ ਸੁਆਮੀ ਜੀ ਹੈ ਅਰਦਾਸਾ ।
ਅਟਲਰਾਜ ਭੋਗਨ ਤੇਰੇ ਦੋਵੇਂ ਦਾਸਾ ॥

ਜਦ ਜੰਞ ਢੁਕ ਚੁਕੀ ਤਾਂ ਫੇਰ ਮਦਨਗੋਪਾਲ ਨੂੰ ਛੰਦ ਆਖਨ ਵਾਸਤੇ ਸਦਿਓ ਨੇ ਕਿਉਂ ਜੋ ਵਿਵਾਹ ਤੋਂ ਪਹਿਲਾਂ ਬਾਨੀ ਪਰੀਖਿਆ ਕਰਨੀ ਚਾਹੀਦੀ ਹੈ। ਕੇ ਮਤਾਂ ਮੁੰਡੇ ਨੂੰ ਕੋਈ ਗਲੇ ਦਾ ਰੋਗ ਨਾ ਹੋਗਿਆ ਹੋਵੇ ॥

ਮਦਨਗੋਪਾਲ ਹੋਰੀ ਛੰਦ ਇਸ ਤਰ੍ਹਾਂ ਪਾਨ ਲਗੇ ॥

—:(ਛੰਦ):—

ਪਰੱਖਨ ਆਈਓ ਤੁਸੀਂ ਮਨ ਵਿਚ ਕਰੋ ਵਿਚਾਰ ॥
ਅਪਨੇ ਈਸ਼ੁਰ ਦਿਆਲੂ ਨੂੰ ਨਾ ਦਿਓ ਹੁਨ ਵਿਸਾਰ ।
ਸੁਖ ਸੰਸਾਰੀ ਉਸ ਨਰ ਨੂੰ ਹੈਨ ਵਿਚ ਸੰਸਾਰ ।
ਜਿਸਦੇ ਘਰ ਵਿਚ ਸੀਲਵੰਤੀ ਆਗਿਆਕਾਰੀ ਹੈਨਾਰ ।
ਜਿਸ ਨਾਰੀ ਦਾ ਪੁਰਸ਼ ਨਹੀਂ ਰਖੇ ਸੱਚਾ ਮਾਨ ।
ਉਸ ਘਰ ਵਿਚ ਕਦੀ ਉੱਤਮ ਹੁੰਦੀ ਨਹੀਂ ਸੰਤਾਨ ।
ਪਿਆਰੀ ਭੈਨੋਂ ਸੱਚ ਮਾਨੋ ਬਚਨ ਮੇਰੇ ਆਪ ।
ਪਤੀ ਪਤਨੀ ਦਾ ਨਿੰਦਨਾ ਇਕ ਦੂਜੇ ਨੂੰ ਹੈ ਪਾਪ ।
ਸਭੀ ਭਾਈ ਭੈਨਾ ਮੰਗੋ ਈਸ਼ੁਰ ਤੋਂ ਹੱਥ ਜੋੜ ॥
ਅਪਨੀ ਕਿਰਪਾ ਨਾਲ ਸਭਦਾ ਠੀਕ ਰਖੋ ਜੋੜ ॥

ਜਦ ਰੋਟੀ ਖਾ ਪੀ ਚੁਕੇ ਤਾਂ ਫੇਰ ਦੋ ਘੜੀਆਂ ਪਿਛੋਂ ਖਾਰਿਆਂ ਦੀ ਰਸਮ ਅਥਵਾ ਵਿਵਾਹ ਦੀ ਤਿਆਰੀ ਕੀਤੀਓ ਨੇ । ਮਦਨਗੋਪਾਲ ਤੇ ਰੁਕੋ ਨੂੰ ਬੇਦੀ ਅੰਦਰ ਲੈ ਆਏ, ਵਿਵਾਹ ਹੋਵਨ ਲਗਾ, ਜਦ ਤੀਸਰੀ ਲਾਂ ਦੀ ਵਾਰੀ ਆਈ ਤਾਂ ਰੁਕੋ ਤੇ ਮਦਨਗੋਪਾਲ ਨੂੰ ਫੇਰ ਇਕ ਅੰਦਰ ਕੁਛ ਚਿਰ ਵਾਸਤੇ ਭੇਜ ਦਿਤੋ ਨੇ ਤਾਂਕੇ ਇਕ ਦੂਜੇ ਨੂੰ ਫੇਰ ਪਰਖ ਲੈਨਾ ॥

ਜਦ ਦੇਖ ਦਾਖ ਚੁਕੇ ਤਾਂ ਫੇਰ ਆਪਸ ਵਿਚ ਇਕਰਾਰ ਕੀਤੋ ਨੇ । ਮਦਨਗੋਪਾਲ ਨੇ ਕਹਿਆ ਕੇ ਜੇ ਤੂੰ ਮੇਰੀ ਪ-

ਭਨੀ ਬਨਨਾ ਪਸੰਦ ਕਰਨੀਏਂ ਤਾਂ ਏਹ ਪੰਜ ਬਾਤਾਂ ਤੀਸਰੀ ਲਾਂ ਤੋਂ ਲੈਕੇ ਮਰਨ ਤਾਕਨ ਮੰਨਨੀਆਂ ਪੈਨਗੀਆਂ ॥

—:(ਬਚਨ):—

(੧) ਜਿਸ ਤਰ੍ਹਾਂ ਮੈਂ ਅਪਨੇ ਮਾਤਾ ਪਿਤਾ ਦੀ ਆਗਿਆ ਪਾਲਨ ਕਰਨਾ ਹਾਂ ਉਸੀ ਤਰ੍ਹਾਂ ਤੂੰ ਭੀ ਕਰੀਂ। ਤੇ ਉਨ੍ਹਾਂ ਨੂੰ ਅਪਨੇ ਮਾਤਾ ਪਿਤਾ ਸਮਾਨ ਜਾਨੀ ॥

(੨) ਮੇਰੇ ਸਿਵਾ ਸਾਰੇ ਸੰਸਾਰ ਦਿਆਂ ਮਰਦਾਂ ਨੂੰ ਭਰਾ ਤੇ ਪਿਤਾ ਸਮਾਨ ਜਾਨੀ । ਤੇ ਬਗੈਰ ਮੇਰੀ ਮਰਜੀ ਦੇ ਦੂਜੀ ਇਸਤਰੀ ਨਾਲ ਪਰੀਤੀ ਨਹੀਂ ਪਾਨੀ ॥

(੩) ਜੋ ਕੰਮ ਤੂੰ ਕਰਨਾ ਚਾਹੇਂ ਬਗੈਰ ਮੇਰੀ ਸਲਾਹ ਦੇ ਨਾ ਕਰੀਂ ਤੇ ਬਗੈਰ ਮੇਰੀ ਆਗਿਆ ਦੇ ਅਪਨੇ ਘਰ ਤੋਂ ਬਾਹਰ ਨਾ ਜਾਈਂ ॥

(੪) ਧਰਮ ਕਾਰਜ ਦੇ ਕਰਨ ਵਿਚ ਕਦੀ ਮੈਂਨੂੰ ਨਾ ਟੋਕੀਂ ਤੇ ਨਾਹੀਂ ਕਦੀ ਮੰਦ ਦਿਲ ਹੋਕੇ ਨਿੰਦਾ ਕਰੀਂ ॥

(੫) ਮੇਰੇ ਨਾਲ ਅਪਨੀ ਸਹੇਲੀਆਂ ਵਿਚ ਪਰਸੰਨ ਹੋਕੇ ਪਰੀਤੀ ਨਾਲ ਕਰੀੜਾ ਕਰਕੇ ਸਕਰਮੀ ਪੁੱਤਰ ਅਥਵਾ ਕੰਨਿਆਂ ਉਤਪੱਨਜ ਕਰੀਂ ॥

ਰੁਕੋ ਨੇ ਕਹਿਆ ਮਹਾਰਾਜ ਮੈਂ ਸੱਚੇ ਪਰੇਮ ਤੇ ਪਰਸੰਤਾ ਨਾਲ ਇਨਾਂ ਬਚਨਾਂ ਨੂੰ ਮੰਨਨੀ ਹਾਂ ਪਰ ਮੇਰੀਆਂ ਭੀ ਸੱਤ ਗੱਲਾਂ ਤੁਹਾਨੂੰ ਮੰਨਨੀਆਂ ਪੈਨਗੀਆਂ ਮਦਨਗੋਪਾਲ ਨੇ ਆਖਿਆ ਪਿਆਰੀ ਕਹੋ ਮੈਂ ਸੁਨਕੇ ਤੇ ਫੇਰ ਜੁਆਬ ਦੇਵਾਂਗਾ ।

—:(ਬਚਨ):—

ਰੁਕੋ ਨੇ ਕਹਿਆ ਸੁਨੋ ॥

(੧) ਮੇਰੇ ਮਾਤਾ ਪਿਤਾ ਨੂੰ ਅਪਨੇ ਮਾਤਾ ਪਿਤਾ ਤੁੱਲ ਸਮਝਨਾ। ਤੇ ਜਿਸ ਤਰ੍ਹਾਂ ਮੈਂ ਉਨ੍ਹਾਂ ਦਾ ਸਤਕਾਰ ਤੇ ਲਿਹਾਜ ਕਰਨੀ ਹਾਂ ਤੁਸਾਂ ਭੀ ਕਰਨਾ ॥

(੨) ਮੇਰੇ ਸਿਵਾ ਕਿਸੇ ਦੂਸਰੀ ਇਸਤਰੀ ਦੀ ਇਛਿਆ ਨਾ ਕਰਨਾ ਤੇ ਸਰਬੱਤ ਇਸਤਰੀ ਜਾਤੀ ਨੂੰ ਮੇਰੇ ਸਿਵਾ ਭੈਨ ਅਥਵਾ ਮਾਤਾ ਸਮਾਨ ਜਾਣਨਾ ॥

(੩) ਮੇਰੀ ਤੇ ਮੇਰੇ ਤੋਂ ਉਤਪੰਨ ਹੋਏ ਹੋਏ ਜੀਵਾਂ ਦੀ ਅੰਨ ਤੇ ਕੱਪੜੇ ਨਾਲ ਪਾਲਨ ਤੇ ਰਖਿਆ ਕਰਨੀ ॥

(੪) ਧਰਮ ਕਾਰਜੋਂ ਬਿਖੇ ਮੈਨੂੰ ਅਪਨਾ ਮੰਤਰੀ ਜਾਨਨਾ ਤੇ ਬਰਾਬਰ ਹਿੱਸੇਦਾਰ ਸਮਝਨਾ ॥

(੫) ਪੂਰਨ ਪਰੀਤੀ ਸੈਹਤ ਮੇਰੇ ਨਾਲ ਪਰੇਮ ਸੰਜੋਗ ਕਰਨਾ। ਤੇ ਕੁਲ ਵਧਾਨੇ ਦੀ ਇੱਛਿਆ ਭੀ ਮੇਰੀ ਇੱਛਿਆ ਅਨੁਸਾਰ ਕਰਨੀ ॥

(੬) ਮੇਰੇ ਕੋਲੋਂ ਕੋਈ ਬਾਤ ਛਿਪਾ ਕੇ ਨਾ ਕਰਨਾ ਤੇ ਨਾਹੀਂ ਧਨ ਮੇਰੀ ਸਲਾਹ ਬਿਨਾਂ ਕਿਧਰੇ ਖਰਚ ਕਰਨਾ ॥

(੭) ਮੇਰਾ ਅਪਮਾਨ ਮੇਰੀ ਇਸਤਰੀ ਭਾਵਨਾ ਵਿਚ ਹਿਤਵੰਤੀ ਹੋਵਨ ਦੇ ਪਿਛੋਂ ਨਾ ਕਰਨਾ ਤੇ ਮੈਂਨੂੰ ਸਦਾ ਹੀ ਅਪਨੇ ਸੁਖ ਸਮਬੰਧ ਦੇ ਵਾਸਤੇ ਅਪਨੇ ਨਾਲ ਰਖਨਾ ॥

ਮਦਨਗੋਪਾਲ ਨੇ ਆਖਿਆ ਮੈਂ ਸੱਚੇ ਪਰਮੇਸ਼ਰ ਨੂੰ

ਸਾਖੀ ਕਰਕੇ ਪਰਮ ਪਰੀਤੀ ਨਾਲ ਏਹ ਬਚਨ ਮੰਨਨ ਦਾ ਪੂਰਾ ਪੂਰਾ ਇਕਰਾਰ ਕਰਨਾ ਹਾਂ। ਜਦ ਏਹ ਬਚਨ ਆਪਸ ਵਿਚ ਕਰ ਚੁਕੇ ਤਦ ਫੇਰ ਚੌਥੀ ਲਾਂ ਦਿਤੀਓ ਨੇ ਤੇ ਰੁਕੋ ਅਪਨੇ ਪਤੀ ਮਦਨਗੋਪਾਲ ਦੀ ਇਸਤਰੀ ਬਨਕੇ ਖੱਬੇ ਅੰਗ ਬੈਠ ਗਈ। ਤੇ ਸਭ ਲੋਕ ਵਧਾਈਆਂ ਦੇਵਨ ਲਗੇ ਕੁੜੀਆਂ ਨੇ ਭੀ ਏਹ ਗੀਤ ਗਾਵੇਂ ॥

—:(ਗੀਤ):—

ਪਿਆਰੀ ਰੁਕੋ ਅੱਜ ਤੂੰ ਗਰਿਹਸਤ ਵਿਚ ਆਈ ॥
ਪਤੀ ਅਪਨੇ ਦੀ ਤੂੰ ਪਤਨੀ ਹੋਈ ਹੈਂ ॥
ਹੁਣ ਪੁੱਤਰਾਂ ਦੀ ਹੋਵੇਂਗੀ ਮਾਈ ॥
ਮਾਤਾ ਪਿਤਾ ਦੇ ਘਰ ਤੋਂ ਨਿਕਲਕੇ ॥
ਪਤੀ ਦੀ ਕਰ ਸਜਨਾਈ।
ਪਤੀ ਪਤਨੀ ਦੀ ਹੇ ਪਰਮੇਸ਼ਰ ॥
ਸੁਖ ਨਾਲ ਤੋੜ ਨਿਭਾਈਂ ॥

ਏਹ ਗੀਤ ਗੌਂਕੇ ਖਾਰਿਆਂ ਤੋਂ ਰੁਕੋ ਨੂੰ ਉਠਾ ਕੇ ਅੰਦਰ ਲੈ ਗਏ ਫੇਰ ਦੂਜੇ ਦਿਨ ਜੰਞ ਨੂੰ ਰੋਟੀ ਖਵਾ ਕੇ ਟੋਰਨ ਲਗੇ ਰੁਕੋ ਨੂੰ ਡੋਲੇ ਵਿਚ ਪਾਕੇ ਤੇ ਸਭ ਮਿਲਕੇ ਏਹ ਗੀਤ ਗਾਵਨ ਲਗੀਆਂ ॥

—:(ਗੀਤ):—

ਸੰਭਲ ਸੰਭਲ ਪੈਰ ਧਰਨਾਰੇ ਪਜਾਰੀ ॥
ਦੇਸ ਬਿਗਾਨੇ ਜਾਨਾ ਹੋਵੀਗਾ ॥

ਸੱਸ ਬੇਗਾਨੀ ਸੌਹਰਾ ਬੇਗਾਨਾ ॥
ਖਾਵੰਦ ਭੀ ਬੇਗਾਨਾ ਹੋਵੀਗਾ ॥
ਲੱਖ ਲੱਖ ਮੇਹਨੇ ਸੌਸੌ ਤਾਨੇ ॥
ਸੈਹਕੇ ਵਖਤ ਲੰਘਾਨਾ ਹੋਵੀਗਾ ॥
ਦਿਲ ਅਪਨੇ ਨੂੰ ਧੀਰਜ ਦੇਕੇ ॥
ਸਭਦੀ ਟੈਹਲ ਕਮਾਨਾ ਹੋਵੀਗਾ ॥
ਅੰਡ ਗੁਆਂਡਨਾ ਨਾਲ ਪਿਆਰੀ ॥
ਰਲ ਮਿਲ ਦਿਨ ਹੇ ਬਿਤਾਨਾ ਹੋਵੀਗਾ ॥
ਮੋਹ ਪਿਆਰ ਵਾਲੀ ਥਾਈਂ ਪਿਆਰੀ ॥
ਭੈਨੇ ਸੱਸ ਕੋਲੋਂ ਪੁਛਕੇ ਹੇ ਜਾਨਾ ਹੋਵੀਗਾ ॥
ਸਭ ਵਡਿਆਂ ਦੀ ਕਰ ਟੈਹਲ ਸੇਵਾ ॥
ਫਿਰ ਭੋਜਨ ਤੈਂਨੂੰ ਪਾਨਾ ਹੋਵੇਗਾ ॥
ਸਾਡੀ ਭੈਨਾ ਹੁਣ ਰਾਮਸੱਤ ਤੈਂਨੂੰ ॥
ਨਾਲ ਪਤੀ ਹੁਣ ਸਿਧਾਨਾ ਹੋਵੀਗਾ ॥
ਹੇ ਈਸ਼ੁਰ ਸਾਨੂੰ ਫੇਰ ਮਿਲਾਵੀਂ ॥
ਮਿਲਾਂਗੀਆਂ ਫੇਰ ਜੇ ਮਿਲਾਨਾ ਹੋਵੀਗਾ ॥

ਇਸਦੇ ਪਿਛੋਂ ਸੇਠ ਜੀ ਤੇ ਸੇਠਨੀ ਜੀ ਨੇ ਰੁਕੋ ਨੂੰ ਪਿਆਰ ਦੇਕੇ ਤੇ ਡੋਲੀ ਵਾਲਿਆਂ ਨੂੰ ਕਹਿਆ ਕੇ ਹੁਣ ਈਸ਼ੁਰ ਦਾ ਨਾਮ ਲੈਕੇ ਡੋਲੀ ਉਠਾਓ ਤੇ ਚਲੋ, ਤੇ ਮਦਨ ਗੋਪਾਲ ਹੋਰਾਂ ਨੂੰ ਪਿਆਰ ਦੇਕੇ ਕਹਿਆ ਲੋ ਮਹਾਰਾਜ ਹੁਣ ਸਾਡੇ ਪੜਦੇ ਕੱਜਨੇ । ਤੇ ਸਾਡੀ ਭੈਨ ਨੂੰ ਅਪਨੀ ਇਛਿਆ

ਅਨੁਸਾਰ ਟੋਹਲਣ ਬਨਾ ਲੈਣਾ ਹੋਰ ਸਰਬੱਤ ਜੋਗ ਜਥਾ ਜੋਗ ਰਾਮ ਰਾਮ ਪੈਰੀਪੈਣਾ ਤੇ ਨਮਸਤੇ ਆਖ ਕੇ ਵਿਦਿਆ ਕੀਤਾ । ਜਦ ਡੋਲੀ ਮਦਨ ਗੋਪਾਲ ਹੋਰਾਂ ਦੇ ਘਰ ਪਹੁੰਚੀ ਤਾਂ ਫੇਰ ਕੁੜੀਆਂ ਨੇ ਰੁਕੋ ਨੂੰ ਆਕੇ ਡੋਲੀ ਵਿਚੋਂ ਕੱਢਿਆਂ ਤੇ ਅੰਦਰ ਲੈ ਗਈਆਂ ਫੇਰ ਸਭ ਜਨਾਨੀਆਂ ਨੇ ਇਕੱਠੇ ਹੋਕੇ ਏਹ ਗੀਤ ਗਾਵਿਆਂ ॥

–:(ਗੀਤ):–

ਧਨ ਧਨ ਭਾਗ ਅਸਾਡੇ ਨੀ !
ਭੈਨੋਂ ਭਾਈ ਭੁਰਜਾਈ ਵਰਲਿਆਇਆ ॥
ਧਨ ਧਨ ਬਾਦ ਹੈ ਈਸ਼ੁਰ ਦਾ ।
ਭੈਨੋਂ ਜਿਸ ਏਹ ਸੰਜੋਗ ਬਨਾਇਆ ॥ ਨੀ० ॥
ਧਨ ਧਨ ਭਾਗ ਮਾਪਿਆਂ ਏਨ੍ਹਾਂ ਦੇ ।
ਜਿਨਾਂ ਏਹ ਜੋੜਾ ਹੈ ਜਾਇਆ ॥ ਨੀ० ॥
ਹੇ ਈਸੁਰ ਸਾਡੀ ਏਹੀ ਬੇਨਤੀ ਹੈ ।
ਤੂੰ ਹੋ ਏਹਨਾਂ ਦਾ ਸਹਾਇਆ ॥ ਨੀ० ॥

ਜੋ ਜੋ ਰਸਮ ਵਡਿਆਂ ਦੀ ਕਰਣ ਜੋਗ ਸੀ ਕੀਤੀਓ ਨੇ ਫੇਰ ਰੋਟੀ ਟੁੱਕਰ ਤੋਂ ਵੇਹਲਿਆਂ ਹੋਕੇ ਰੁਕੋ ਤੇ ਮਦਨ-ਗੋਪਾਲ ਨੂੰ ਇਕ ਵੱਖਰੇ ਅੰਦਰ ਬਠਾ ਦਿਤੇ ਨੇ ਤੇ ਆਖਿਓ ਨੇ ਲੰਜੀ ਹੁਣ ਤੁਸੀਂ ਦੋਵੇਂ ਬਿਰਾਜੋ। ਏਹ ਕੈਹਕੇ ਸਭ ਚਲੀਆਂ ਗਈਆਂ ਤੇ ਰੁਕੋ ਨੇ ਉੱਠਕੇ ਹੱਥ ਜੋੜਕੇ ਪਰਾਰਥਨਾ ਕੀਤੀ

ਤੇ ਅਪਨੇ ਪਤੀ ਦੀ ਸੱਤ ਵਾਰ ਪਰਦੱਖਨਾ ਲੈਕੇ ਤੇ ਸੱਚੇ ਦਿਲ ਨਾਲ ਏਹ ਕੈਹਣ ਲਗੀ ॥

॥ ਪ੍ਰਾਰਥਨਾ ਧਨਜ਼ਬਾਦ ॥

ਹੇ ਈਸ਼ੁਰ ਤੂੰ ਧੰਨਜ ਹੈਂ ਤੂੰ ਨੇ ਬੜੀ ਕਿਰਪਾ ਕਰੀ ਹੈ ਜੋ ਮੈਨੂੰ ਇਸ ਮਹਾਤਮਾ ਮਦਨਗੋਪਾਲ ਦੀ ਸੇਵਾ ਕਰਨੇ ਨੂੰ ਇਸਦੀ ਇਸਤਰੀ ਬਣਾਇਆ ਹਈ ਕਿਰਪਾ ਕਰ ਕੇ ਮੈਂਨੂੰ ਸਦਾ ਹੀ ਇਨ੍ਹਾਂ ਦੀ ਸੇਵਾ ਵਿਚ ਲਾਰਖੀਂ ਤੇ ਮੇਰੇ ਚੰਚਲ ਦਿਲ ਨੂੰ ਅਪਨੀ ਦਇਆ ਨਾਲ ਇਨ੍ਹਾਂ ਦੇ ਚਰਣਾਂ ਵਿਚ ਐਸਾ ਲਾਈਂ ਕੇ ਮੇਰੇ ਪ੍ਰਾਣ ਕਦੀ ਭੀ ਇਨਾਂ ਦੀ ਸੇਵਾ ਦੇ ਬਗੈਰ ਮੇਰੇ ਦਿਲਨੂੰ ਰਾਜੀ ਨਾ ਰੱਖਣ ਹੇ ਸੁਆਮੀ ਕੋਈ ਐਸੀ ਸ਼ਕਤੀ ਸਾਡੇ ਦੁਵਾਂ ਵਿਚ ਨਾ ਪਾਵੀਂ ਜੋਹੜੀ ਸਾਡੇ ਪਰੇਮ ਪਰੀਤੀ ਤੇ ਗਰਿ-ਸਤ ਵਿਵਹਾਰ ਨੂੰ ਘਟਾਵੇ ਹੇ ਮੇਰੇ ਜਗਤ ਈਸ਼ੁਰ ਬਾਬੂ ਸਾਹਿਬ ਮੈਂ ਹੱਥ ਜੋੜਕੇ ਬੇਨਤੀ ਕਰਦੀ ਹਾਂ ਕੇ ਅੱਜ ਤੋਂ ਪਿਛੇ ਕਦੀ ਕੋਈ ਨਿੰਦਾ ਕਪਟ ਕਠੋਰਤਾ ਯਾ ਦੁਰਵਚਨ ਬਗੈਰ ਮੇਰੇ ਕੋਲੋਂ ਪੁਛੇਦੇ ਕਿਸੇ ਦੀ ਜੁਬਾਨੀ ਨਾ ਮੰਨਨਾਂ ਤੇ ਨਾਹੀਂ ਕਿਸੇ ਚੂਕ ਯਾਂ ਭੁਲ ਨੂੰ ਠੀਕ ਜਾਨਕੇ ਦਿਲ ਵਿਚ ਗੁੱਸਾ ਕਰਦੇ ਰੈਹਨਾ ਅਸਲ ਮੇਰਾ ਕਥਨ ਏਹ ਹੈ ਕੇ ਜੋ ਮੇਰੇ ਵਿਚ ਦੋਸ਼ ਹੋਵੇ ਯਾਂ ਦੇਖੋ ਓਹ ਝੱਟ ਮੈਨੂੰ ਦੱਸ ਦਿਆ ਕਰੋ ਤਾਂਕੇ ਮੈਂ ਫੇਰ ਅਪਨੇ ਆਪ ਨੂੰ ਨਿਰਦੋਸ਼ ਬਨਾ ਸਕਾਂ ਜਦ ਏਹ ਸਭ ਕੁਛ ਰੁਕੋ ਕੈਹ ਚੁਕੀ ਤਾਂ ਫੇਰ ਮਦਨਗੋਪਾਲ ਜੀ ਨੇ ਹੱਥ ਜੋੜਕੇ ਇਸ ਤਰ੍ਹਾਂ ਪਰਾਰਥਨਾ ਕੀਤੀ ਹੇ ਪਰਮ ਪਿਤਾ

ਸ਼ਰਬੱਗ ਸੱਚਦਾਨੰਦ ਸਰਬ ਵਿਆਪੀ ਮੈਂ ਤੇਰਾ ਧੰਨਜ਼ਬਾਦ ਕਿਸ ਤਰ੍ਹਾਂ ਤੇ ਕਿਤਨੀ ਵਾਰੀ ਕਰ ਸੱਕਦਾ ਹਾਂ ਜੋ ਜੋ ਤੂੰ ਕਿਰਪਾਏਂ ਮੇਰੇ ਜਨਮ ਦਿਨ ਥੋਂ ਲੈਕੇ ਅੱਜ ਤਾਕਨ ਮੇਰੇ ਉਪਰ ਕੀਤੀਆਂ ਹੈਨ ਉਨ੍ਹਾਂ ਦਾ ਕਦਰ ਅਥਵਾ ਕੀਮਤ ਸਿਵਾ ਤੇਰੇ ਹੋਰ ਕੋਈ ਨਹੀਂ ਜਾਨਦਾ। ਰੁਕੋ ਦਾ ਸੰਜੋਗ ਮੇਰੇ ਨਾਲ ਕਰ ਦੇਨਾ ਐਸੀ ਦਇਆ ਹੈ ਜੈਸੇ ਕੇ ਮਾਤਾ ਪੁੱਤਰ ਉਪਰ ਕਰਦੀ ਹੈ। ਹੇ ਜਗਤ ਦੇ ਸੁਆਮੀ ਮੈਂ ਹੱਥ ਜੋੜਕੇ ਬੇਨਤੀ ਕਰਦਾ ਹਾਂ ਕੇ ਕਿਰਪਾ ਕਰਕੇ ਮੇਰੀ ਤੇ ਰੁਕੋ ਦੀ ਅੰਤ ਤਾਕਨ ਅਜੇਹੀ ਤਰ੍ਹਾਂ ਨਿਭਾਈ ਜੋ ਸਾਰੇ ਜੀਵ ਸਾਨੂੰ ਦੁਵਾਨੂੰ ਨਿਰਦੋਸ਼ ਆਖਨਾ, ਏਹ ਕੈਹਕੇ ਮਦਨਗੋਪਾਲ ਨੇ ਰੁਕੋ ਨੂੰ ਕੋਲ ਬੈਠਾ ਲਿਆ ਤੇ ਪਰੇਮ ਨਾਲ ਆਖਿਓ ਸੂ ਹੇ ਪਿਆਰੀ ਏਹ ਮੇਰਾ ਦਿਲ ਜਿਸ ਨੂੰ ਹੁਣ ਤੂੰ ਮੇਰੇ ਕਲੇਜੇ ਅੰਦਰ ਦੇਖਨੀ ਹੈਂ ਤੇਰਾ ਦਿਲ ਹਈ ਤੇ ਓਹ ਤੇਰਾ ਦਿਲ ਜਿਸ ਨੂੰ ਮੈਂ ਤੇਰੇ ਕਲੈਜੇ ਅੰਦਰ ਜਾਨਨਾ ਹਾਂ, ਮੇਰਾ ਦਿਲ ਹਈ, ਅੱਜ ਤੋਂ ਪਿਛੇ ਮਰਨ ਪਰਯੰਤ ਕਦੀ ਭੀ ਮੈਨੂੰ ਤੇਰੇ ਤੇ ਤੈਂਨੂੰ ਮੇਰੇ ਉਪਰ ਵਰੁੱਧ ਵਿਸ਼ਵਾਸ ਨਾ ਹੋਵੇਗਾ। ਏਹ ਅਕਾਸ਼ ਏਹ ਚੰਦਰਮਾ ਏਹ ਤਾਰਾ ਮੰਡਲ ਤੇ ਈਸ਼ੁਰ ਸਰਬ ਬਿਆਪੀ ਤੇਰੇ ਤੇ ਮੇਰੇ ਗਵਾਹ ਹਨ ਏਹ ਲੌ ਅਪਨੀ ਮੁੰਦਰੀ ਮੇਰੇ ਹੱਥ ਪਾਓ ਤੇ ਮੇਰੀ ਅਪਨੇ ਹੱਥ ਪਾਓ ਤੇ ਬਚਨਾਂ ਨੂੰ ਦਰਿੜ੍ਹ ਜਾਨਨਾ॥

ਏਹ ਗੱਲਾਂ ਤੇ ਇਕਰਾਰ ਆਪੇ ਵਿਚ ਕਰਕੇ ਫੇਰ ਦੋਵੇਂ ਸੌਂ ਗਏ, ਰੁਕੋ ਦਾ ਹੁਣ ਹਮੇਸ਼ਾਂ ਏਹ ਕੰਮ ਸੀ ਕੇ ਘਰ ਬ-

ਰਤਨ ਖਾਵਨ ਪੀਵਨ ਦੀਆਂ ਚੀਜ਼ਾਂ ਤੇ ਅਪਨੇ ਬਸਤਰ ਸਦਾ ਹੀ ਠੀਕ ਤੇ ਸਫਾ ਰਖਨੇ, ਰਾਤ ਜਦ ਸੁਆਮੀ ਘਰ ਆਵੇ ਤਾਂ ਉਸਦੀ ਟੈਹਲ ਸੇਵਾ ਅਛੀ ਤਰ੍ਹਾਂ ਕਰਨੀ ਤੇ ਰੋਜ਼ ਇਕ ਨਾ ਇਕ ਗੱਲ ਜਰੂਰ ਛੋਹ ਯਾ ਛੇੜ ਦੇਨੀ, ਜਿਸਦਾ ਸਭ ਬਰਤਾਂਤ ਅੱਛੀ ਤਰ੍ਹਾਂ ਮਦਨਗੋਪਾਲ ਨੇ ਸਮਝਾਨਾ। ਇਸੇ ਤਰ੍ਹਾਂ ਕਰਦਿਆਂ ਕਰਦਿਆਂ ਰੁਕੋ ਨੂੰ ਗਰਭ ਅਧਾਨ ਹੋਗਿਆ ਤੇ ਮਦਨਗੋਪਾਲ ਹੋਰੀ ਅੱਛੇ ਅਛੇ ਭੋਜਨ ਤੇ ਅਛੇ ਅਛੇ ਕਪੜੇ ਬਨਵਾ ਬਨਵਾ ਦੇਂਦੇ ਸਨ। ਤੇ ਕਿਸੀ ਬਾਤ ਤੋਂ ਤੰਗ ਨਹੀਂ ਹੋਵਨ ਦੇਂਦੇ ਸਨ ॥ ਰੁਕੋ ਭੀ ਕਦੀ ਕਦੀ ਆਗਿਆ ਅਨੁਸਾਰ ਡੋਲੀ ਵਿਚ ਚੜ੍ਹਕੇ ਸੇਠ ਹੋਰਾਂ ਦੇ ਘਰ ਚਲੀ ਜਾਂਦੀ ਸੀ ਤੇ ਕਦੀ ਦਿਨ ਕਦੀ ਰਾਤ ਰੈਹ ਕੇ ਚਲੀ ਆਂਵਦੀ ਸੀ। ਕੁਛਕ ਦਿਨਾਂ ਪਿਛੋਂ ਰੁਕੋ ਦੇ ਘਰ ਧੀ ਹੋਈ ਤੇ ਸਭ ਤਰ੍ਹਾਂ ਦੇ ਰਸਮ ਰਵਾਜ ਸੇਠਨੀ ਹੋਰਾਂ ਤੇ ਮਦਨਗੋਪਾਲ ਨੇ ਕੀਤੇ ਜਦ ੪੦ ਦਿਨ ਹੋ ਗਏ ਤਾਂ ਫੇਰ ਸ਼ੁੱਧੀ ਇਸ਼ਨਾਨ ਕਰ ਕੇ ਗਰੀਬਾਂ ਲੋਕਾਂਨੂੰ ਕੁਛ ਜਥਾਸ਼ਕਤੀ ਦਾਨ ਦਿੱਤੇ ਨੇ ਤੇ ਰਾਤ ਹੋਵਨ ਥੋਂ ਪਹਿਲਾਂ ਰੁਕੋ ਅਪਨੇ ਪੇਕੇ ਸੇਠ ਹੋਰਾਂਦੇ ਘਰ ਗਈ ਸੇਠਨੀ ਜੀ ਤੇ ਸੇਠ ਨੇ ਰਵਾਜਨ ਲੜਕੀ ਨੂੰ ਗੋਦ ਵਿਚ ਲੀਤਾ ਤੇ ਇਕ ਇਕ ਗੈਹਨਾ ਤੇ ਕੁਛ ਥੋੜੀ ਮਠਿਆਈ ਤੇ ਕਪੜੇ ਉਸਨੂੰ ਦਿੱਤੇ, ਨਾਲੇ ਰੁਕੋ ਨੂੰ ਜੋ ਕੁਛ ਰਸਮ ਰਵਾਜ ਨਾਲ ਬਨਦਾ ਸੀ ਦਿੱਤੇ ਨੇ ਦੂਸਰੇ ਦਿਨ ਰੁਕੋ ਅਪਨੇ ਘਰ ਆਈ ਤੇ ਦੁਨੀਆ ਦਾਰੀ ਦੇ ਕੰਮ ਧੰਦੇ ਵਿਚ ਫੇਰ ਲਗ ਪਈ,

ਉਨ੍ਹਾਂ ਦਿਨਾਂ ਵਿਚ ਰੰਗੜ ਲੋਕ ਸ਼ਹਿਰ ਵਿਚ ਬਹੁਤ ਕਾਲ ਪੈ ਜਾਨਦੇ ਸਬਬ ਫਿਰਦੇ ਰੈਂਹਦੇ ਸਨ। ਸੇਠ ਹੋਰਾਂ ਦੇ ਧਨ ਵਾਨ ਹੋਵਨ ਦੀਆਂ ਗੱਲਾਂ ਏਧਰੋਂ ਓਧਰੋਂ ਸੁਨ ਸੁਨ ਕੇ ਤੇ ਆ ਲਗੇ ਚੋਰੀ ਦਾ ਸਮਾਨ ਕਰਨਾ ਇਕ ਰਾਤ ਸੇਠ ਹੋਰਾਂ ਦੇ ਘਰ ਜਾ ਸੰਨ ਲਾਈਓ ਨੇ, ਸੇਠ ਨੂੰ ਜਾਗ ਆ ਗਈ, ਉਠਕੇ ਤੇ ਚੋਰਾਂ ਵਲ ਟੁਰ ਪਏ। ਸੇਠਨੀ ਜੀ ਨੇ ਮਨਾ ਕੀਤਾ ਕੇ ਚੋਰਾਂ ਵੱਲ ਨਾ ਜਾਓ ਤੇ ਬਾਹਰ ਨਿਕਲਕੇ ਰੌਲਾ ਪਾਓ ਤਾਂਕੇ ਲੋਕ ਇਕੱਠੇ ਹੋ ਜਾਵਨ ਤੇ ਫੇਰ ਚੋਰਾਂ ਨੂੰ ਘੇਰ ਘਾਰ ਲੈਨਾ। ਪਰ ਸੇਠ ਜੀ ਨੇ ਇਸ ਤਰ੍ਹਾਂ ਨਾ ਕੀਤਾ ਤੇ ਸਿੱਧੇ ਚੋਰਾਂ ਢਲ ਚਲੇ ਗਏ, ਉਨ੍ਹਾਂ ਸਭਨਾਂ ਨੇ ਮਿਲ ਕੇ ਸੇਠ ਨੂੰ ਪਕੜ ਲੀਤਾ ਤੇ ਛੁਰੇ ਟੋਕੇ ਤੇ ਗੰਡਾਸੇ ਨਾਲ ਉਸ ਦੇ ਟੋਟੇ ਕਰ ਦਿੱਤੇ। ਸੇਠਨੀ ਨੇ ਜਦ ਦੇਖਿਆ ਕੇ ਚਿਰ ਹੋਗਿਆ ਹੈ ਸੇਠ ਹੋਰੀ ਨਹੀਂ ਆਏ ਤਾਂ ਫੇਰ ਆਪ ਉਸ ਪਾਸੇ ਟੁਰ ਪਈ ਚੋਰਾਂ ਉਸ ਨੂੰ ਦੇਖ ਦਿਆਂ ਹੀ ਕਹਿਆ ਹੁਣ ਤੂੰ ਆਈ ਹੈਂ। ਅੱਗੇ ਇਕ ਨੂੰ ਵੱਡ ਚੁਕੇ ਹਾਂ ਚਲੀ ਜਾ ਤੂੰ ਜਨਾਨੀ ਹੈਂ ਮਤਾਂ ਸਾਡੇ ਸਿਰ ਭਾਰ ਚੜਹਾਵੇਂਗੀ। ਸੇਠਨੀ ਏਹ ਸੁਨਦਿਆਂ ਹੀ ਝੱਟ ਅਪਨੇ ਸੁਆਮੀ ਦੀ ਦੇਹ ਵੱਲ ਦੌੜੀ ਤੇ ਉਸਨੂੰ ਟੁਕੜੇ ਟੁਕੜੇ ਦੇਖ ਕੇ ਤੇ ਜੋਰ ਨਾਲ ਉਚੀ ਕਹਿਓ ਸ੍ਰੀ ਹੇ ਈਸ਼ੁਰ ਤੇਰੀ ਇੱਛਿਆ ਪੂਰਣ ਹੋ। ਤੇ ਝੱਸ ਨਾਲ ਹੀ ਪਰਾਨ ਦੇ ਦਿੱਤੇ ਚੋਰ ਦੇਖ ਕੇ ਹੈਰਾਨ ਹੋ ਗਏ ਤੇ ਉਨ੍ਹਾਂ ਕੋਲੋਂ ਹੱਲਿਆ ਨਾ ਗਿਆ ਸਾਰੇ ਅਪਨੇ

ਦਿਲ ਵਿਚ ਪਸ਼ੇਮਾਨ ਹੋਏ ਤੇ ਘੜੀਮੁੜੀ ਉਨ੍ਹਾਂ ਵਲੋਂ ਦੇਖ ਦੇਖ ਕੇ ਤੋਬਾ ਤੋਬ ਕਰਨ ਲਗੇ ਤੇ ਇਕ ਦੂਸਰੇ ਨੂੰ ਆਖਨ ਲਗੇ ਤੂੰ ਬੜਾ ਭੈੜਾਂ ਹੈਂ ਐਸੇ ਘਰ ਚੋਰੀ ਤੇ ਕੀਤੀ ਸੀ ਪਰ ਖੂਨ ਕਿਉਂ ਕਰਨਾ ਸੀ, ਇਸੇ ਤਰ੍ਹਾਂ ਕਰਦੇ ਕਰਦੇ ਲੜ ਪਏ, ਤੇ ਇਕਦੂਸਰੇਨੂੰ ਛੁਰੀ ਟੋਕੇ ਮਾਰਨ ਲਗਪਏ,ਏਥੋਂ ਤਕ ਆਪਸ ਵਿਚ ਲੜੇ ਕੇ ਛਿਆਂ ਵਿਚੋਂ ਚਾਰ ਵਡ ਸੁਟਿਓ ਨੇ ਤੇ ਬਾਕੀ ਦੁਆਂ ਨੂੰ ਸਰਕਾਰੀ ਸਪਾਹੀ ਬੰਨ ਕੇ ਲੈ ਗਏ ਸਰਕਾਰ ਨੇ ਬੜੀ ਪੁਛ ਗਿਛ ਕਰ ਕੇ ਤੇ ਉਨ੍ਹਾਂ ਦੁਵਾਂ ਨੂੰ ਭੀ ਫਾਂਸੀ ਦਿੱਤਾ ਤੇ ਸੇਠ ਸੇਠਨੀ ਦੀ ਸਾਰੀ ਦੌਲਤ ਤੇ ਮਕਾਨ ਮੇਰੀ ਸਪੁਰਦ ਹੋਏ ਮੇਰੇ ਸੁਆਮੀ ਨੇ ਓਹ ਸਭ ਕੁਛ ਅਪਨੀ ਕਮਾਈ ਨਾ ਜਾਨਕੇ ਗਰੀਬਾਂ ਦੇ ਇਲਾਜ ਉੱਤੇ ਤੇ ਉਨ੍ਹਾਂ ਦੇ ਖਾਨ ਪਾਨ ਉੱਤੇ ਲਾ ਛਡਿਆ ॥

ਸੇਠ ਤੇ ਸੇਠਨੀ ਦੇ ਮਰਨ ਤੋਂ ਚਾਰ ਬਰਸ ਪਿਛੋਂ ਮੇਰੇ ਸੁਆਮੀ ਭੀ ਹੈਜੇ ਦੀ ਮਰਜ ਨਾਲ ਪੂਰੇ ਹੋ ਗਏ, ਮੇਰੇ ਕੋਲ ਉਨ੍ਹਾਂ ਦੇ ਮਰਨ ਪਿਛੋਂ ੨੦ ਹਜਾਰ ਦੀ ਕਦਰ ਮਿਲਖ ਰੈਹ ਗਈ ਸੀ । ਪਰ ਮੇਰੇ ਦਿਓਰਾਂ ਤੇ ਜੇਠਾਂ ਨੇ ਵਰਹੇ ਦੇ ਅੰਦਰ ਅੰਦਰ ਸਭ ਕੁਛ ਮਿਠਿਆਂ ਬਨ ਬਨ ਕੇ ਤੇ ਖਿੱਚ ਲੀਤਾ ਜਦ ਮੇਰੇ ਪਾਸ ਕੁਛ ਨਾ ਰਹਿਆ ਤਾਂ ਫੇਰ ਸਭੇ ਮੇਰੇ ਕੋਲੋਂ ਕੰਨੀ ਖਿਸਕਾਵਨੇ ਲਗੇ ਆਖਰ ਰੈਹ ਰੈਹ ਕੇ ਬਰਤਨ ਭਾਂਡੇ ਕਪੜੇ ਗੈਹਨੇ ਬਚੇ ਬਚਾਏ ਵੇਚ ਵੇਚ ਕੇ ਲਗੀ ਖਾਵਨ ਇਕ ਦਿਨ ਇਥੋਂ ਤਕ ਹੋ ਗਿਆ ਕੇ ਘਰ ਆਟਾ ਭੀ ਨਾ ਰਹਿਆ ਮੈਂ

ਸਭਨਾ ਜੇਠਾਂ ਦਿਓਰਾਂ ਤੇ ਜਿਠਾਨੀਆਂ ਦਿਉਰਾਂਨੀਆਂ ਨੂੰ ਜਾਕੇ ਹੱਥ ਜੋੜਕੇ ਤੇ ਆਖਿਆ ਕੇ ਮੇਰੇ ਕੋਲੋਂ ਅਪਨੇ ਘਰ ਦਾ ਕੰਮ ਧੰਦਾ ਕਰਾ ਲਿਆ ਕਰੋ ਤੇ ਮੈਂਨੂੰ ਰੋਟੀ ਦੇ ਦਿੱਤਾ ਕਰੋ ਪਰ ਕਿਸੇ ਨਾ ਮੰਨੀ। ਮੇਰੇ ਘਰ ਦੇ ਨਾਲ ਇਕ ਬੜਾ ਗਰੀਬਾਂ ਦਾ ਤਰਸ ਕਰਨ ਵਾਲਾ ਤੇ ਮੇਰੇ ਸੁਆਮੀ ਦਾ ਪਿਆਰਾ ਮਿੱਤਰ ਰਹਿੰਦਾ ਹੁੰਦਾ ਸੀ ਉਸਨੇ ਮੇਰਾ ਹਾਲ ਸੁਣ ਕੇ ਤੇ ਮੇਰੇ ਪਾਸ ਅਪਨੀ ਇਸਤਰੀ ਨੂੰ ਭੇਜਿਆ ਤੇ ਕੈਹ ਭੇਜਿਓ ਸੂ ਕੇ ਜੇਕਰ ਤੈਂਨੂੰ ਮਨਜੂਰ ਹੋਵੇ ਤਾਂ ਓਹ ਮਦਰੱਸੇ ਵਿਚ ਕੁੜੀਆਂ ਦੇ ਪੜਹਾਨੇ ਉਤੇ ੧੦) ਰੁਪਏ ਮਹੀਨੇ ਦੀ ਨੌਕਰੀ ਦਾ ਬੰਦੋਬਸਤ ਕਰ ਦੇਵੇਂ ਮੈਂ ਮਨਜੂਰ ਕਰ ਲੀਤਾ ਤੇ ਉਸ ਦੀ ਜਨਾਨੀ ਨੂੰ ਅਪਨੀ ਭੁੱਖਦਾ ਭੀ ਹਾਲ ਦੱਸਿਆ ਉਸਨੇ ਘਰ ਜਾਕੇ ੪) ਰੁਪਏ ਮੈਨੂੰ ਲਿਆ ਦਿੱਤੇ ਤੇ ਕੈਹਨ ਲਗੀ ਭੁਲਕ ਤੋਂ ਮਦਰੱਸੇ ਜਾਨਾ ਕਰਨਾ ਮੈਂ ਉਨ੍ਹਾਂ ਚੋਂ ਵਿਚੋਂ ਤਿੰਨਾਂ ਦੀ ਰਸਦ ਖਾਨ ਪੀਵਨ ਨੂੰ ਮੰਗਾ ਲਈ ਤੇ ੧) ਖਰਚ ਵਾਸਤੇ ਰੱਖ ਛਡਿਆ। ਇਕ ਵਰਹਾ ਪੂਰਾ ਮੈਂ ਓਥੇ ਮਦਰੱਸੇ ਪੜਹਾਂ ਦੀ ਰਹੀ, ਪਰ ਮੇਰੇ ਸੌਹਰਿਆਂ ਦੇ ਟੱਬਰ ਨੇ ਬੜੀਆਂ ਸਿਫਾਰਸਾਂ ਮੇਰੀ ਨੌਕਰੀ ਦੇ ਹਟਾਵਨ ਵਾਸਤੇ ਕੀਤੀਆਂ ਈਸ਼ੁਰ ਇੱਛਿਆ ਐਸੀ ਸੀ ਕੇ ਮੈਂਨੂੰ ਕਿਸੇ ਕਦੀ ਕੁਛ ਨਾ ਕਹਿਆ ਇਕ ਦਿਨ ਕਿਸੇ ਪੜਹੀ ਹੋਈ ਪੁੱਤਰੀ ਨੂੰ ਉਸਦੇ ਪਿਤਾ ਕਿਸੇ ਜੁਵਾਨ ਬਾਲਕ ਦੇ ਨਾਲ ਹੱਸਦਿਆਂ ਦੇਖ ਲਿਆ ਤੇ ਉਸਦੇ ਦਿਲ ਵਿਚ ਮੰਦ ਵਿਸ਼ਵਾਸ ਹੋ ਗਿਆ। ਜਿਸ ਕਰਕੇ ਉਸ

ਨੇ ਅਪਨੀ ਪੁਤਰੀ ਨੂੰ ਮਿਸ਼ਨ ਸਕੂਲ ਵਿਚੋਂ ਉਠਵਾ ਲੀਤਾ ਤੇ ਸਭਨਾ ਅਪਨੇ ਭਰਾਵਾਂ ਨੂੰ ਕਹਿਓ ਸੂ ਕੋਈ ਕੁੜੀਆਂ ਨੂੰ ਨਾ ਪੜਹਾਵੇ ਸਾਡੇ ਦੇਸ ਦੀ ਭੇਡ ਚਾਲੀ ਅੱਗੇ ਦੇਸ਼ ਦਿਸ਼ਾਂਤਰਾਂ ਵਿਚ ਮਸ਼ਹੂਰ ਹੈ ਹੀ ਏਹ ਸੁਨਦਿਆਂ ਹੀ ਸਭਨਾ ਨੇ ਅਪਨੀਆਂ ਧੀਆਂ ਉਠਾ ਲਈਆਂ। ਜਿਸ ਕਰਕੇ ਮੇਰੀ ਨੌਕਰੀ ਭੀ ਨਾ ਰਹੀ ਤੇ ਘਰਦਿਆਂ ਨੇ ਭੀ ਊਜਾਂ ਤੇ ਊਜਾਂ ਲਾਨੀਆਂ ਅਪਨਾ ਪਰਮ ਧਰਮ ਸਮਝ ਲਇਆ ਮੇਰੀ ਬਦਨਾਂਮੀ ਏਥੋਂ ਤਕ ਕਰ ਦਿੱਤੀਓ ਨੇ ਕੇ ਜੋ ਕੋਈ ਮੈਨੂੰ ਬਜਾਰੋਂ ਚੀਜ ਲਿਆ ਦੇਵੇ ਉਸਦੇ ਨਾਲ ਮੇਰੀ ਪਰੀਤੀ ਮਸ਼ਹੂਰ ਕਰ ਦੇਵਨ ਤੇ ਕੁੱਤੀ ਰਨ ਮੇਰਾ ਨਾ ਰਖ ਦਿੱਤੋ ਨੇ ਇਕ ਦਿਨ ਮੈਂ ਏਹ ਸੁਨਕੇ ਕੇ ਕੁਇੰਟੇ ਜਨਾਨੇ ਮਦਰਸੇ ਵਿਚ ਇਕ ਉਸਤਾਦਨੀ ਦੀ ਲੋੜ ਹੈ ਸਲਾਹ ਕੀਤੀ ਕੇ ਓਥੇ ਚਲੀ ਜਾਵਾਂ। ਉਸ ਗੁਆਂਡੀ ਦੀ ਜਨਾਨੀ ਨੂੰ ਏਹ ਕਹਿਆ ਕੇ ਅਪਨੇ ਪਤੀ ਕੋਲੋਂ ਪੁਛਕੇ ਤੇ ਦਸੇ ਕੇ ਉਸ ਦੇਸ ਵਿਚ ਚਲੀ ਜਾਵਨ ਨਾਲ ਕੋਈ ਨੁਕਸਾਨ ਤੇ ਨਹੀਂ ਉਸਨੇ ਉਨ੍ਹਾਂ ਕੋਲੋਂ ਪੁਛਿਆ ਤੇ ਕੈਹਨ ਲਗੀ ਕੇ ਕੋਈ ਨੁਕਸਾਨ ਨਹੀਂ ਤੇ ਨਾਲੇ ੨੦) ਰੁਪਏ ਮੱਦਤ ਦੀ ਵੱਲੋਂ ਮੈਨੂੰ ਦਿੱਤਿਓ ਸੂ ਸੋ ੧੫) ਰੁਪਏ ਅਸੀਂ ਤਿੰਨੇ ਭਾੜਾ ਦੇਕੇ ਸੱਖਰ ਤਾਕਨ ਪਹੁੰਚੇ ਸਾ ਓਥੇ ਕੁਝਕੂ ਦਿਨ ਠੈਹਰੇ ਫੇਰ ਸੀਵੀ ਪਹੁੰਚੇ ਓਥੋਂ ਦੁਰਦੇ ਟੁਰਦੇ ਭੈੜੇ ਹਾਲ ਨਾਲ ਏਥੇ ਪਹੁੰਚੇ ਹਾਂ ਏਹ ਮੇਰੀ ਸਾਰੀ ਅਵਸਥਾ ਹੈ ਜੋ ਮੇਰੇ ਨਾਲ ਬੀਤੀ ਹੈ ਅੱਗੋਂ ਜੋ

ਹੋਵੇ ਸੋ ਦੇਖਿਏ ਏਹ ਸਾਰੀ ਕਹਾਨੀ ਸੁਣਕੇ ਤੇ ਫੇਰ ਮੈਂ ਪੁਛਿਆ ਕੇ ਹੁਣ ਫਿਰ ਮਾਈ ਜੀ ਤੁਹਾਡੀ ਕੀਹ ਮਰਜੀ ਹੈ ਤੇ ਏਹ ਲੜਕੀ ਤੇ ਲੜਕਾ ਓਥੇ ਕੀਹ ਕਰਨਗੇ ॥

(ਮਾਤਾ) ਮੱਲਾ ਜਦ ਮੈਨੂੰ ੧੫) ਯਾ ੨੦) ਦੀ ਨੌਕਰੀ ਮਿਲ ਗਈ ਤਾਂ ਸਾਡਾ ਗੁਜਾਰਾ ਹੋ ਜਾਵੇਗਾ । ਏਹ ਕੁੜੀ ਤਾਂ ਵਿਵਾਹ ਉਤੇ ਰਾਜੀ ਹੀ ਨਹੀਂ ਤੇ ਨਾ ਮੈਂ ਅਪਨੀ ਦੁਖੀਆ ਉਮਰ ਦੇਖ ਕੇ ਇਸ ਨੂੰ ਕਿਸੇ ਜਗਹਾ ਵਿਵਾਹ ਦੇਵਨ ਤੇ ਰਾਜੀ ਹਾਂ ਤੇ ਏਹ ਮੁੰਡਾ ਅੱਗੇ ਹੀ ਇਸ ਲਾਇਕ ਨਹੀਂ ਕੇ ਵਿਵਾਹਿਆ ਜਾਵੇ। ਮੱਲਾ ਹੁਣ ਤੂੰ ਇਤਨਾ ਕੰਮ ਸਾਡਾ ਕਰਦੇ ਕੇ ਸਾਨੂੰ ਕਿਸੇ ਤਰ੍ਹਾਂ ਕੋਟੇ ਪਹੁੰਚਾ ਦੇ ॥

(ਮੈ) ਮਾਈ ਜੀ ਤੁਸੀਂ ਕੋਈ ਫਿਕਰ ਨਾ ਕਰੋ ਪਹੁੰਚ ਜਾਓਗੇ ਪਰ ਇਤਨਾ ਤੇ ਦਸੋ ਕੇ ਸਾਨੂੰ ਲੋਕਾਂ ਨੂੰ ਹੁਣ ਅਪਨੀ ਸੰਤਾਨ ਨੂੰ ਕਿਸ ਤਰ੍ਹਾਂ ਚੰਗਾ ਬਨਾਨਾ ਚਾਹੀਦਾ ਹੈ ਤਾਂਤੇ ਉਨ੍ਹਾਂ ਦੇ ਦੁਖ ਤੋਂ ਫੇਰ ਅਪਨਾ ਅੰਤਸ਼ਕਰਣ ਦੁਖੀ ਨਾ ਹੋਵੇ ॥

(ਮਾਤਾ) ਪੁੱਤਰ ਤੁਸੀਂ ਆਪ ਪੜ੍ਹੇ ਹੋਏ ਹੋ ਤੇ ਦੁਨੀਆਂ ਦੇ ਨਿਤ ਦੇ ਅਪੱਧਰ ਭੀ ਦੇਖਦੇ ਪਏ ਹੋ। ਅਪਨੇ ਧਰਮ ਦੀ ਵਿੱਦਯਾ ਦਾ ਨਾ ਬੋਧ ਹੋਵਨ ਕਰਕੇ ਭਾਰਥਵਰਸ਼ ਦੀ ਸੰਤਾਨ ਦਿਨ ਦਿਨ ਬਿਗੜਦੀ ਜਾਂਦੀ ਹੈ । ਜੇਕਰ ਭਾਰਥ ਵਰਸ਼ ਦੇ ਇਸਤਰੀ ਪੁਰਸ਼ ਪੂਰਾ ਬ੍ਰਹਮ ਅਸਚਰਜ ਰਖਕੇ ਤੇ ਸ਼ਾਸਤਰ ਰੀਤੀ ਅਨੁਸਾਰ ਵਿਵਾਹ ਕਰਨ ਤੇ ਫੇਰ ਵੇਦ ਆਗਿਆਨੁਸਾਰ

ਪੂਰਣ ਪਰੀਤੀ ਸਹਿਤ ਗਰਹਿਸਤ ਆਸ਼ਰਮ ਦੀ ਰੀਤੀਦਾ ਸੋ
ਵਨ ਕਰਨ ਤੇ ਸੁੰਦਰ ਬਲਵਾਨ ਸੰਤਾਨ ਨੂੰ ਅਪਨੀ ਧਾਰਮਿਕ
ਵਿਦਿਆ ਪੜਹਾ ਕੇ ਤੇ ਚੌਂ ਆਸ਼ਰਮਾ ਦਾ ਸੱਚਾ ਉਪਦੇਸ਼
ਕਰਨ ਤਾਂ ਫੇਰ ਕਦੀ ਕੋਈ ਇਸਤਰੀ ਅਥਵਾ ਪੁਰਸ਼ ਅਜੇਹੇ
ਦੁਖ ਨਾ ਦੇਖੇ ਤੁਸੀਂ ਆਪ ਹੁਣ ਪਏ ਦੇਖਦੇ ਹੋ ਕੇ ਯੂਰਪਵਾਸੀ
ਅਥਵਾ ਏਹ ਅੰਗਰੇਜ ਲੋਕ ਜਿਸ ਤਰ੍ਹਾਂ ਵੇਦ ਆਗਿਆ ਨੂੰ
ਕਰ ਰਹੇ ਹੈਨ ਇਸ ਤਰ੍ਹਾਂ ਕੋਈ ਭਾਰਥਵਾਸੀ ਪੰਡਿਤ ਅਥਵ
ਬੁਧੀਮਾਨ ਭੀ ਨਹੀਂ ਕਰਦਾ ਹੈ ਜੋ ਫਲ ਓਹ ਪਾਂਦੇ ਪਏ
ਹੈਨ ਸਾਰੇ ਲੋਕ ਦੇਖਦੇ ਪਏ ਹੈਨ ਰੀਤੀ ਅਨੁਸਾਰ ਚਲਨਾ
ਦੇ ਸਬਬ ਉਨ੍ਹਾਂ ਨੂੰ ਲੋਕ ਅਪਨੇ ਮੂੰਹੋਂ ਬੜੇ ਸਿਆਨੇ ਤੇ
ਹਿਕਮਤੀ ਪਏ ਕੈਹਿੰਦੇ ਨੇ ਤੇ ਉਨ੍ਹਾਂ ਦੀਆਂ ਬਨਾਈਆ
ਹੋਈਆਂ ਕਲਾ ਅਥਵਾ ਚੀਜਾਂ ਨੂੰ ਭੀ ਬੜੀ ਹੈਰਾਨਗੀ ਨਾਲ
ਦੇਖਦੇ ਨੇ ਮੱਲਾ ਏਹ ਭਾਰਥ ਵਰਸ਼ ਜੇਹੜਾ ਸਾਰਿਆਂ ਦੇਸ਼ਾਂ
ਨਾਲੋਂ ਬੜਿਆਂ ਬੁਧੀਵਾਨਾ ਤੇ ਵਿਦਿਆਵਾਨਾ ਦਾ ਨਿਵਾਸ
ਸਥਾਨ ਸੀ ਤੇ ਜਿਥੇ ਦੂਸਰਿਆਂ ਦੇਸ਼ਾਂ ਦੇ ਵਿਦਵਾਨ ਆਕੇ
ਵਿਦਿਆ ਤੇ ਵਿਧੀ ਸਿੱਖ ਕੇ ਜਾਂਦੇ ਹੁੰਦੇ ਸਨ ਓਹ ਐਸੀ
ਮੰਦ ਅਵਸਥਾ ਨੂੰ ਪਹੁੰਚ ਗਿਆ ਹੈ ਕੇ ਸਾਰੇਉਸਦੇ ਰੇਹਨ
ਵਾਲਿਆਂ ਨੂੰ ਹੁਣ ਜੰਗਲੀ ਸੱਦਦੇ ਹੈਨ ਸੋ ਏਹਦਾ ਸਬੱਬ
ਹੋਰ ਕੋਈ ਨਹੀਂ, ਖਾਲੀ ਭਾਰਥ ਵਾਸੀਆਂ ਨੇ ਅਪਨੇ ਦੇਸ਼
ਤੇ ਧਰਮ ਦੇ ਉੱਤਮ ੨ ਵਿਵਹਾਰ ਅਥਵਾ ਰੀਤੀਆਂ ਦੇ ਤਿਆ-
ਗਨ ਕਰਕੇ ਏਹ ਪਦਵੀ ਪਾਈ ਹੈ, ਇਸ ਦੇਸ਼ਵਿਚ ਵਿਦਯਾ

ਦੇ ਪੁਸਤਕ ਬ੍ਰਾਹਮਣ ਜਾਤੀ ਪਾਸ ਹੁੰਦੇ ਸਨ ਤੇ ਰਾਜੇ ਮਹਾਰਾਜੇ ਸਦਾ ਹੀ ਵਿਦਵਾਨਾਂ ਦਾ ਮਾਨ ਤੇ ਸਤਕਾਰ ਕਰਦੇ ਸਨ ਉਸ ਮਾਨ ਤੇ ਸਤਕਾਰ ਦੇ ਲਾਲਚ ਨੇ ਬ੍ਰਾਹਮਨ ਸੰਤਾਨ ਵਿਚ ਅਭਮਾਨ ਉਤਪੰਨ ਕਰ ਦਿੱਤਾ ਫੇਰ ਤਾਂ ਓਹ ਬਿਨਾਂ ਵਿਦਿਆ ਹੀ ਅਪਨੀ ਸਤੁਤੀ ਤੇ ਮਾਨ ਦੀ ਚਾਹ ਕਰਨ ਲਗ ਪਏ ਤੇ ਬੜੇ ਬੜੇ ਅੱਛੇ ਪੁਰਸ਼ਾਂਨੂੰ ਬਿਨਾਂ ਚੂਕ ਸਰਾਪ ਦੇਵਨ ਤੇ ਕੋਸਨਾ ਅਪਨਾ ਪਰਮ ਧਰਮ ਸਮਝ ਲਿਆ। ਇਸ ਤਰ੍ਹਾਂ ਲੋਕਾਂ ਨੇ ਦੋ ਦੋ ਚਾਰ ਚਾਰ ਵਾਰੀ ਜਦ ਅਪਨੀ ਅਪਨੀ ਹਾਨਤਾਂ ਹੁੰਦੀ ਦੇਖੀ ਤਾਂ ਫੇਰ ਉਨਹਾਂ ਨੇ ਭੀ ਅਪਨੇ ਆਚਾਰ ਉਲਟੇ ਕਰ ਦਿਤੇ ਅਥਵਾ ਮਾਨ ਪਰਤਿਸ਼ਠਾ ਕਰਨਾ ਛਡ ਦਿਤਾ ਕੁਛਕੂ ਸਮਾਂ ਪਾਕੇ ਉਨਹਾਂ ਵਿਚੋਂ ਕੁਛਕੁ ਲਾਲਚੀ ਪੁਰਸ਼ਾਂ ਨੇ ਅਪਨੀ ਸੰਤਾਨ ਦੀ ਮੰਦ ਅਵਸਥਾ ਦੇਖ ਕੇ ਤੇ ਧਰਮ ਵਿਰੁਧ ਪੁਸਤਕ ਰਚ ਦਿਤੇ ਜਿਨਹਾਂ ਵਿਚ ਸਾਰਾ ਏਹ ਗਿਆਨ ਹੀ ਭਰਿਆ ਹੋਇਆ ਹੈ ਕੇ ਸਿਵਾ ਬ੍ਰਹਮਣ ਦੇ ਦਿਤੇ ਯਾ ਪੂਜੇ ਦੇ ਕੋਈ ਕੰਮ ਮਾੜਾ ਅਥਵਾ ਚੰਗਾ ਨਹੀਂ ਕਰਨਾ ਚਾਹੀਦਾ ਮੱਲਾ ਤੁਸੀਂ ਸਭ ਪਏ ਦੇਖਦੇ ਹੋ ਕੇ ਭਾਵੇਂ ਕਿਸੇ ਮਾਂ ਦਾ ਜੁਆਨ ਪੁੱਤਰ ਅਥਵਾ ਕਿਸੇ ਇਸਤਰੀ ਦਾ ਜੁਆਨ ਭਰਤਾ ਕਾਲ ਵਸ ਹੋ ਜਾਵੇ ਤਾਂ ਭੀ ਬ੍ਰਾਹਮਣ ਜਾਤੀ ਅਪਨੇ ਟਰੋ ਨਹੀਂ ਛਡੇਗੀ, ਉਸ ਵੇਲੇ ਬੁਧੀਮਾਨ ਪੁਰਸ਼ ਸਮਝ ਜਾਂਦੇ ਨੇ ਕੇ ਕਿਥੋਂ ਤਾਕਨ ਲਾਲਚ ਨੇ ਇਨਹਾਂ ਲੋਗਾਂ ਨੂੰ ਵਿਧਿ ਹੀਨ ਕਰ ਦਿੱਤਾ ਹੈ ਮੱਲਾ ਤੂੰ ਨਹੀਂ ਸੁਨਿਆ

ਹੋਇਆ ਕੇ ਸਾਡੇ ਦੇਸ ਵਿਚ ਅਜ ਤਕ ਲੋਕ ਏਹ ਅਖਾਨ ਦੇਂਦੇ ਹੁੰਦੇ ਨੇ ਕੇ ਆਪ ਤੇ ਮੁਇਓਂ ਬਾਹਮਨਾਂ ਜਜਮਾਨ ਭੀ ਗਾਲੇ ਸੋ ਏਹ ਗਲ ਠੀਕ ਹੈ ਕਿਉਂ ਜਦ ਬਰਾਹਮਣ ਜਾਤੀ ਨੇ ਵੇਦ ਸ਼ਾਸਤਰਾਂ ਦੀ ਵਿੱਦਜਾ ਨੂੰ ਛਿਪਾ ਦਿੱਤਾ ਹੈ ਤੇ ਅਪਨੇ ਹੀ ਮਤਲਬ ਦੇ ਗਰੰਥ ਰਚ ਕੇ ਪੜਹਨ ਪੜਹਾਣ ਲਗ ਪਏ ਤਾਂ ਫੇਰ ਆਪ ਭੀ ਗਾਲੇ ਤੇ ਜਜਮਾਨਾ ਨੂੰ ਭੀ ਗਾਲਿਆ ਸੋ ਹੁਣ ਮੱਲਾ ਕੁਛ ਥੋੜਿਆਂ ਪੜਿਹਿਆ ਹੋਇਆਂ ਨੂੰ ਜਦ ਅੰਗਰੇਜੀ ਫਾਰਸੀ ਦੇ ਪੁਸਤਕ ਪੜਹ ਕੇ ਤੇ ਵਿਚਾਰ ਹੋਈ ਤੇ ਦਲੀਲਾਂ ਦੇ ਦੇ ਕੇ ਲਗੇ ਅਪਨੇ ਰਵਾਜੀ ਗੱਲਾਂ ਰਸਮਾਂ ਨੂੰ ਬੁਰਾ ਤੇ ਇਨ੍ਹਾਂ ਭੈੜੀਆਂ ਚਾਲੀਆਂ ਵਲੋਂ ਦਿਲ ਮੋੜਕੇ ਤੇ ਹੋਰਨਾਂ ਦੀਆਂ ਰਸਮਾਂ ਰਵਾਜਾਂ ਨੂੰ ਭਲਾ ਸਮਝਨ ਤਾਂ ਫੇਰ ਸੱਚੀ ਵਿੱਦਜਾ ਨੇ ਉਨਹਾਂ ਨੂੰ ਆ ਅਪਨੇ ਅਸਲੀਤੇਸੱਚੇ ਸਾਡੇ ਗਰੰਥਾਂ ਦੇ ਦੇਖਨ ਵਾਸਤੇ ਉਪਦੇਸ਼ ਕੀਤਾ ਜਦ ਉਨਹਾਂ ਨੇ ਅਪਨੇ ਸੱਤ ਪੁਸਤਕ ਦੇਖੇ ਤਾਂਤੇ ਫੇਰ ਅੱਖੀਆਂ ਖੁਲ ਪਈਆ ਤੇ ਸਾਰਾ ਢੋਲ ਦਾ ਪੋਲ ਮਾਲੂਮ ਹੋਗਿਆ ॥

ਹੁਣ ਓਹ ਲੋਗ ਯਤਨ ਕਰਦੇ ਨੇ ਕੇ ਭਾਰਥਵਰਸ਼ ਫੇਰ ਅਪਨੀ ਪਹਿਲੀ ਅਵਸਥਾ ਨੂੰ ਪਹੁੰਚੇ ਤੇ ਬ੍ਰਾਹਮਣ ਤੇ ਵਿਦਵਾਨ ਪੁਰਸਾਂ ਦਾ ਨਿਵਾਸ ਸਥਾਨ ਬਨੇ ਪਰ ਭਾਰਥਵਰਸ਼ ਦੀਆਂ ਵਿਦਿਆ ਹੀਨ ਇਸਤਰੀਆਂ ਤੇ ਪੁਰਸ਼ ਕੁਛ ਬਨਨ ਨਹੀਂ ਦੇਂਦੇ ਸੋ ਪੁੱਤਰ ਹੌਲੀ ਹੌਲੀ ਜਿਸ ਵੇਲੇ ਵਿਦਿਆ

ਨੇ ਇਨਹਾਂ ਇਸਤਰੀਆਂ ਦੇ ਦਿਲਾਂ ਨੂੰ ਸ਼ੁੱਧ ਕੀਤਾ ਤੇ ਇਸ ਝੂਠੇ ਜਾਲ ਦੇ ਧਾਗਿਆਂ ਨੂੰ ਤੋੜਿਆ ਤਾਂ ਫੇਰ ਕੁਛ ਉੱਨਤੀ ਹੋਵੇਗੀ । ਜਦ ਤਕ ਭਾਰਥ ਵਰਸ਼ ਦੀਆਂ ਇਸਤਰੀਆਂ ਨੂੰ ਵਿਦਿਆ ਨਹੀਂ ਪੜਹਾਵਨਗੇ ਯਾਂ ਨਾ ਪੜਹਨ ਗੀਆਂ ਤਦ ਤਕ ਕੁਛ ਨਹੀਂ ਬਨਦਾ ਕਿਉਂ ਜੋ ਸਨਤਾਨ ਵਿਚ ਮਾਤਾ ਗਿਆਨ ਤ੍ਰੈਨ ਹਿੱਸੇ ਤੇ ਪਿਤਾ ਗਿਆਨ ਇਕ ਹਿੱਸਾ ਹੁੰਦਾ ਹੈ । ਸੋ ਮੇਰੀ ਪਰਾਰਥਨਾਂ ਸਭਨਾ ਭਾਰਥ ਵਾਸੀਆਂ ਅਗੇ ਏਹੀ ਹੈ ਕੇ ਅਪਨੀਆਂ ਧੀਆਂ ਭੈਨਾ ਤੇ ਮਾਛਾਂ ਨੂੰ ਵਿਦਿਆ ਬੋਧ ਜਰੂਰ ਕਰਵਾਨਾ ਇਸ ਜੇਡਾ ਨਾ ਕੋਈ ਪੁੰਨ ਨਾ ਦਾਨ ਤੇ ਨਾਹੀਂ ਕੋਈ ਯੱਗਜ ਹੈ ਬੱਸ ਸੱਤ ਵਿੱਦਿਆ ਦਾ ਸੂਰਜ ਇਸ ਤਿਮਰ ਅਗਿਆਨ ਨੂੰ ਥੋੜੇ ਹੀ ਸਮੇਂ ਵਿਚ ਦੂਰ ਕਰਦੇਗਾ ਤਾਂ ਸ਼ਾਂਤੀ ਸ਼ਾਂਤੀ ਸ਼ਾਂਤੀ । ਬੱਸ ਹੁਣ ਸਾਨੂੰ ਆਗਿਆ ਦਿਓ ਇਤਨਾ ਕੈਹਕੇ ਤੇ ਭੋਜਨ ਪਾਕੇ ਓਹ ਤ੍ਰੈਨ ਹੀ ਟਿਕਟ ਲੈ ਕੇ ਤੇ ਕੁਇਟੇ ਚਲੇ ਗਏ ॥

ਜਾਂਦੀ ਵਾਰੀ ਕੈਹ ਗਈ ਈਸ਼ੁਰ ਦੀ ਇਛਿਆ ਮੈਂ ਇਸ ਜੀਵਨ ਤੋਂ ਲਾਚਾਰ ਹਾਂ ਤੇ ਚਾਹੁੰਦੀ ਹਾਂ ਕੇ ਈਸ਼ੁਰ ਕਿਸੇ ਤਰ੍ਹਾਂ ਮੌਤ ਦੇਵੇ ਇਸ ਭਾਰਥਵਰਸ਼ ਵਿਚ ਕੋਈ ਇਸਤਰੀ ਬਿਨਾਂ ਪਤੀ ਨਾ ਹੋਵੇ ਓਹ ਬੜੀਆਂ ਚੰਗੀਆਂ ਹੁੰਦੀਆਂ ਸਨ ਜੇਹੜੀਆਂ ਵਿਧਵਾ ਹੁੰਦਿਆਂ ਹੀ ਅਪਨਿਆਂ ਪਤੀਆਂ ਦੇ ਨਾਲ ਸਤੀਆਂ ਹੋ ਜਾਂਦੀਆਂ ਸਨ ਹੁਣ ਇਸ ਰਾਜ ਵਿਚ ਲੋਕ ਨਾ ਤੇ ਸਤੀ ਹੋਵਣ ਦੀ ਰਸਮ ਨੂੰ ਪਸੰਦ

ਕਰਦੇ ਨੇ ਨਾਂ ਪੁਨਰ ਵਿਵਾਹ ਨੂੰ ਜਿਸ ਕਾਰਣ ਭਾਰਥ ਦੀਆਂ ਵਿਧਵਾ ਇਸਤਰੀਆਂ ਅਤੀ ਦੁਖੀ ਹੋਕੇ ਹਰਵੇਲੇ ਈਸ਼ੁਰ ਪਾਸੋਂ ਭਾਰਤਵਾਸੀ ਪੁਰਸ਼ਾਂ ਦੇ ਵਾਸਤੇ ਦੁਖੀ ਰੈਹਨਾ ਹੀ ਮੰਗਦੀਆਂ ਰੈਹਿੰਦੀਆਂ ਹਨ । ਸੋ ਮੱਲਾ ਕਿਸੇ ਦਿਨ ਭਾਰਥ ਦਾ ਏਹ ਹਾਲ ਹੋਵੇਗਾ ਕੇ ਘਰ ਘਰ ਜੀਵ ਇਸੇ ਦੁਖ ਨਾਲ ਦੁਖੀ ਹੋਵਨਗੇ ॥

ਬਸ ਹੁਨ ਨਮਸਤੇ ॥

॥ ਇਤਿ ਸਮਾਪਤ ॥

ਭਾਈ ਦਯਾਸਿੰਘ ਕੁਤਬ ਫਰੋਸ਼ ਲੁਹਾਰੀ ਦਰਵਾਜਾ ਲਾਹੌਰ ਕੀ ਦੁਕਾਨ ਕਾ ਸੰਖੇਪ ਸੂਚੀ ਪਤ੍ਰ॥

ਆਸਾ ਦੀ ਵਾਰ ਸਟੀਕ ਕ੍ਰਿਤ ਭਾਈ ਨਿਹਾਲ ਸਿੰਘ ਗਿਆਨੀ ।੶)

ਵੈਰਾਗ ਸ਼ਤਕ ਸਟੀਕ ... ॥)

ਪ੍ਰਹਿਲਾਦ ਲੀਲਾ ਕ੍ਰਿਤ ਰਾਮਲਾਲ ੴ)

ਹਰਿ ਚੰਦ ਲੀਲਾ ਕ੍ਰਿਤ ਰਾਮਲਾਲ ੴ)

ਗੁਰ ਉਪਕਾਰ ਵਡਾ ਜਿਸ ਵਿਚ ਦਸਾਂ ਪਾਤ ਸ਼ਾਹੀਆਂ ਦਾ ਜੀਵਨ ਚਰਿਤ੍ਰ ਕ੍ਰਿਤ ਭਾਈ ਦਿਆਲ ਸਿੰਘ ਸਾਧੂ ... ... ੴ)

੪੬ ਕਰਾਮਾਤਾਂ ਗੁਰੁ ਰਾਮ ਰਾਇ ...)॥

ਪ੍ਰਸੰਗ ਬਾਬਾ ਅਟਲ ਰਾਇ ਜੀ ...)॥

ਪ੍ਰਸੰਗ ਧਨਾ ਭਗਤ ਜੀ ਕ੍ਰਿਤ ਕਸ਼ਮੀਰਾ ਸਿੰਘ ਜੀ ...)॥

ਬਾਲ ਸਿਖਜਾ ਕ੍ਰਿਤ ਭਾਈ ਮਖੱਣ ਸਿੰਘ ਜੀ ... .)॥

ਪੈਂਤੀਸ ਅਖਰੀ ਕ੍ਰਿਦ ਬਾਬਾ ਕਸ਼ਮੀਰਾ ਸਿੰਘ ... ...)॥

ਸੋਹਣੀ ਜੋਧ ਸਿੰਘ ਦੀ ਕਥਿੱਤਾਂ ਵਿਖੇ ।੶)

ਲਾਵਣੀਆਂ ਗੁਰ ਉਪਕਾਰ ... ...)॥

ਰੂਪ ਬਸੰਤ .... ੴ)

ਸਿਹਰਫ਼ੀ ਹੀਰ ....)॥।

ਮਹਾ ਰਿਖੀ ਬਾਲਮੀਕ ....)॥

ਚਰਖੇ ਨਾਮਾ ....)॥

ਇਸਤ੍ਰੀ ਰਤਨ ... . ।੶)

ਇਸਤ੍ਰੀ ਦਸ਼ਾ .... ।)

ਇਸਤ੍ਰੀ ਸੁਧਾਰ ... . ॥੶)

ਇਸਤ੍ਰੀ ਸਿਖਜਾ ੬ ਭਾਗ ਕਾਮਲ ।੶)

ਸੁਖਵਤੀ ਚਿੰਤਾ ਵਤੀ ਦੋਹਾਂ ਭੈਣਾਂ ਦੀ ਕਥਾ ... .)॥

ਸੁਸ਼ੀਲਾ ਘਰ ਕੇ ਕੰਮਾ ਕੇ ਤਰੀਕੇ ...)॥

ਪਤਿ ਬ੍ਰਤ ਧਰਮ ....)॥।

ਸੁੰਦ੍ਰੀ ... ... ।ੴ)

ਜੇ ਇਹ ਹਾਲ ਰਹਿਆ ਤਾਂ ਅਸੀਂ ਡੁੱਬੇ ... ...)॥

ਏਹ ਤਾਂ ਗਰਕੀ ਆਈ ... ...)॥

ਕਾਲ ਸਮੇ ਦੀ ਵਾਰਤਾ ... ...)॥।

ਪੰਜ ਗ੍ਰੰਥੀ ਪਤਲਾ ਕਾਗਜ ... ।੶)

ਪੰਜ ਗ੍ਰੰਥੀ ਮੋਟਾ ਕਾਗਜ਼ ਜਿਲਦ ਵਾਲੀ .... ॥੶)

ਪੰਜਗ੍ਰੰਥੀ ਬੜੀ ਮੋਟੀਤੇ ਮੋਟੇਅਖਰ ੧)

ਚੜ੍ਹਤਾਵਲੀ ਇਸਤ੍ਰੀਆਂ ਲਈ ... ॥।)

ਇਨਸ਼ਾ ਗੁਰਮੁਖੀ ਜਿਸ ਵਿਚ ਚਿੱਠੀ ਦੇ ਲਿਖਨੇ ਦਾ ਸਾਰਾ ਤ੍ਰੀਕਾ ਹੈ .... ੴ)॥

॥ ਹਿੰਦੀ ਕੇ ਪੁਸਤਕ ॥

ਨਾਰੀ ਸਿਖਜਾ ਪ੍ਰਵਰਤਕ ਪੁਰੀ ਹਿੰਦੀ ... ...੧/)॥

ਮਾਈ ਭਗਵਤੀ ਕੇ ਭਜਨ ਹਿੰਦੀ ⅇ)॥

ਭਗਵਤੀ ਵਡੀ ਇਸਤ੍ਰੀਆਂ ਲਈ ਹਿੰਦੀ .... ।।।)

ਇਸਤ੍ਰੀ ਅਨੁਸ਼ਾਸਨ ਜਿਸ ਵਿਚ ਕਸੀਦੇ ਕਢੱਨ ਦਾ ਹਾਲ ਹੈ ਹਿੰਦੀ ॥)

ਕਹਾਨੀਆਂ ਦੇ ਪੁਸਤਕ

ਕਿੱਸਾ ਹਾਤਮ ਤਾਈ ਯਾ ਸਭਾ ਸਿੰਗਾਰ ਵਿਚਲਾ ਟੈਪ ... ... ।ⅇ)

ਸਿੰਘਾਸਨ ਬੱਤੀਸੀ ੩੨ ਪੁਤਲਿਆਂ ਕੀ ਕਹਾਨੀਆਂ ... ... ⅇ)॥

ਬੈਤਾਲ ਪਚੀਸੀ ੨੫ ਕਹਾਣੀਆਂ ਬੈਤਾਲ ਜੀ ਕੀ ... ... ⅇ)

ਤੋਤਾ ਕਹਾਣੀ ੩੯ ਕਹਾਨੀਆਂ ਅਦਭੁਤ ਵਿਚਲਾ ਟੈਪ ... ।/)

ਅਲਫ਼ ਲੈਲਾ ਚਾਰੋ ਜਿਲਦਾਂ ਤਿਆਰ ਹੈ ਜਿਲਦ ਦਾਰ ੨।)

ਬੀਰਬਲ ਨਾਮਾ ਪਹਿਲਾ ਹਿੱਸਾ /)

ਬੀਰਬਲ ਨਾਮਾ ਦੂਸਰਾ ਹਿੱਸਾ)।।।

ਬਾਗੋ ਬਾਹਰ ਵਿਚਲਾ ਟੈਪ ।ⅇ)

ਕਿੱਸੇ

ਕਿੱਸਾ ਮਿਰਜਾ ਸਾਹਿਬਾਂ ਜੱਟਾਂ ਦੇ ਗਾਉਣ ਵਾਲਾ)।।।

ਪੂਰਨਭਗਤ ਕਾਦਰਯਾਰ ਕ੍ਰਿਤ ਵਿਚਲਾ ਟੈਪ)।।।

ਪੂਰਨਭਗਤ ਨੰਦ ਸਿੰਘ ਕ੍ਰਿਤ ⅇ)

ਪੂਰਨਭਗਤ ਬਾਲਕ ਰਾਮ ਕਾ ਵਿਚਲਾ ਟੈਪ ।/)

ਪੂਰਨ ਕਿਸ਼ਨਸਿੰਘ ਵਿਚਲਾ ਟੈਪ ⅇ)

ਕਿੱਸਾ ਰਾਜਾ ਰਸਾਲੂ ਵਿਚਲਾ ਟੈਪ ਕ੍ਰਿਤ ਕਿਸ਼ਨਸਿੰਘ ⅇ)

ਹਕੀਕਤਰਾਇ ਧਰਮੀ ਗੰਗਾਰਾਮ ਕ੍ਰਿਤ ਵਿਚਲਾ ਟੈਪ /)

ਹਕੀਕਤਰਾਇਧਰਮੀ ਅਗਰੇਵਾਲਾ /)॥

ਹਕੀਕਤਰਾਇ ਕਾਲੀ ਦਾਸ ਵਿਚਲਾ ਟੈਪ ⅇ)

ਹੀਰ ਵਾਰਸਸ਼ਾਹ ਵਡੀ ਵਿਚਲਾਟੈਪ ।/)

ਹੀਰ ਵਾਰਸਸ਼ਾਹ ਵੱਡੀ ਛੋਟਾ ਟੈਪ ।)

ਹੀਰ ਫਜ਼ਲਸ਼ਾਹ ਵਿਚਲਾ ਟੈਪ ੧ⅇ)

ਹੀਰ ਭਗਵਾਨਸਿੰਘ ਵਿਚਲਾ ਟੈਪ ।)॥

ਹੀਰ ਭਗਵਾਨ ਸਿੰਘ ਛੋਟੀ ⅇ)

ਹੀਰ ਜੋਗਸਿੰਘ ਵਿਚਲਾ ਟੈਪ ਕਥਿੱਤਾਂ ਵਿੱਚ ⅇ)

ਕਿੱਸਾ ਸ਼ਾਹਬੈਰਾਮ ਵਿਕਲਾ ਟੈਪ ਅਮਾਮ ਬਖਸ਼ ਕ੍ਰਿਤ ⅇ)

ਸੋਹਨੀ ਕ੍ਰਿਤਭਾਈ ਜੋਧਸਿੰਘ ⅇ)।

ਵਿਚਾਰ ਪਤ੍ਰ

ਪਰਗਟ ਹੋਵੇ ॥ ਇਸ ਪੁਸਤਕ ਵਿਚ ਇਕ ।. ਸਭ
ਦਾ ਜਨਮ ਤੋ ਲੈਕੇ ਮਰਨ ਪਰਯੰਤ ਸਾਰੀ ਅਵਸਥਾ ਦਿ ਸਭ
ਵਰਨਨ ਕੀਤੀ ਗਈ ਹੈ ਕੇ ਜਿਸਦੇ ਪੜਹਨ ਨਾਲ ਹਰ ਇ
ਲਾਹਰ ਵਾਲੀ ਨੂੰ ਅਪਨੀ ਭੈਨ ਕਨਿਆ ਅਥਵਾ ਮਾਈ ਨੂੰ ਪ
ਜਾਨ ਯਾ ਸੁਨਾਨ ਦੀ ਚੇਸਟਾ ਜਰੂਰ ਹੁੰਦੀ ਹੈ ॥ ਆਸ਼ਾ ਹੈ
ਸਭ ਸਜਨ ਪੁਰਸ ਇਕ ਇਕ ਜਿਲਦ ਖਰੀਦ ਕੇ ਅਪਨੇ ਘ
ਜਰੂਰ ਰਖਨ ਗੇ ॥ ਤੇ ਓਹੋ ਪੁਰਸ ਜਿਨਾਂ ਦਾ ਏਹ ਖਿਆਲ
ਕੇ ਭਾਰਥ ਦੀ ਇਸਤਰੀਆਂ ਵਿਦਿਆ ਵਾਨ ਹੋਵਨ ਜਰੂਰ ਕ
ਜਿਲਦਾਂ ਖਰੀਦ ਕੇ ਤੇ ਉਨ੍ਹਾ ਕਨਿਆਂ ਨੂੰ ਦਾਨ ਦੇਵਨ ਜਿਨ੍ਹਾ
ਖਰੀਦਨ ਦੀ ਤਾਕਤ ਨਹੀਂ ॥ ਇਸਥੋਂ ਬੜਾ ਉਪਕਾਰ ਕੋਈ ਨਹੀ
ਸਾਡੇ ਦੇਸ ਦੀਆਂ ਇਸਤਰੀਆਂ ਨੂੰ ਅਜੇ ਤਾਕਨ ਇਤਨੀ ਵਿ
ਦਿਆ ਅਥਵਾ ਗਿਆਨ ਨਹੀ ॥ ਕੇ ਸਚੀ ਪੂਜਾ ਕੇਹੜੀ ਹੈ
ਮਾਤਾ ਪਿਤਾ ਭੈਨ ਭਾਈ ਸਸ ਨਨਾਨ ਅਥਵਾ ਪਤੀ ਵਾ ਮਾ
ਸਤਕਾਰ ਕਿਸਤਰ੍ਹਾਂ ਕਰਨਾ ਯੋਗ ਤੇ ॥ ਇਸ ਕਤਾਬਦੇ ਪੜਹ
ਅਥਵਾ ਸੁਨਨ ਨਾਲ ਕਿਸੇ ਗਲ ਦੀ ਲੋੜ ਨਹੀ ਰੈਹੰਦੀ
ਛੋਟੀ ਕਨਿਆਂ ਦੇ ਵਾਸਤੇ ਏਹ ਪੁਸਤਕ ਮਾਤਾ ਦੀ ਜਗਾਹ ਹੈ

gelmet
Pilot Project

ਤੇ ਭਾਈ ਦਯਾ ਸਿੰਘ ਪੁਸਤਕਾਂ ਵਾਲਾ ਲੋਹਾਰੀ
ਦਰਵਾਜੇ ਲਾਹੌਰ ਵਾਲੇ ਪਾਸੋਂ ਮਿਲ ਸਕਦੀ ਹੈ

ਹਸਤ ਅਖਰ ਬੂਟਾਮਲ ਚਿਚੜਾ ॥